@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 5 February 2025
VISIT: www.qaumipatrika.org
Email: qpatrika@gmail.com
Punjabi National Daily
Qaumi Patrika NO.1
ਨਵੀਂ ਦਿੱਲੀ: ਬੁੱਧਵਾਰ 5 ਫਰਵਰੀ 2025, 21 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 86, qpatrika@gmail.com ਫੋਨ : 9971359517 www.qaumipatrika.org

## ਜਦੋਂ ਭੁੱਬਾਂ ਮਾਰ ਕੇ ਰੋਣ ਲੱਗ ਪਏ ਸੰਸਦ ਮੈਂਬਰ ਅਵਧੇਸ਼ ਪ੍ਰਸਾਦ, ਅਸਤੀਫ਼ਾ ਦੇਣ ਦੀ ਦਿੱਤੀ ਧਮਕੀ

ਅਯੁੱਧਿਆ 4 ਫਰਵਰੀ। ਉੱਤਰ ਪ੍ਰਦੇਸ਼ ਦੇ ਅਯੁੱਧਿਆ 'ਚ 3 ਦਿਨਾਂ ਤੋਂ ਗਾਇਬ ਮੁਟਿਆਰ ਦੀ ਲਾਸ਼ ਨਗਨ ਹਾਲਤ 'ਚ ਮਿਲਣ ਤੋਂ ਬਾਅਦ ਸਿਆਸਤ ਤੇਜ਼ ਹੋ ਗਈ ਹੈ। ਸਮਾਜਵਾਦੀ ਪਾਰਟੀ (ਸਪਾ) ਮੁਖੀ ਅਖਿਲੇਸ਼ ਯਾਦਵ ਦੀ ਪੋਸਟ ਤੋਂ ਬਾਅਦ ਹੁਣ ਅਯੁੱਧਿਆ ਦੇ ਸੰਸਦ ਮੈਂਬਰ ਅਵਧੇਸ਼ ਪ੍ਰਸਾਦ ਨੇ ਵੀ ਮੋਰਚਾ ਖੋਲ੍ਹ ਦਿੱਤਾ ਹੈ। ਪ੍ਰੈੱਸ ਕਾਨਫਰੰਸ ਦੌਰਾਨ ਉਹ ਗੱਲ ਕਰਦੇ-ਕਰਦੇ ਭਾਵੁਕ ਹੋ ਗਏ ਅਤੇ ਦਲਿਤ ਕੁੜੀ ਦੇ ਜਬਰ-ਜ਼ਿਨਾਹ ਦੀ ਘਟਨਾ 'ਤੇ ਭੁੱਬਾਂ ਮਾਰ ਕੇ ਰੋਣ ਲੱਗੇ। ਉਹ ਬੋਲੇ- 'ਹੇ ਰਾਮ ਆਪ ਕਹਾਂ ਹੋ?' ਉਨ੍ਹਾਂ ਕਿਹਾ ਕਿ ਲੋਕ ਸਭਾ 'ਚ ਅਸੀਂ ਪੀ. ਐੱਮ. ਨਰਿੰਦਰ ਮੋਦੀ ਦੇ ਸਾਹਮਣੇ ਗੱਲ ਰੱਖਾਂਗੇ। ਜੇ ਇਨਸਾਫ ਨਾ ਮਿਲਿਆ ਤਾਂ ਮੈਂ ਲੋਕ ਸਭਾ ਤੋਂ ਅਸਤੀਫਾ ਦੇ ਦੇਵਾਂਗੇ। ਅਯੁੱਧਿਆ ਤੋਂ ਸੰਸਦ ਮੈਂਬਰ ਨੇ ਕਿਹਾ ਕਿ ਅਸੀਂ ਧੀ ਦੀ ਇੱਜ਼ਤ ਬਚਾਉਣ 'ਚ ਅਸਫ਼ਲ ਰਹੇ ਹਾਂ। ਕਿਵੇਂ ਇਹ ਧੀ ਦੇ ਨਾਲ ਹੋ ਗਿਆ ? ਸਾਨੂੰ ਇਤਿਹਾਸ ਕੀ ਕਹੇਗਾ ? ਇਸ ਦੌਰਾਨ ਉਨ੍ਹਾਂ ਦੇ ਸਮਰਥਕ ਉਨ੍ਹਾਂ ਨੂੰ ਹੌਸਲਾ ਦਿੰਦੇ ਰਹੇ। ਦਰਅਸਲ ਇਸ ਮਾਮਲੇ 'ਤੇ ਸਪਾ ਸੰਸਦ ਮੈਂਬਰ ਅਵਧੇਸ਼ ਪ੍ਰਸਾਦ ਨੇ ਪ੍ਰੈੱਸ ਕਾਨਫਰੰਸ ਕੀਤੀ ਸੀ ਅਤੇ ਦਲਿਤ ਕੁੜੀ ਦੇ ਕਤਲ 'ਤੇ ਉਹ ਪ੍ਰੈੱਸ ਕਾਨਫਰੰਸ ਕਰਦਿਆਂ ਫੁਟ-ਫੁਟ ਕੇ ਰੋਣ ਲੱਗ ਪਏ। ਦੱਸ ਦੇਈਏ ਕਿ ਅਯੁੱਧਿਆ ਵਿਚ ਦਲਿਤ ਕੁੜੀ ਨਾਲ ਜਬਰ-ਜ਼ਿਨਾਹ ਦੀ ਘਟਨਾ ਵਾਪਰੀ। ਪੁਲਸ ਨੂੰ ਕੁੜੀ ਦੀ ਲਾਸ਼ ਨੇੜੇ ਖੂਨ ਨਾਲ ਲੱਥਪੱਥ ਕੱਪੜੇ ਵੀ ਮਿਲੇ ਹਨ। ਇਸ ਤੋਂ ਬਾਅਦ ਪੁਲਸ ਨੇ ਸ਼ੱਕ ਜ਼ਾਹਰ ਕੀਤਾ ਸੀ ਕਿ ਬੱਚੀ ਨਾਲ ਜਬਰ-ਜ਼ਿਨਾਹ ਮਗਰੋਂ ਕਤਲ ਕੀਤਾ ਗਿਆ ਹੈ। ਸੂਚਨਾ ਮਿਲਣ ਦੇ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਇਸ ਮਾਮਲੇ 'ਚ ਇਕ ਨੌਜਵਾਨ ਨੂੰ ਵੀ ਹਿਰਾਸਤ 'ਚ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਗਰੀਬਾਂ ਦੀਆਂ ਝੌਂਪੜੀਆਂ 'ਚ ਫੋਟੋ ਸੈਸ਼ਨ ਕਰਵਾਉਣ ਵਾਲਿਆਂ ਨੂੰ ਗਰੀਬਾਂ ਦੀ ਗੱਲ 'ਬੋਰਿੰਗ' ਹੀ ਲੱਗੇਗੀ : ਪੀ.ਐੱਮ. ਮੋਦੀ

**ਸਿਮੀ ਕੌਰ ਬੱਬਰ**

ਨਵੀਂ ਦਿੱਲੀ 4 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 'ਤੇ ਅਸਿੱਧੇ ਤੌਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜਿਹੜੇ ਲੋਕ ਗਰੀਬਾਂ ਦੀਆਂ ਝੌਂਪੜੀਆਂ 'ਚ ਫੋਟੋ ਸੈਸ਼ਨ ਕਰਵਾ ਕੇ ਆਪਣਾ ਮਨੋਰੰਜਨ ਕਰਦੇ ਹਨ, ਉਨ੍ਹਾਂ ਨੂੰ ਸੰਸਦ 'ਚ ਗਰੀਬਾਂ ਦੀ ਗੱਲ ਬੋਰਿੰਗ ਹੀ ਲੱਗੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਲਿਆਂਦੇ ਗਏ ਧੰਨਵਾਦ ਪ੍ਰਸਤਾਵ 'ਤੇ ਚਰਚਾ ਦਾ ਜਵਾਬ ਦਿੰਦੇ ਹੋਏ ਇਹ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਗਰੀਬਾਂ ਨੂੰ ਅਸਲੀ ਵਿਕਾਸ ਦਿੱਤਾ ਹੈ, ਝੂਠੇ ਨਾਅਰੇ ਨਹੀਂ। ਉਨ੍ਹਾਂ ਕਿਹਾ,"ਇਹ ਮੇਰਾ ਵੱਡਾ ਸੁਭਾਗ ਹੈ ਕਿ ਦੇਸ਼ ਦੇ ਲੋਕਾਂ ਨੇ ਮੈਨੂੰ 14ਵੀਂ ਵਾਰ ਰਾਸ਼ਟਰਪਤੀ ਦਾ ਧੰਨਵਾਦ ਕਰਨ ਦਾ ਮੌਕਾ ਦਿੱਤਾ ਹੈ। ਮੈਂ ਭਾਰਤ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ।" ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਨੇ ਭਵਿੱਖ ਦੇ 25 ਸਾਲ ਅਤੇ ਵਿਕਸਿਤ ਭਾਰਤ ਲਈ ਇਕ ਨਵਾਂ ਵਿਸ਼ਵਾਸ ਜਗਾਉਣ ਦੀ ਗੱਲ ਕੀਤੀ ਹੈ। ਪੀ.ਐੱਮ. ਮੋਦੀ ਦਾ ਕਹਿਣਾ ਸੀ ਕਿ ਰਾਸ਼ਟਰਪਤੀ ਦਾ ਸੰਬੋਧਨ ਵਿਕਸਿਤ ਭਾਰਤ ਦੇ ਸੰਕਲਪ ਨੂੰ ਮਜ਼ਬੂਤੀ



ਦੇਣ ਵਾਲਾ, ਨਵਾਂ ਵਿਸ਼ਵਾਸ ਪੈਦਾ ਕਰਨ ਵਾਲਾ ਅਤੇ ਆਮ ਲੋਕਾਂ ਨੂੰ ਪ੍ਰੇਰਿਤ ਕਰਨ ਵਾਲਾ ਹੈ। ਉਨ੍ਹਾਂ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਨਾਂ ਲਏ ਬਿਨਾਂ ਉਨ੍ਹਾਂ 'ਤੇ ਤੰਜ਼ ਕੱਸਦੇ ਹੋਏ ਕਿਹਾ,"ਕੁਝ ਆਗੂਆਂ ਦਾ ਫੋਕਸ ਜ਼ਕੂਜ਼ੀ 'ਤੇ, ਸਟਾਈਲਿਸ਼ ਸ਼ਾਵਰਾਂ 'ਤੇ ਹੈ ਪਰ ਸਾਡਾ ਫੋਕਸ ਹਰ ਘਰ ਪਾਣੀ ਪਹੁੰਚਾਉਣ 'ਤੇ ਹੈ।" ਉਨ੍ਹਾਂ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਭਾਸ਼ਣ ਤੋਂ ਬਾਅਦ 31 ਜਨਵਰੀ ਨੂੰ ਰਾਹੁਲ ਗਾਂਧੀ ਵਲੋਂ ਸੰਸਦ ਕੰਪਲੈਕਸ 'ਚ ਕੀਤੀ ਗਈ ਇਕ ਟਿੱਪਣੀ ਹਵਾਲਾ ਦਿੰਦੇ ਹੋਏ ਕਿਹਾ,"ਜੋ ਲੋਕ ਗਰੀਬਾਂ ਦੀਆਂ ਝੌਂਪੜੀਆਂ 'ਚ ਆਪਣਾ ਫੋਟੋ ਸੈਸ਼ਨ ਕਰਵਾ ਕੇ ਆਪਣਾ ਮਨੋਰੰਜਨ ਕਰਦੇ ਹਨ, ਉਨ੍ਹਾਂ ਨੂੰ ਸੰਸਦ 'ਚ ਗਰੀਬਾਂ ਦੀ ਗੱਲ ਬੋਰਿੰਗ ਹੀ ਲੱਗੇਗੀ।" ਪੀ.ਐੱਮ. ਮੋਦੀ ਨੇ ਕਿਹਾ ਕਿ 25 ਕਰੋੜ ਲੋਕਾਂ ਨੇ ਗਰੀਬੀ ਨੂੰ ਹਰਾ ਦਿੱਤਾ ਹੈ ਅਤੇ ਜਦੋਂ ਲੋਕ ਆਪਣਾ ਜੀਵਨ ਸਮਰਪਿਤ ਕਰਦੇ ਹਨ, ਉਦੋਂ ਇਹ ਸੰਭਵ ਹੁੰਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ,"ਅਸੀਂ ਗਰੀਬ ਨੂੰ ਝੂਠੇ ਨਾਅਰੇ ਨਹੀਂ, ਸੱਚਾ ਵਿਕਾਸ ਦਿੱਤਾ ਹੈ।" ਉਨ੍ਹਾਂ ਕਿਹਾ,"ਹੁਣ ਗਰੀਬਾਂ ਨੂੰ ਚਾਰ ਕਰੋੜ ਘਰ ਮਿਲੇ ਹਨ।"

## ਭਾਰਤ 'ਚ ਜਲਦ ਹੀ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੈਟਰੋ ਨੈੱਟਵਰਕ ਹੋਵੇਗਾ: ਮਨੋਹਰ ਲਾਲ

ਨਵੀਂ ਦਿੱਲੀ 4 ਫਰਵਰੀ। ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਮਨੋਹਰ ਲਾਲ ਨੇ ਕਿਹਾ ਹੈ ਕਿ ਭਾਰਤ ਕੋਲ ਜਲਦੀ ਹੀ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੈਟਰੋ ਨੈੱਟਵਰਕ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ 997 ਕਿਲੋਮੀਟਰ ਮੈਟਰੋ ਰੇਲ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ। ਇਹ ਜਾਣਕਾਰੀ ਵੀਰਵਾਰ ਨੂੰ ਇੱਕ ਅਧਿਕਾਰਤ ਬਿਆਨ ਵਿੱਚ ਦਿੱਤੀ ਗਈ। ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨਾਲ ਜੁੜੀ ਸੰਸਦ ਦੀ ਸਲਾਹਕਾਰ ਕਮੇਟੀ ਦੇ



ਮੈਂਬਰਾਂ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਸਰਕਾਰ ਦੇਸ਼ ਭਰ ਵਿੱਚ ਸ਼ਹਿਰੀ ਆਵਾਜਾਈ ਨੈੱਟਵਰਕ ਨੂੰ ਮਜ਼ਬੂਤ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਮਨੋਹਰ ਨੇ ਕਿਹਾ ਕਿ ਵਧਦੀ ਸ਼ਹਿਰੀ ਆਬਾਦੀ ਨਾਲ ਨਜਿੱਠਣ ਲਈ ਸ਼ਹਿਰੀ ਗਤੀਸ਼ੀਲਤਾ ਇੱਕ ਮਹੱਤਵਪੂਰਨ ਪਹਿਲੂ ਹੈ। ਉਨ੍ਹਾਂ ਕਿਹਾ ਕਿ ਭਾਰਤ ਕੋਲ ਜਲਦੀ ਹੀ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੈਟਰੋ ਨੈੱਟਵਰਕ ਹੋਵੇਗਾ ਉਨ੍ਹਾਂ ਕਿਹਾ ਕਿ ਦੇਸ਼ ਭਰ ਦੇ 23 ਸ਼ਹਿਰਾਂ ਵਿੱਚ ਲਗਭਗ 993 ਕਿਲੋਮੀਟਰ ਮੈਟਰੋ ਰੇਲ ਚੱਲ ਰਹੀ ਹੈ ਅਤੇ ਦੇਸ਼ ਭਰ ਦੇ 28 ਸ਼ਹਿਰਾਂ ਵਿੱਚ ਲਗਭਗ 997 ਕਿਲੋਮੀਟਰ ਨਿਰਮਾਣ ਅਧੀਨ ਹੈ... ਭਾਰਤ ਦੂਜੀ ਸਭ ਤੋਂ ਵੱਡੀ ਮੈਟਰੋ ਬਣਾਉਣ ਦੇ ਰਾਹ 'ਤੇ ਹੈ। ਮੰਤਰੀ ਨੇ ਕਿਹਾ ਕਿ ਮੀਟਿੰਗ ਵਿੱਚ ਭਾਗੀਦਾਰਾਂ ਨੂੰ ਮੈਟਰੋ ਰੇਲ ਨੀਤੀ 2017 ਅਤੇ ਦਿੱਲੀ ਮੈਟਰੋ, ਜੈਪੁਰ ਮੈਟਰੋ, ਪਟਨਾ ਮੈਟਰੋ ਅਤੇ ਲਖਨਊ ਮੈਟਰੋ ਸਮੇਤ ਸ਼ਹਿਰਾਂ ਵਿੱਚ ਮੈਟਰੋ ਨੈੱਟਵਰਕਾਂ ਬਾਰੇ ਜਾਣਕਾਰੀ ਦਿੱਤੀ ਗਈ। ਬਿਆਨ ਵਿੱਚ ਮੰਤਰਾਲੇ ਨੇ ਕਿਹਾ ਕਿ 'ਪੀਐਮ-ਈ-ਬੱਸ ਸੇਵਾ' 'ਤੇ ਵੀ ਚਰਚਾ ਕੀਤੀ ਗਈ ਅਤੇ ਕਿਹਾ ਕਿ ਇਹ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀਪੀਪੀ) ਮਾਡਲ 'ਤੇ 10,000 ਈ-ਬੱਸਾਂ ਤਾਇਨਾਤ ਕਰਕੇ ਸਿਟੀ ਬੱਸ ਸੰਚਾਲਨ ਨੂੰ ਵਧਾਉਣ ਦੀ ਇੱਕ ਯੋਜਨਾ ਹੈ।

# ਮਹਾਕੁੰਭ 'ਚ ਮਰਨ ਵਾਲਿਆਂ ਦੀ ਸਹੀ ਗਿਣਤੀ ਨਹੀਂ ਦੱਸੀ ਜਾ ਰਹੀ : ਰਾਹੁਲ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 4 ਫਰਵਰੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਮਹਾਕੁੰਭ 'ਚ ਮਚੀ ਭਾਜੜ ਨੂੰ ਕਈ ਦਿਨ ਲੰਘ ਗਏ ਪਰ ਹੁਣ ਤੱਕ ਮਰਨ ਵਾਲਿਆਂ ਦਾ ਸਹੀ ਅੰਕੜਾ ਨਹੀਂ ਦੱਸਿਆ ਗਿਆ ਹੈ। ਉਨ੍ਹਾਂ ਇਥੇ ਸਦਰ ਵਿਧਾਨ ਸਭਾ ਖੇਤਰ ਤੋਂ ਕਾਂਗਰਸ ਦੇ ਉਮੀਦਵਾਰ ਅਨਿਲ ਭਾਰਦਵਾਜ ਦੇ ਸਮਰਥਨ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ 'ਦਲਿਤ ਵਿਰੋਧੀ' ਹੋਣ ਦਾ ਦੋਸ਼ ਵੀ ਲਾਇਆ ਅਤੇ ਦਾਅਵਾ ਕੀਤਾ ਕਿ ਸਾਬਕਾ ਮੁੱਖ ਮੰਤਰੀ ਨੇ ਆਪਣੀ ਸਰਕਾਰ 'ਚ ਦਲਿਤ ਬੱਚਿਆਂ ਨੂੰ ਵਜ਼ੀਫ਼ਾ ਦੇਣ 'ਤੇ 25 ਲੱਖ ਰੁਪਏ ਖ਼ਰਚ ਕੀਤੇ ਪਰ ਉਸ 'ਤੇ 25 ਕਰੋੜ ਰੁਪਏ ਦਾ ਇਸ਼ਤਿਹਾਰ ਦਿੱਤਾ। ਰਾਹੁਲ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਜਰੀਵਾਲ ਝੂਠੇ ਵਾਅਦੇ ਕਰਦੇ ਹਨ ਪਰ ਕਾਂਗਰਸ ਜੋ ਕਹਿੰਦੀ ਹੈ, ਉਹ ਕਰਦੀ ਹੈ। ਉਨ੍ਹਾਂ 'ਆਪ' ਮੁਖੀ 'ਤੇ ਵਿਅੰਗ ਕੱਸਦਿਆਂ ਕਿਹਾ, ''ਕੇਜਰੀਵਾਲ ਪਹਿਲਾਂ ਖੰਭੇ 'ਤੇ ਚੜ੍ਹ



ਗਏ ਅਤੇ ਹੁਣ ਧੜੱਮ ਕਰ ਕੇ ਹੇਠਾਂ ਡਿੱਗ ਗਏ, ਉਹ ਵੱਖਰੀ ਗੱਲ ਹੈ।' ਰਾਹੁਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਨੇ ਦਿੱਲੀ 'ਚ ਸਭ ਤੋਂ ਵੱਡਾ ਸ਼ਰਾਬ ਘਪਲਾ ਕੀਤਾ। ਉਨ੍ਹਾਂ ਆਮ ਆਦਮੀ ਪਾਰਟੀ ਦੇ ਕਈ ਨੇਤਾਵਾਂ ਦੀਆਂ ਤਸਵੀਰਾਂ ਦਿਖਾਈਆਂ ਅਤੇ ਕਿਹਾ ਕਿ ਇਸ ਪਾਰਟੀ 'ਚ ਦਲਿਤਾਂ, ਪੱਛੜੇ ਅਤੇ ਘੱਟ ਗਣਤੀ ਵਰਗਾਂ ਨੂੰ ਉਚਿਤ ਥਾਂ ਨਹੀਂ ਮਿਲਦੀ ਹੈ। ਰਾਹੁਲ ਗਾਂਧੀ ਨੇ ਕਿਹਾ, ''ਦੇਸ਼ 'ਚ 2 ਵਿਚਾਰਧਾਰਾਵਾਂ ਦੀ ਲੜਾਈ ਹੈ। ਇਕ ਪਾਸੇ ਨਫਰਤ-ਹਿੰਸਾ ਹੈ ਅਤੇ ਦੂਜੇ ਪਾਸੇ ਮੁਹੱਬਤ-ਭਾਈਚਾਰਾ ਹੈ। ਆਰ. ਐੱਸ. ਐੱਸ.-ਭਾਜਪਾ ਦੇ ਲੋਕ ਸੰਵਿਧਾਨ ਨੂੰ ਖ਼ਤਮ ਕਰਨਾ ਚਾਹੁੰਦੇ ਹਨ, ਜਦੋਂ ਕਿ ਕਾਂਗਰਸ ਪਾਰਟੀ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਲੜ ਰਹੀ ਹੈ।'' ਉਨ੍ਹਾਂ ਦੋਸ਼ ਲਾਇਆ, ''ਭਾਜਪਾ-ਆਰ. ਐੱਸ. ਐੱਸ. ਦੇ ਲੋਕ ਭਰਾ ਨੂੰ ਭਰਾ ਨਾਲ, ਇਕ ਧਰਮ ਨੂੰ ਦੂਜੇ ਧਰਮ ਨਾਲ ਅਤੇ ਇਕ ਭਾਸ਼ਾ ਨੂੰ ਦੂਜੀ ਭਾਸ਼ਾ ਨਾਲ ਲੜਾਉਂਦੇ ਹਨ। ਇਨ੍ਹਾਂ ਦਾ ਟੀਚਾ ਤੁਹਾਡਾ ਪੈਸਾ ਤੁਹਾਥੋਂ ਖੋਹ ਕੇ ਹਿੰਦੁਸਤਾਨ ਦੇ ਅਰਬਪਤੀਆਂ ਨੂੰ ਦੇਣਾ ਹੈ। ਕਾਂਗਰਸ ਨੇਤਾ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਹਿੰਦੁਸਤਾਨ ਦੇ ਕੁਝ ਅਮੀਰ ਲੋਕਾਂ ਦਾ 16 ਲੱਖ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਹੈ।''

## ਪਿਛਲੇ 5 ਸਾਲਾਂ 'ਚ ਭਾਰਤ 'ਚ 339 ਵਿਦੇਸ਼ੀ ਕੰਪਨੀਆਂ ਨੇ ਕਰਵਾਇਆ ਰਜਿਸਟਰੇਸ਼ਨ : ਹਰਸ਼ ਮਲਹੋਤਰਾ

ਨਵੀਂ ਦਿੱਲੀ 4 ਫਰਵਰੀ। ਸਰਕਾਰ ਨੇ ਮੰਗਲਵਾਰ ਨੂੰ ਸੰਸਦ ਨੂੰ ਸੂਚਿਤ ਕੀਤਾ ਕਿ ਪਿਛਲੇ 5 ਸਾਲਾਂ 'ਚ ਦੇਸ਼ 'ਚ 339 ਵਿਦੇਸ਼ੀ ਕੰਪਨੀਆਂ ਨੇ ਰਜਿਸਟਰੇਸ਼ਨ ਕਰਵਾਇਆ ਅਤੇ 2020 ਤੋਂ ਅਜਿਹੀਆਂ ਫਰਮਾਂ ਦੀ ਗਿਣਤੀ 'ਚ ਕਮੀ ਦਰਜ ਕੀਤੀ ਗਈ ਹੈ। ਕਾਰਪੋਰੇਟ ਕਾਰਜ ਮਾਮਲਿਆਂ ਦੇ ਰਾਜ ਮੰਤਰੀ ਹਰਸ਼ ਮਲਹੋਤਰਾ ਨੇ ਇਕ ਸਵਾਲ ਦੇ ਲਿਖਤੀ ਜਵਾਬ 'ਚ ਰਾਜ ਸਭਾ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 2025 'ਚ 5 ਵਿਦੇਸ਼ੀ ਕੰਪਨੀਆਂ ਰਜਿਸਟਰੇਸ਼ਨ ਹੋਈ ਹੈ। ਆਂਧਰਾ ਪ੍ਰਦੇਸ਼, ਦਿੱਲੀ, ਕੇਰਲ 'ਚ ਇਕ-ਇਕ ਅਤੇ ਤਾਮਿਲਨਾਡੂ 'ਚ 2 ਕੰਪਨੀਆਂ ਰਜਿਸਟਰਡ ਹੋਈਆਂ ਹਨ। ਕੰਪਨੀ ਕਾਨੂੰਨ, 2013 ਦੀ ਧਾਰਾ 2 (42) ਦੇ ਅਧੀਨ, ਵਿਦੇਸ਼ੀ ਕੰਪਨੀ ਦਾ ਅਰਥ ਹੈ ਭਾਰਤ ਤੋਂ ਬਾਹਰ ਸ਼ਾਮਲ ਕੋਈ ਕੰਪਨੀ ਜਾਂ ਸੰਸਥਾ, ਜਿਸ ਦਾ ਕਾਰੋਬਾਰ ਭਾਰਤ 'ਚ ਹੈ। ਮੰਤਰੀ ਨੇ ਕਿਹਾ ਕਿ 2020 'ਚ 90 ਵਿਦੇਸ਼ੀ ਕੰਪਨੀਆਂ ਸਥਾਪਤ ਕੀਤੀਆਂ ਗਈਆਂ, ਜਦੋਂ ਕਿ 2021 'ਚ ਇਹ ਗਿਣਤੀ ਘੱਟ ਕੇ 75 ਅਤੇ 2022 'ਚ 64 ਰਹਿ ਗਈ। 2023 'ਚ ਇਹ ਗਿਣਤੀ 57 ਅਤੇ 2024 'ਚ 53 ਰਹੀ। ਇਹ ਪੁੱਛੇ ਜਾਣ 'ਤੇ ਕਿ ਕੀ ਕੁਝ ਵਿਦੇਸ਼ੀ ਕੰਪਨੀਆਂ/ਸੰਸਥਾਵਾਂ ਰਜਿਸਟਰੇਸ਼ਨ ਕਰਵਾਏ ਬਿਨਾਂ ਆਨਲਾਈਨ ਗਤੀਵਿਧੀਆਂ ਸੰਚਾਲਿਤ ਕਰ ਰਹੀਆਂ ਹਨ

# 73 ਦੇਸ਼ਾਂ ਦੇ ਡਿਪਲੋਮੈਟਾਂ ਨੇ ਲਗਾਈ ਸੰਗਮ 'ਚ ਪਵਿੱਤਰ ਡੁਬਕੀ

ਨੈਸ਼ਨਲ ਡੈਸਕ 4 ਫਰਵਰੀ। ਪ੍ਰਯਾਗਰਾਜ ਵਿੱਚ ਚੱਲ ਰਹੇ ਮਹਾਂਕੁੰਭ 2025 ਵਿੱਚ 73 ਦੇਸ਼ਾਂ ਦੇ ਡਿਪਲੋਮੈਟਾਂ ਨੇ ਸ਼ਿਰਕਤ ਕੀਤੀ ਅਤੇ ਸੰਗਮ ਵਿੱਚ ਪਵਿੱਤਰ ਡੁਬਕੀ ਲਗਾਈ। ਇਸ ਮੌਕੇ 'ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇਨ੍ਹਾਂ ਵਿਦੇਸ਼ੀ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਮਹਾਂਕੁੰਭ ??ਦੀ ਮਹੱਤਤਾ ਬਾਰੇ ਦੱਸਿਆ। ਜਦੋਂ ਡਿਪਲੋਮੈਟ ਪ੍ਰਯਾਗਰਾਜ ਪਹੁੰਚੇ ਤਾਂ ਉਨ੍ਹਾਂ ਦਾ ਸਭ ਤੋਂ ਪਹਿਲਾਂ ਤ੍ਰਿਵੇਣੀ ਸੰਗਮ ਵਿੱਚ ਸਵਾਗਤ ਕੀਤਾ ਗਿਆ। ਉੱਤਰ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਲਈ ਇੱਕ ਵਿਸ਼ੇਸ਼ ਕਿਸ਼ਤੀ ਦਾ ਪ੍ਰਬੰਧ ਕੀਤਾ ਜਿਸ ਰਾਹੀਂ ਉਹ ਸੰਗਮ ਗਏ। ਕੁਝ ਡਿਪਲੋਮੈਟਾਂ ਨੇ ਸੰਗਮ ਵਿਖੇ ਪਵਿੱਤਰ ਇਸ਼ਨਾਨ ਵੀ ਕੀਤਾ ਅਤੇ ਨਦੀ ਦਾ ਪਾਣੀ ਪੀਤਾ, ਇਸਨੂੰ ਇੱਕ ਅਭੁੱਲ ਅਨੁਭਵ ਦੱਸਿਆ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਡਿਪਲੋਮੈਟਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਮਹਾਂਕੁੰਭ ??ਦੇ ਇਤਿਹਾਸਕ ਅਤੇ ਧਾਰਮਿਕ ਮਹੱਤਵ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮਹਾਂਕੁੰਭ ਭਾਰਤ ਦੀ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦਾ ਪ੍ਰਤੀਕ ਹੈ ਜਿਸ ਵਿੱਚ ਹਰ 12 ਸਾਲਾਂ ਬਾਅਦ ਕਰੋੜਾਂ ਸ਼ਰਧਾਲੂ ਸੰਗਮ ਵਿੱਚ ਇਸ਼ਨਾਨ ਕਰਨ ਲਈ ਆਉਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਤੱਕ 35 ਕਰੋੜ ਲੋਕ ਮਹਾਂਕੁੰਭ ??ਦੇ ਦਰਸ਼ਨ ਕਰ ਚੁੱਕੇ ਹਨ ਅਤੇ 26 ਫਰਵਰੀ ਨੂੰ ਖਤਮ ਹੋਣ ਤੋਂ ਪਹਿਲਾਂ 45 ਕਰੋੜ ਲੋਕਾਂ ਦੇ ਆਉਣ ਦੀ ਉਮੀਦ ਹੈ। ਡਿਪਲੋਮੈਟਾਂ ਨੂੰ ਯੂਪੀ ਟੂਰਿਜ਼ਮ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਲਗਜ਼ਰੀ ਬੱਸਾਂ ਵਿੱਚ ਮਹਾਂਕੁੰਭ ਮੇਲੇ ਦੇ ਦੌਰੇ 'ਤੇ ਲਿਜਾਇਆ ਗਿਆ। ਉਨ੍ਹਾਂ ਨੇ ਅਕਸ਼ੈਵਟ ਕੋਰੀਡੋਰ, ਵੱਡਾ ਹਨੂੰਮਾਨ ਮੰਦਰ ਅਤੇ ਸਰਸਵਤੀ ਖੂਹ ਦਾ ਵੀ ਦੌਰਾ ਕੀਤਾ। ਇਸ ਮੌਕੇ 'ਤੇ, ਬਹੁਤ ਸਾਰੇ ਡਿਪਲੋਮੈਟ ਭਾਰਤ ਵਿੱਚ ਦਰਿਆਵਾਂ ਅਤੇ ਰੁੱਖਾਂ ਦੀ ਪੂਜਾ ਕਰਨ ਦੀ ਪਰੰਪਰਾ ਅਤੇ ਉਨ੍ਹਾਂ ਦੇ ਅਧਿਆਤਮਿਕ ਮਹੱਤਵ ਤੋਂ ਬਹੁਤ ਪ੍ਰਭਾਵਿਤ ਹੋਏ। ਡਿਪਲੋਮੈਟਾਂ ਨੇ ਮਹਾਂਕੁੰਭ ਨੂੰ ਇੱਕ ਅਦਭੁਤ ਅਤੇ ਯਾਦਗਾਰੀ ਅਨੁਭਵ ਦੱਸਿਆ। ਯੂਪੀ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਇਹ ਯਾਤਰਾ ਨਾ ਸਿਰਫ਼ ਭਾਰਤ ਦੇ ਸੱਭਿਆਚਾਰ ਨੂੰ ਸਮਝਣ ਵਿੱਚ ਮਦਦ ਕਰੇਗੀ ਸਗੋਂ ਇਹ ਵੀ ਦਰਸਾਏਗੀ ਕਿ ਦੁਨੀਆ ਭਰ ਦੇ ਲੋਕ ਮਹਾਂਕੁੰਭ ਤੋਂ ਕਿੰਨੇ ਪ੍ਰਭਾਵਿਤ ਹਨ।

## ਦਿੱਲੀ ਵਾਸੀਆਂ ਨੇ ਕੇਜਰੀਵਾਲ ਨੂੰ ਚੌਥੀ ਵਾਰ ਮੁੱਖ ਮੰਤਰੀ ਬਣਾਉਣਾ ਤੈਅ ਕਰ ਲਿਆ ਹੈ : ਭਗਵੰਤ ਮਾਨ

ਚੰਡੀਗੜ੍ਹ/ਜਲੰਧਰ 4 ਫਰਵਰੀ। ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਦਿੱਲੀ ਦੇ ਕਈ ਹਲਕਿਆਂ 'ਚ ਜਨਤਕ ਮੀਟਿੰਗਾਂ, ਰੋਡ ਸ਼ੋਅ ਅਤੇ ਪੈਦਲ ਯਾਤਰਾਵਾਂ ਕੀਤੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕ 5 ਫਰਵਰੀ ਨੂੰ ਭਾਰੀ ਬਹੁਮਤ ਨਾਲ ਅਰਵਿੰਦ ਕੇਜਰੀਵਾਲ ਨੂੰ ਮੁੜ ਮੁੱਖ ਮੰਤਰੀ ਬਣਾਉਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਨਕਦੀ ਵੰਡ ਕੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਲੋਕਾਂ ਨੂੰ ਦਿਹਾੜੀ 'ਤੇ ਰੈਲੀਆਂ 'ਚ ਲਿਆਉਂਦੀ ਹੈ ਅਤੇ ਬਾਅਦ 'ਚ ਪੈਸੇ ਵੀ ਨਹੀਂ ਦਿੰਦੀ। ਜਦੋਂ ਉਹ 400 ਰੁਪਏ ਦਿਹਾੜੀ ਨਹੀਂ ਦੇ ਰਹੇ ਤਾਂ ਉਹ ਔਰਤਾਂ ਨੂੰ 2500 ਰੁਪਏ ਮਹੀਨਾ ਕਿਵੇਂ ਦੇਣਗੇ। ਭਾਜਪਾ ਅਰਵਿੰਦ ਕੇਜਰੀਵਾਲ ਦੇ ਹਲਕੇ 'ਚ 'ਆਪ' ਵਰਕਰਾਂ 'ਤੇ ਹਮਲੇ ਕਰ ਰਹੀ ਹੈ ਕਿਉਂਕਿ ਉਹ ਜਾਣਦੇ ਹਨ ਕਿ ਉਹ ਬੁਰੀ ਤਰ੍ਹਾਂ ਹਾਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਕੋਲ ਦੋ ਬਦਲ ਹਨ- ਇਕ ਪੱਖ ਲੜਾਈਆਂ ਨੂੰ ਸ਼ਹਿ ਦਿੰਦਾ ਹੈ, ਦੂਜਾ ਸਿੱਖਿਆ ਪ੍ਰਦਾਨ ਕਰਦਾ ਹੈ। ਇਕ ਤੁਹਾਡੇ ਬੱਚਿਆਂ ਨੂੰ ਚਾਕੂ ਅਤੇ ਤਲਵਾਰਾਂ ਦੇਵੇਗਾ ਜਦਕਿ ਦੂਜਾ ਉਨ੍ਹਾਂ ਨੂੰ ਪੈੱਨ ਤੇ ਪੈਨਸਿਲ ਦੇਵੇਗਾ। ਦਿੱਲੀ ਵਾਸੀਆਂ ਨੇ ਫ਼ੈਸਲਾ ਕਰ ਲਿਆ ਹੈ ਕਿ ਕੇਜਰੀਵਾਲ ਚੌਥੀ ਵਾਰ ਮੁੱਖ ਮੰਤਰੀ ਬਣਨਗੇ।

# ਮਹਾਕੁੰਭ ਦੁਖਾਂਤ : ਡਿਜੀਟਲ ਕੁੰਭ ਦਾ ਆਯੋਜਨ ਕਰਨ ਵਾਲੇ ਮੌਤਾਂ ਦੀ ਸਹੀ ਗਿਣਤੀ ਨਹੀਂ ਦੱਸ ਰਹੇ : ਅਖਿਲੇਸ਼

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 4 ਫਰਵਰੀ। ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਪ੍ਰਯਾਗਰਾਜ ਮਹਾਕੁੰਭ 'ਚ ਭਾਜੜ ਦੌਰਾਨ ਮਰਨ ਵਾਲਿਆਂ ਦੀ ਸਹੀ ਗਿਣਤੀ ਲੁਕਾਉਣ ਦਾ ਮੰਗਲਵਾਰ ਸਰਕਾਰ 'ਤੇ ਦੋਸ਼ ਲਾਇਆ ਤੇ ਮੰਗ ਕੀਤੀ ਕਿ ਮਹਾਕੁੰਭ ਦੇ ਪ੍ਰਬੰਧਾਂ ਬਾਰੇ ਸਪੱਸ਼ਟੀਕਰਨ ਦੇਣ ਲਈ ਸਰਕਾਰ ਨੂੰ ਸਰਬ-ਪਾਰਟੀ ਮੀਟਿੰਗ ਸੱਦਣੀ ਚਾਹੀਦੀ ਹੈ। ਉਥੇ ਵੱਖ-ਵੱਖ ਪ੍ਰਬੰਧ ਫੌਜ ਨੂੰ ਸੌਂਪੇ ਜਾਣੇ ਚਾਹੀਦੇ ਹਨ। ਯਾਦਵ ਨੇ ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ 'ਤੇ ਚਰਚਾ 'ਚ ਹਿੱਸਾ ਲੈਂਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਬਜਟ ਦੇ ਅੰਕੜੇ ਦੇ ਰਹੀ ਹੈ, ਉਸ ਨੂੰ ਮਹਾਕੁੰਭ ?'ਚ ਮਰਨ ਵਾਲਿਆਂ ਦੇ ਅੰਕੜੇ ਵੀ ਦੇਣੇ ਚਾਹੀਦੇ ਹਨ। ਜ਼ਖਮੀਆਂ ਦੇ ਇਲਾਜ, ਭੋਜਨ ਤੇ ਆਵਾਜਾਈ ਆਦਿ ਦੇ ਖਰਚੇ ਸੰਸਦ 'ਚ ਪੇਸ਼ ਕੀਤੇ ਜਾਣੇ ਚਾਹੀਦੇ ਹਨ। ਯਾਦਵ ਨੇ ਕੇਂਦਰ ਤੇ ਉੱਤਰ ਪ੍ਰਦੇਸ਼ ਸਰਕਾਰਾਂ ਦੀ ਨਿੰਦਾ ਕੀਤੀ



ਤੇ ਉਨ੍ਹਾਂ 'ਤੇ ਮੌਤਾਂ ਦੀ ਗਿਣਤੀ ਲੁਕਾਉਣ ਦਾ ਦੋਸ਼ ਲਾਇਆ। ਉਨ੍ਹਾਂ ਦੁਖਾਂਤ ਲਈ ਜ਼ਿੰਮੇਵਾਰ ਲੋਕਾਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਮਹਾਕੁੰਭ ??'ਚ ਭਾਜੜ ਤੋਂ ਬਾਅਦ ਸੰਤਾਂ ਦੇ ਇਕ ਖਾਸ ਸਮੇਂ 'ਤੇ ਇਸ਼ਨਾਨ ਕਰਨ ਦੀ ਪਰੰਪਰਾ ਵੀ ਟੁੱਟ ਗਈ। ਸਪਾ ਦੇ ਸੰਸਦ ਮੈਂਬਰ ਨੇ ਕਿਹਾ ਮੈਂ ਜੋ ਕਹਿ ਰਿਹਾ ਹਾਂ, ਜੇ ਉਹ ਗਲਤ ਹੈ ਤਾਂ ਹਾਊਸ ਦੇ ਨੇਤਾ ਭਾਵ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਰਚਾ ਦੇ ਜਵਾਬ ਦੌਰਾਨ ਮੈਨੂੰ ਦੱਸਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜੜ ਦੀ ਘਟਨਾ ਤੋਂ 17 ਘੰਟਿਆਂ ਬਾਅਦ ਤੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਸ਼ੋਕ ਸੰਦੇਸ਼ਾਂ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਮੌਤਾਂ ਦੀ ਗੱਲ ਮੰਨੀ। ਰਾਸ਼ਟਰਪਤੀ ਦੇ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਯਾਦਵ ਨੇ ਕਿਹਾ ਕਿ ਇਸ 'ਚ 12 ਕਰੋੜ ਟਾਇਲਟਾਂ ਦੀ ਉਸਾਰੀ ਤੇ 80 ਕਰੋੜ ਗਰੀਬ ਲੋਕਾਂ ਨੂੰ ਮੁਫ਼ਤ ਅਨਾਜ ਮੁਹੱਈਆ ਕਰਵਾਉਣ ਵਰਗੀਆਂ ਪੁਰਾਣੀਆਂ ਗੱਲਾਂ ਹਨ। ਉਨ੍ਹਾਂ ਟਿੱਪਣੀ ਕੀਤੀ ਕਿ ਭਾਰਤੀ ਜਨਤਾ ਪਾਰਟੀ ਡਬਲ ਇੰਜਣ ਸਰਕਾਰ ਹੋਣ ਦਾ ਦਾਅਵਾ ਕਰਦੀ ਹੈ ਪਰ ਹੁਣ ਨਾ ਸਿਰਫ਼ ਇਸ ਦੇ ਇੰਜਣ ਟਕਰਾਅ ਰਹੇ ਹਨ, ਸਗੋਂ ਡੱਬੇ ਵੀ ਟਕਰਾਉਣੇ ਸ਼ੁਰੂ ਹੋ ਗਏ ਹਨ।



# ਪਤੀ ਨਾਲ ਝਗੜੇ ਤੋਂ ਪਰੇਸ਼ਾਨ ਔਰਤ ਨੇ ਮੰਗੀ ਗਰਭਪਾਤ ਦੀ ਇਜਾਜਤ

ਮੁੰਬਈ 4 ਫਰਵਰੀ। ਮਹਾਰਾਸਟਰ ਵਿੱਚ ਇੱਕ ਔਰਤ ਨੇ ਆਪਣੇ ਪਤੀ ਨਾਲ ਵਿਆਹੁਤਾ ਸਮੱਸਿਆਵਾਂ ਦੇ ਕਾਰਨ ਅਦਾਲਤ ਤੋਂ ਆਪਣੀ 20 ਹਫਤਿਆਂ ਦੀ ਗਰਭ ਅਵਸਥਾ ਨੂੰ ਖਤਮ ਕਰਨ ਦੀ ਇਜਾਜਤ ਮੰਗੀ ਹੈ। ਔਰਤ ਨੇ ਇਸ ਸਬੰਧ ਵਿੱਚ ਬੰਬੇ ਹਾਈ ਕੋਰਟ ਵਿੱਚ ਪਟੀਸਨ ਦਾਇਰ ਕੀਤੀ ਹੈ। ਹਾਈ ਕੋਰਟ ਨੇ ਔਰਤ ਦੀ ਪਟੀਸਨ ‘ਤੇ ਫੈਸਲਾ ਲੈਣ ਤੋਂ ਪਹਿਲਾਂ ਜੋੜੇ ਨੂੰ ਕਿਹਾ ਕਿ ਉਹ ਆਪਣੇ ਵਿਵਾਦ ਨੂੰ ਦੋਸਤਾਨਾ ਢੰਗ ਨਾਲ ਹੱਲ ਕਰਨ ਦੀ ਕੋਸ?ਿਸ ਕਰਨ। 27 ਜਨਵਰੀ ਨੂੰ ਦਿੱਤੇ ਗਏ ਆਪਣੇ ਹੁਕਮ ਵਿੱਚ ਜਸਟਿਸ ਰਵਿੰਦਰ ਘੁੱਗੇ ਅਤੇ ਪ੍ਰਵੀਨ ਪਾਟਿਲ ਦੀ ਡਿਵੀਜਨ ਬੈਂਚ ਨੇ ਕਿਹਾ ਕਿ ਜੋੜੇ ਵਿਚਕਾਰ ਵਿਵਾਦ ਕੋਈ ਵੱਡਾ ਵਿਵਾਦ ਨਹੀਂ ਹੈ ਅਤੇ ਇਸਨੂੰ ਦੋਸਤਾਨਾ ਢੰਗ ਨਾਲ ਹੱਲ ਕੀਤਾ ਜਾ ਸਕਦਾ ਹੈ। ਅਦਾਲਤ ਨੇ ਪਤੀ-ਪਤਨੀ ਨੂੰ ਇਸ ਹਫਤੇ ਤਿੰਨ ਦਿਨ ਪੁਣੇ ਮੈਜਿਸਟ੍ਰੇਟ ਅਦਾਲਤ ਦੇ ਅਹਾਤੇ ਵਿੱਚ ਮਿਲਣ ਅਤੇ ਆਪਣੇ ਮਸਲਿਆਂ ਨੂੰ ਹੱਲ ਕਰਨ ਦੀ ਕੋਸ?ਿਸ ਕਰਨ ਦਾ ਨਿਰਦੇਸ ਦਿੱਤੇ ਹਨ। ਹਾਈ ਕੋਰਟ ਦੇ ਜੱਜਾਂ ਨੇ ਕਿਹਾ ਕਿ ਦੋਵਾਂ ਧਿਰਾਂ ਦੇ ਵਕੀਲਾਂ ਨੂੰ ਉਨ੍ਹਾਂ ਨੂੰ ਸੁਲ੍ਹਾ ਕਰਨ ਲਈ ਉਤਸਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਦੋਸਤਾਨਾ ਮਾਹੌਲ ਬਣਾਇਆ ਜਾ ਸਕੇ, ਇਹ ਨੋਟ ਕਰਦੇ ਹੋਏ ਕਿ ਜੇਕਰ ਬੱਚਾ ਪੈਦਾ ਹੁੰਦਾ ਹੈ, ਤਾਂ ਉਹ ਉਨ੍ਹਾਂ ਦਾ ਪਹਿਲਾ ਬੱਚਾ ਹੋਵੇਗਾ। ਔਰਤ ਨੇ ਆਪਣੇ ਪਤੀ ਨਾਲ ਤਣਾਅਪੂਰਨ ਸਬੰਧਾਂ ਦਾ ਹਵਾਲਾ ਦਿੰਦੇ ਇਸ ਮਹੀਨੇ ਦੇ ਸੁਰੂ ਵਿੱਚ ਅਦਾਲਤ ਵਿੱਚ ਇੱਕ ਪਟੀਸਨ ਦਾਇਰ ਕਰਕੇ ਗਰਭਪਾਤ ਦੀ ਇਜਾਜਤ ਮੰਗੀ ਸੀ। ਪਟੀਸਨ ਵਿੱਚ ਕਿਹਾ ਗਿਆ ਹੈ



ਕਿ ਪਤੀ ਨੇ ਔਰਤ ਨੂੰ ਤਾਅਨੇ ਮਾਰੇ ਕਿ ਉਹ ਕਦੇ ਵੀ ਉਸ ਨਾਲ ਵਿਆਹ ਨਹੀਂ ਕਰਨਾ ਚਾਹੁੰਦਾ ਸੀ, ਕਿਉਂਕਿ ਉਹ ਕਿਸੇ ਹੋਰ ਔਰਤ ਨਾਲ ਪਿਆਰ ਕਰਦਾ ਸੀ। ਔਰਤ ਨੇ ਦੋਸ ਲਗਾਇਆ ਕਿ ਉਸਦੇ ਪਤੀ ਨੇ ਤਾਂ ਇਹ ਵੀ ਦਾਅਵਾ ਕੀਤਾ ਸੀ ਕਿ ਜੋ ਬੱਚਾ ਪੈਦਾ ਹੋਣ ਵਾਲਾ ਹੈ, ਉਹ ਉਸਦਾ ਨਹੀਂ ਹੈ ਅਤੇ ਉਹ ਇਸਨੂੰ ਸਵੀਕਾਰ ਨਹੀਂ ਕਰੇਗਾ। ਇਸ ਜੋੜੇ ਦਾ ਵਿਆਹ ਮਈ 2023 ਵਿੱਚ ਹੋਇਆ ਸੀ। ਇਸ ਤੋਂ ਬਾਅਦ ਔਰਤ ਨੇ ਪੁਣੇ ਦੀ ਇੱਕ ਮੈਜਿਸਟ੍ਰੇਟ ਅਦਾਲਤ ਵਿੱਚ ਘਰੇਲੂ ਹਿੰਸਾ ਦੀ ਸ?ਿਕਾਇਤ ਦਰਜ ਕਰਵਾਈ ਸੀ। ਹਾਈ ਕੋਰਟ ਦੇ ਸਾਹਮਣੇ ਦਾਇਰ ਕੀਤੇ ਗਏ ਜਵਾਬੀ ਹਲਫਨਾਮੇ ਵਿੱਚ ਪਤੀ ਨੇ ਪਟੀਸਨ ਵਿੱਚ ਲਗਾਏ ਗਏ ਦੋਸਾਂ ਤੋਂ ਇਨਕਾਰ ਕੀਤਾ ਹੈ। ਉਹਨਾਂ ਨੇ ਦਾਅਵਾ ਕੀਤਾ ਕਿ ਉਹਨਾਂ ਨੇ ਅਤੇ ਉਸਦੇ ਮਾਪਿਆਂ ਨੇ ਕਈ ਵਾਰ ਝਗੜੇ ਨੂੰ ਸੁਲਝਾਉਣ ਲਈ ਕੋਸ?ਿਸ ਕੀਤੀ ਪਰ ਉਸਦੀ ਪਤਨੀ ਨੇ ਕੋਈ ਜਵਾਬ ਨਹੀਂ ਦਿੱਤਾ। ਜੱਜਾਂ ਨੇ ਸੋਮਵਾਰ ਨੂੰ ਆਦਮੀ ਅਤੇ ਔਰਤ ਨਾਲ ਗੱਲਬਾਤ ਕੀਤੀ ਅਤੇ ਪਾਇਆ ਕਿ ਦੋਵਾਂ ਵਿੱਚ ਇੱਕ ਦੂਜੇ ਨੂੰ ਸਮਝਣ ਅਤੇ ਆਪਣੀਆਂ ਸਮੱਸਿਆਵਾਂ ਹੱਲ ਕਰਨ ਲਈ ਕਾਫੀ ਪਰਿਪੱਕਤਾ ਸੀ। ਹਾਈ ਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ, “ਪਤਨੀ ਨੇ ਕਿਹਾ ਹੈ ਕਿ ਜੇਕਰ ਉਸਦਾ ਪਤੀ ਬੱਚੇ ਦੀ ਚੰਗੀ ਦੇਖਭਾਲ ਕਰਨ ਅਤੇ ਉਸਦੇ ਨਾਲ ਸਹੀ ਵਿਵਹਾਰ ਕਰਨ ਲਈ ਤਿਆਰ ਹੈ, ਤਾਂ ਉਸਦੇ ਕੋਲ ਗਰਭ ਅਵਸਥਾ ਖਤਮ ਕਰਨ ਦਾ ਕੋਈ ਕਾਰਨ ਨਹੀਂ, ਕਿਉਂਕਿ ਜੇਕਰ ਬੱਚਾ ਪੈਦਾ ਹੁੰਦਾ ਹੈ, ਤਾਂ ਇਹ ਉਨ੍ਹਾਂ ਦਾ ਪਹਿਲਾ ਬੱਚਾ ਹੋਵੇਗਾ।“ ਇਸ ਮਾਮਲੇ ਦੀ ਅਗਲੀ ਸੁਣਵਾਈ 6 ਫਰਵਰੀ ਨੂੰ ਹੋਵੇਗੀ।

### ਦੋ ਦੁਕਾਨਾਂ ’ਚ ਭਿਆਨਕ ਅੱਗ ਲੱਗੀ, ਦੋ ਸਿਲੰਡਰ ਫਟਣ ਕਾਰਨ ਹੋਇਆ ਵੱਡਾ ਧਮਾਕਾ

ਅਬੋਹਰ 4 ਫਰਵਰੀ। ਬੀਤੀ ਸ਼ਾਮ ਅਬੋਹਰ-ਹਨੂੰਮਾਨਗੜ੍ਹ ਰੋਡ ’ਤੇ ਨਾਮਦੇਵ ਚੌਂਕ ’ਤੇ ਦੋ ਸਪੇਅਰ ਪਾਰਟਸ ਦੀਆਂ ਦੁਕਾਨਾਂ ’ਚ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਦੁਕਾਨ ’ਚ ਰੱਖੇ ਦੋ ਸਿਲੰਡਰ ਫਟਣ ਕਾਰਨ ਇਕ ਵੱਡਾ ਧਮਾਕਾ ਹੋਇਆ। ਐਤਵਾਰ ਨੂੰ ਦੁਕਾਨਾਂ ਬੰਦ ਹੋਣ ਕਰ ਕੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਉੱਥੇ ਖੜੀ ਇਕ ਸਕੂਲ ਵੈਨ ਨੂੰ ਅੱਗ ਲੱਗ ਗਈ ਅਤੇ ਦੁਕਾਨ ’ਚ ਪਿਆ ਸਾਮਾਨ ਵੀ ਸੜ ਗਿਆ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਜਾਣਕਾਰੀ ਅਨੁਸਾਰ ਅੱਗ ਲੱਗਣ ਦੀ ਇਹ ਘਟਨਾ ਬੀਤੀ ਸ਼ਾਮ ਨਾਮਦੇਵ ਚੌਂਕ ਨੇੜੇ ਗਲੀ ’ਚ ਕ੍ਰਿਸ਼ਨ ਕੁਮਾਰ ਅਤੇ ਹਰੀਸ਼ ਦੀਆਂ ਦੁਕਾਨਾਂ ’ਚ ਵਾਪਰੀ, ਜਿੱਥੇ ਸਪੇਅਰ ਪਾਰਟਸ ਦੀਆਂ ਦੁਕਾਨਾਂ ਹਨ। ਅੱਗ ਲੱਗਣ ਕਾਰਨ ਦੋ ਸਿਲੰਡਰ ਫਟ ਗਏ, ਜਦੋਂ ਕਿ ਪੰਜ ਸਿਲੰਡਰਾਂ ਨੂੰ ਬਾਹਰ ਕੱਢ ਲਿਆ ਗਿਆ। ਫਾਇਰ ਵਿਭਾਗ ਦੀ ਟੀਮ ਇੰਚਾਰਜ ਬਰਿੰਦਰ ਕੁਮਾਰ ਦੀ ਅਗਵਾਈ ਹੇਠ ਕਾਫੀ ਜੱਦੋ-ਜਹਿਦ ਤੋਂ ਬਾਅਦ ਅੱਗ ’ਤੇ ਕਾਬੂ ਪਾਇਆ ਗਿਆ।

## ਬੰਦੂਕ ਦਿਖਾ ਕੇ ਵਪਾਰੀਆਂ ਤੋਂ ਲੁੱਟੇ 5 ਲੱਖ 80 ਹਜਾਰ, ਇਕ ਗ੍ਰਿਫਤਾਰ

ਡੇਰਾਬੱਸੀ 4 ਫਰਵਰੀ। ਡੇਰਾਬੱਸੀ ਪੁੱਲ ਥੱਲੇ ਐਕਸਿਸ ਬੈਂਕ ਸਾਹਮਣੇ ਬਣੇ ਦਫਤਰ ’ਚ ਵੜ੍ਹ ਕੇ ਬਦਮਾਸ਼ਾਂ ਨੇ ਮੱਝਾਂ ਦੇ ਵਪਾਰੀਆਂ ਨੂੰ ਬੰਦੂਕ ਦਿਖਾ ਕੇ 5 ਲੱਖ 80 ਹਜਾਰ ਰੁਪਏ ਲੁੱਟ ਲਏ ਤੇ ਫਰਾਰ ਹੋ ਗਏ। ਵਾਰਦਾਤ ਤੋਂ ਬਾਅਦ ਸਾਰੇ ਹੀ ਵਪਾਰੀ ਡਰੇ ਹੋਏ ਹਨ। ਇਨ੍ਹਾਂ ’ਚੋਂ ਇਕ ਵਪਾਰੀ ਸ਼ਹਿਜਾਦ ਇਨ੍ਹਾਂ ਡਰ ਗਿਆ ਕਿ ਉਸ ਦੀ ਹਾਲਤ ਵਿਗੜ ਗਈ ਤੇ ਉਹ ਵਾਪਸ ਆਪਣੇ ਘਰ ਯੂ. ਪੀ. ਚਲਾ ਗਿਆ। ਫਿਲਹਾਲ ਮਾਮਲੇ ’ਚ ਪੁਲਸ ਨੇ ਪਰਚਾ ਦਰਜ ਕਰ ਕੇ ਇਕ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਤੇ ਉਸ ਤੋਂ ਵਾਰਦਾਤ ’ਚ ਇਸਤੇਮਾਲ ਕਾਰ ਬਰਾਮਦ ਕਰ ਲਈ। ਬਾਕੀ ਮੁਲਜਮਾਂ ਦੀ ਭਾਲ ਜਾਰੀ ਹੈ। ਜਾਣਕਾਰੀ ਮੁਤਾਬਕ ਸ਼ਹਿਰ ਨੇੜੇ 3-4 ਵੱਡੇ ਮੀਟ ਪਲਾਂਟ ਹਨ, ਜਿੱਥੇ ਵੱਖ-ਵੱਖ ਮੰਡੀਆਂ ’ਚੋਂ ਆ ਕੇ ਵਪਾਰੀ ਮੱਝਾਂ ਸਪਲਾਈ ਕਰਦੇ ਹਨ। ਵਪਾਰੀਆਂ ਨੇ ਕਈ ਥਾਵਾਂ ’ਤੇ ਦਫ਼ਤਰ ਬਣਾਏ ਹਨ, ਜਿੱਥੇ ਵਪਾਰੀ ਅਦਾਇਗੀ ਲੈ ਕੇ ਜਾਂਦੇ ਹਨ। ਜ਼ਿਆਦਾਤਰ ਲੈਣ-



ਦੇਣ ਨਕਦ ਹੁੰਦਾ ਹੈ, ਜਿਸ ਕਰ ਕੇ ਵਪਾਰੀਆਂ ਨੂੰ ਕੈਸ਼ ਰੱਖਣਾ ਪੈਂਦਾ ਹੈ। ਡੇਰਾਬੱਸੀ ਪੁੱਲ ਥੱਲੇ ਐਕਸਿਸ ਬੈਂਕ ਦੇ ਸਾਹਮਣੇ ਚੁਬਾਰੇ ’ਚ ਕੁਝ ਵਾਪਰੀਆਂ ਦਾ ਦਫ਼ਤਰ ਹੈ, ਜਿੱਥੇ ਬਦਮਾਸ਼ਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ। 5 ਬਦਮਾਸ਼ਾਂ ’ਚੋਂ ਇਕ ਥੱਲੇ ਖੜ੍ਹਾ ਹੋ ਗਿਆ ਤੇ ਬਾਕੀ 4 ਚੁਬਾਰੇ ’ਚ ਚਲੇ ਗਏ। ਉਨ੍ਹਾਂ ਦਫ਼ਤਰ ’ਚ ਬੈਠੇ ਵਪਾਰੀਆਂ ਨੂੰ ਬੰਦੂਕ ਦਿਖਾ ਉਨ੍ਹਾਂ ਤੋਂ ਅਲਮਾਰੀ ਦੀ ਚਾਬੀ ਮੰਗੀ ਤੇ 5 ਲੱਖ 80 ਹਜਾਰ ਰੁਪਏ ਲੈ ਕੇ ਫਰਾਰ ਹੋ ਗਏ। ਇਸ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ। ਥਾਣਾ ਮੁਖੀ ਮਨਦੀਪ ਸਿੰਘ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਤੋਂ ਲੁੱਟ ’ਚ ਇਸਤੇਮਾਲ ਕਾਰ ਵੀ ਬਰਾਮਦ ਹੋਈ ਹੈ। ਫਿਲਹਾਲ ਬਾਕੀ ਮੁਲਜਮਾਂ ਦੀ ਭਾਲ ਕੀਤੀ ਜਾ ਰਹੀ ਹੈ, ਉਨ੍ਹਾਂ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

## ਸਹੁਰੇ ਪਰਿਵਾਰ ਨੇ ਨੂੰਹ ਨੂੰ ਉਤਾਰਿਆ ਮੌਤ ਦੇ ਘਾਟ, ਵਜ੍ਹਾ ਜਾਣ ਹੋਵੋਗੇ ਹੈਰਾਨ

ਅੰਮ੍ਰਿਤਸਰ 4 ਫਰਵਰੀ। ਅੰਮ੍ਰਿਤਸਰ ਦੇ ਥਾਣਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਕੁਕੜਾਂ ਵਾਲਾ ਵਿਖੇ ਇੱਕ ਵਿਆਹੁਤਾ ਔਰਤ ਵੱਲੋਂ ਖੁਦਕੁਸੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਔਰਤ ਦੇ ਵਿਆਹ ਨੂੰ 12 ਸਾਲ ਹੋ ਚੱਲੇ ਹਨ ਤੇ ਉਸਦੇ ਦੋ ਬੱਚੇ ਵੀ ਹਨ। ਉਸਦੇ ਸਹੁਰੇ ਪਰਿਵਾਰ ਵੱਲੋਂ ਉਸ ਨੂੰ ਆਏ ਦਿਨ ਕਾਫੀ ਤੰਗ ਪਰੇਸਾਨ ਕੀਤਾ ਜਾਂਦਾ ਸੀ ਤੇ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਸੀ। ਉਥੇ ਹੀ ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਸਾਡੀ ਕੁੜੀ ਨੂੰ ਉਸਦੇ ਸਹੁਰੇ ਪਰਿਵਾਰ ਨੇ ਕਤਲ ਕੀਤਾ ਹੈ।



ਅਸੀਂ ਪੁਲਸ ਪ੍ਰਸਾਸਨ ਕੋਲੋਂ ਇਨਸਾਫ ਦੀ ਗੁਹਾਰ ਲਗਾਉਂਦੇ ਹਾਂ ਫਿਲਹਾਲ ਪੁਲਸ ਵੱਲੋਂ ਮ੍ਰਿਤਕਾ ਮਨਪ੍ਰੀਤ ਕੌਰ ਦੀ ਲਾਸ ਨੂੰ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਮ੍ਰਿਤਕਾ ਮਨਪ੍ਰੀਤ ਕੌਰ ਦੇ ਪਰਿਵਾਰਿਕ ਮੈਂਬਰਾਂ ਦਾ ਕਹਿਣਾ ਹੈ ਕਿ ਉਸ ਦੇ ਸਹੁਰੇ ਪਰਿਵਾਰ ਵੱਲੋਂ ਉਸ ਨੂੰ ਕਾਫੀ ਤੰਗ ਪਰੇਸਾਨ ਕੀਤਾ ਜਾਂਦਾ ਸੀ ਆਏ ਦਿਨ ਦਾਜ ਦੀ ਡਿਮਾਂਡ ਕਰਦੇ ਰਹਿੰਦੇ ਸਨ, ਜਿਸ ਦੇ ਚਲਦੇ ਉਸਦੇ ਸਹੁਰੇ ਵੱਲੋਂ ਤੇ ਉਸਦੇ ਪਤੀ ਵੱਲੋਂ ਵੀ ਸਾਡੀ ਕੁੜੀ ਨੂੰ ਕੁੱਟਿਆ ਜਾਂਦਾ ਸੀ। ਉਹਨਾਂ ਕਿਹਾ ਕਿ ਸਾਡੀ ਕੁੜੀ ਕਦੇ ਵੀ ਖੁਦਕੁਸੀ ਨਹੀਂ ਕਰ ਸਕਦੀ ਸੀ, ਉਸਦਾ ਕਤਲ ਕੀਤਾ ਗਿਆ ਹੈ, ਅਸੀਂ ਪੁਲਸ ਪ੍ਰਸਾਸਨ ਕੋਲੋ ਇਨਸਾਫ ਦੀ ਮੰਗ ਕਰਦੇ ਹਾਂ। ਇਸ ਮੌਕੇ ਪੁਲਸ ਅਧਿਕਾਰੀ ਦਾ ਕਹਿਣਾ ਹੈ ਕਿ ਮਨਪ੍ਰੀਤ ਕੌਰ ਨਾਮ ਦੀ ਮਹਿਲਾ ਵੱਲੋਂ ਖੁਦਕੁਸੀ ਕੀਤੀ ਗਈ ਹੈ ।

## ਨਵੇਂ ਰਿਕਾਰਡ ਪੱਧਰ ‘ਤੇ ਪਹੁੰਚੀ ਸੋਨੇ ਦੀ ਕੀਮਤ, ਚਾਂਦੀ ‘ਚ ਵੀ ਵਾਧਾ ਜਾਰੀ

ਨਵੀਂ ਦਿੱਲੀ 4 ਫਰਵਰੀ। ਸੋਨੇ-ਚਾਂਦੀ ਦੇ ਵਾਇਦਾ ਕਾਰੋਬਾਰ ‘ਚ ਉਛਾਲ ਜਾਰੀ ਹੈ। ਸੋਨੇ ਦੇ ਵਾਇਦਾ ਨੇ ਅੱਜ ਨਵਾਂ ਰਿਕਾਰਡ ਬਣਾਇਆ ਅਤੇ 80,440 ਰੁਪਏ ਦੇ ਸਭ ਤੋਂ ਉੱਚੇ ਪੱਧਰ ‘ਤੇ ਪਹੁੰਚ ਗਿਆ। ਕੌਮਾਂਤਰੀ ਬਾਜਾਰ ‘ਚ ਚਾਂਦੀ 0.13 ਫੀਸਦੀ ਦੇ ਵਾਧੇ ਨਾਲ 91,170 ਰੁਪਏ ਦੇ ਆਸ-ਪਾਸ ਕਾਰੋਬਾਰ ਕਰ ਰਹੀ ਹੈ, ਜਦਕਿ ਚਾਂਦੀ ਮਜਬੂਤ ਸੁਰੂਆਤ ਤੋਂ ਬਾਅਦ ਗਿਰਾਵਟ ਨਾਲ ਕਾਰੋਬਾਰ ਕਰ ਰਹੀ ਹੈ। ਸੋਨੇ ਦੇ ਫਿਊਚਰਜ ਦੀਆਂ ਕੀਮਤਾਂ ਦੀ ਸ਼ੁਰੂਆਤ ਵਾਧੇ ਨਾਲ ਹੋਈ। ਮਲਟੀ ਕਮੋਡਿਟੀ ਐਕਸਚੇਂਜ ()



‘ਤੇ ਸੋਨੇ ਦਾ ਬੈਂਚਮਾਰਕ ਫਰਵਰੀ ਦਾ ਕੰਟਰੈਕਟਰ ਅੱਜ 36 ਰੁਪਏ ਦੇ ਵਾਧੇ ਨਾਲ 80,325 ਰੁਪਏ ‘ਤੇ ਖੁੱਲ੍ਹਿਆ। ਲਿਖਣ ਦੇ ਸਮੇਂ, ਇਹ ਕੰਟਰੈਕਟ 63 ਰੁਪਏ ਦੇ ਵਾਧੇ ਨਾਲ 80,352 ਰੁਪਏ ‘ਤੇ ਕਾਰੋਬਾਰ ਕਰ ਰਿਹਾ ਸੀ। ਇਸ ਸਮੇਂ ਇਹ ਦਿਨ ਦੇ ਉੱਚੇ ਪੱਧਰ 80,413 ਰੁਪਏ ਅਤੇ ਦਿਨ ਦੇ ਹੇਠਲੇ ਪੱਧਰ 80,325 ਰੁਪਏ ‘ਤੇ ਪਹੁੰਚ ਗਿਆ। ਸੋਨਾ ਵਾਇਦਾ ਅੱਜ 80,413 ਰੁਪਏ ਦੇ ਉੱਚ ਪੱਧਰ ਨੂੰ ਛੂਹ ਗਿਆ। ਚਾਂਦੀ ਦੀਆਂ ਕੀਮਤਾਂ ‘ਚ ਵੀ ਤੇਜੀ ਰਹੀ। ‘ਤੇ ਚਾਂਦੀ ਦਾ ਬੈਂਚਮਾਰਕ ਮਾਰਚ ਕੰਟਰੈਕਟ ਅੱਜ 1 ਰੁਪਏ ਦੇ ਵਾਧੇ ਨਾਲ 91,052 ਰੁਪਏ ‘ਤੇ ਖੁੱਲ੍ਹਿਆ। ਹਾਲਾਂਕਿ ਖਬਰ ਲਿਖੇ ਜਾਣ ਤੱਕ ਇਹ ਕੰਟਰੈਕਟ 49 ਰੁਪਏ ਦੀ ਗਿਰਾਵਟ ਨਾਲ 91,002 ਰੁਪਏ ‘ਤੇ ਕਾਰੋਬਾਰ ਕਰ ਰਿਹਾ ਸੀ। ਇਸ ਸਮੇਂ ਇਹ ਦਿਨ ਦੇ ਉੱਚੇ ਪੱਧਰ 91,154 ਰੁਪਏ ਅਤੇ ਦਿਨ ਦੇ ਹੇਠਲੇ ਪੱਧਰ 90,905 ਰੁਪਏ ‘ਤੇ ਪਹੁੰਚ ਗਿਆ। ਪਿਛਲੇ ਸਾਲ ਚਾਂਦੀ ਦੀ ਫਿਊਚਰ ਕੀਮਤ 1,00081 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਉੱਚ ਪੱਧਰ ਨੂੰ ਛੂਹ ਗਈ ਸੀ। ਪਿਛਲੇ ਸਾਲ ਸੋਨੇ ਦੀ ਕੀਮਤ 20.22 ਫੀਸਦੀ ਵਧੀ ਸੀ। ਇਸ ਦੇ ਨਾਲ ਹੀ ਚਾਂਦੀ ਦੀ ਕੀਮਤ ‘ਚ 17.19 ਫੀਸਦੀ ਦਾ ਵਾਧਾ ਹੋਇਆ ਹੈ। 1 ਜਨਵਰੀ 2024 ਨੂੰ ਸੋਨਾ 63,352 ਰੁਪਏ ਪ੍ਰਤੀ 10 ਗ੍ਰਾਮ ਸੀ, ਜੋ 31 ਦਸੰਬਰ 2024 ਨੂੰ 76,162 ਰੁਪਏ ਪ੍ਰਤੀ 10 ਗ੍ਰਾਮ ‘ਤੇ ਪਹੁੰਚ ਗਿਆ। ਇਸ ਦੌਰਾਨ ਇਕ ਕਿਲੋ ਚਾਂਦੀ ਦੀ ਕੀਮਤ 73,395 ਰੁਪਏ ਪ੍ਰਤੀ ਕਿਲੋ ਤੋਂ ਵਧ ਕੇ 86,017 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ।

## ਨਸ਼ੇ ਦੀ ਤੋੜ ‘ਚ ਅੰਨ੍ਹੀ ਹੋ ਗਈ ਔਰਤ, ਕੁਝ ਨਾ ਮਿਲਿਆ ਤਾਂ ਜਹਿਰੀਲੀ ਮੱਕੜੀ ਨੂੰ ਪੀਸ ਕੇ...

ਇੰਟਰਨੈਸ਼ਨਲ ਡੈਸਕ 4 ਫਰਵਰੀ। ਕੈਲੀਫੋਰਨੀਆ ਵਿੱਚ ਇੱਕ 37 ਸਾਲਾ ਔਰਤ ਨੇ ਇਹ ਦੇਖਣ ਲਈ ਕਿ ਉਹ ਇਸ ਨਾਲ ਨਸ਼ਾ ਕਰ ਸਕਦੀ ਹੈ, ਇਕ ਬਲੈਕ ਵਿਡੋ ਮੱਕੜੀ ਦੇ ਜਹਿਰ ਦਾ ਆਪਣੇ ਸਰੀਰ ਵਿੱਚ ਟੀਕਾ ਲਗਾ ਲਿਆ। ਇਸ ਤੋਂ ਬਾਅਦ ਉਸਦੀ ਹਾਲਤ ਵਿਗੜਨ ਲੱਗੀ। ਕੁਝ ਘੰਟਿਆਂ ਬਾਅਦ ਉਸਨੂੰ ਐਮਰਜੈਂਸੀ ਰੂਮ ਵਿੱਚ ਦਾਖਲ ਕਰਵਾਇਆ ਗਿਆ। ਉੱਥੇ ਉਸ ਦੀ ਮੌਤ ਹੋ ਗਈ। ਬਲੈਕ ਵਿਡੋ ਮੱਕੜੀ ਦਾ ਜਹਿਰ ਇੰਜੈਕਟ ਕਰਨ ਵਾਲੀ ਔਰਤ ਨੂੰ ਜਦੋਂ ਹਸਪਤਾਲ ਲਿਆਂਦਾ ਗਿਆ ਤਾਂ ਉਹ ਲਗਭਗ ਮਰ ਚੁੱਕੀ ਸੀ। ਕੈਲੀਫੋਰਨੀਆ ਦੀ 37 ਸਾਲਾ ਔਰਤ ਨੂੰ ਗੰਭੀਰ ਕੜਵੱਲ ਅਤੇ ਮਾਸਪੇਸੀਆਂ ਵਿੱਚ ਦਰਦ ਹੋਣ ਲੱਗਾ। ਉਸਨੂੰ ਮੁੱਖ ਤੌਰ ‘ਤੇ ਆਪਣੀ ਪਿੱਠ, ਪੇਟ ਅਤੇ ਪੱਟਾਂ ਵਿੱਚ ਗੰਭੀਰ ਖਿੱਚ ਪੈ ਰਹੀ ਸੀ ਅਤੇ ਦਰਦ ਹੋ ਰਿਹਾ ਸੀ। ਉਸਨੇ ਸਿਰ ਦਰਦ ਅਤੇ ਬੇਚੈਨੀ ਦੀ ਵੀ ਸ਼ਿਕਾਇਤ ਕੀਤੀ ਜਦੋਂਕਿ ਉਸਦੀ ਨਬਜ, ਸਾਹ ਦੀ ਦਰ ਅਤੇ ਬਲੱਡ ਪ੍ਰੈਸ਼ਰ ਵੱਧ ਗਿਆ ਸੀ। ਨਾਲ ਹੀ ਉਸਨੂੰ ਬੁਖਾਰ ਵੀ ਸੀ। ਉਸਨੇ ਡਾਕਟਰਾਂ ਦੇ ਸਾਹਮਣੇ ਸਵੀਕਾਰ ਕੀਤਾ ਗਿਆ ਉਸਨੇ ਬਲੈਕ ਵਿਡੋ ਮੱਕੜੀ ਨੂੰ ਪੀਸ ਕੇ ਨਸ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਡੇਲੀ ਸਟਾਰ ਦੀ ਰਿਪੋਰਟ ‘ਚ ਔਰਤ ਦੀ ਪਛਾਣ ਨਹੀਂ ਦੱਸੀ ਗਈ। ਕਥਿਤ ਤੌਰ ‘ਤੇ ਉਸਦਾ ਹੈਰੋਇਨ ਦੇ ਸੇਵਨ ਦਾ ਇਤਿਹਾਸ ਰਿਹਾ ਹੈ। ਉਸਨੇ ਪਿਸੀ ਹੋਈ ਜਹਿਰੀਲੀ ਮੱਕੜੀ ਨੂੰ ਡਿਸਟਿਲਡ ਵਾਟਰ ‘ਚ ਮਿਲਾਇਆ ਅਤੇ ਉਸਨੂੰ ਨਾੜਾਂ ‘ਚ ਇੰਜੈਕਟ ਕਰ ਲਿਆ। ਇਕ ਘੰਟੇ ਬਾਅਦ ਉਸਦੇ ਸਰੀਰ ਅੰਦਰ ਕਈ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਹੋਣ ਲੱਗੀਆਂ ਅਤੇ ਹਸਪਤਾਲ ਪਹੁੰਚਣ ਦੇ ਕਈ ਘੰਟਿਆਂ ਬਾਅਦ ਉਸਨੂੰ ਸਾਹ ਲੈਣ ‘ਚ ਤਕਲੀਫ ਹੋਣ ਲੱਗੀ। ਉਸਨੂੰ ਸਾਹ ਲੈਣ ‘ਚ ਇੰਨੀ ਤਕਲੀਫ ਹੋਣ ਲੱਗੀ ਕਿ ਆਈ.ਸੀ.ਯੂ. ‘ਚ ਦਾਖਲ ਕਰਨਾ ਪਿਆ। ਮੈਡੀਕਲ ਟੀਮ ਨੇ ਸਾਹ ਨਲੀ ਦੀਆਂ ਮਾਸਪੇਸ਼ੀਆ ਨੂੰ ਆਰਾਮ ਦੇਣ ਵਾਲੀ ਦਵਾਈ ਦੀਆਂ ਤਿੰਨ ਖੁਰਾਕਾਂ ਦੇ ਕੇ ਉਸਦੀ ਘਬਰਾਹਟ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ, ਜੋ ਆਮਤੌਰ ‘ਤੇ ਦਮੇ ਲਈ ਇਸਤੇਮਾਲ ਕੀਤੀ ਜਾਂਦੀ ਹੈ। ਹਾਲਾਂਕਿ, ਇਹ ਇਲਾਜ ਵੀ ਕਿਸੇ ਕੰਮ ਨਹੀਂ ਆਇਆ। ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ, ਉਸਨੂੰ ਸਾਹ ਲੈਣ ‘ਚ ਤਕਲੀਫ ਹੁੰਦੀ ਰਹੀ ਅਤੇ ਅਗਲੇ ਦਿਨ ਉਸਨੂੰ ਨੇਬੁਲਾਈਜਰ ਦੀ ਲੋੜ ਪਈ। ਡਾਕਟਰਾਂ ਨੇ ਫਿਰ ਉਸਨੂੰ ਮੋਰਫਿਨ ਅਤੇ ਲੋਰਾਜੇਪਾਮ ਦਿੱਤਾ। ਹਾਰਵਰਡ ਮੈਡੀਕਲ ਸਕੂਲ ਦੇ ਮਾਹਿਰਾਂ ਦੇ ਅਨੁਸਾਰ, ਕੁਝ ਮਾਮਲਿਆਂ ਵਿੱਚ ਇਹ ਸੋਜ ਦਾ ਕਾਰਨ ਬਣ ਸਕਦਾ ਹੈ, ਜੋ ਸਾਹ ਲੈਣ ਵਿੱਚ ਰੁਕਾਵਟ ਪਾਉਂਦਾ ਹੈ। ਡਾਕਟਰਾਂ ਨੂੰ ਸੱਕ ਹੈ ਕਿ ਦਮੇ ਤੋਂ ਪੀੜਤ ਮਰੀਜ ਨੂੰ ਜਹਿਰ ਵਿੱਚ ਪਾਏ ਜਾਣ ਵਾਲੇ ਪ੍ਰੋਟੀਨ ਤੋਂ ਐਲਰਜੀ ਕਾਰਨ ਸਾਹ ਲੈਣ ਵਿੱਚ ਮੁਸਕਲ ਆ ਸਕਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਜਦੋਂ ਬਲੈਕ ਵਿਡੋ ਕੱਟਦੀ ਹੈ ਤਾਂ ਇਹ ਬਹੁਤ ਘੱਟ ਮਾਤਰਾ ਵਿੱਚ ਜਹਿਰ ਇੰਜੈਕਟ ਕਰਦੀ ਹੈ। ਅਜਿਹੇ ਉਸਦਾ ਪੂਰਾ ਜਹਿਰ ਸਰੀਰ ਵਿੱਚ ਇੰਜੈਕਟਕਰਨ ਕਾਰਨ ਸਰੀਰ ‘ਤੇ ਮਾੜਾ ਪ੍ਰਭਾਵ ਪਿਆ ਅਤੇ ਔਰਤ ਦੀ ਮੌਤ ਹੋ ਗਈ।

## ਪ੍ਰੇਮ ਸਬੰਧਾਂ ਦੇ ਸੱਕ ‘ਚ ਜਿੰਦਾ ਸਾੜਿਆ ਨੌਜਵਾਨ

ਲਖੀਸਰਾਏ 4 ਫਰਵਰੀ। ਬਿਹਾਰ ਦੇ ਲਖੀਸਰਾਏ ਜ?ਿਲ੍ਹੇ ਵਿੱਚ ਕੁੜੀ ਦੇ ਪਿਤਾ ਨੇ ਪ੍ਰੇਮ ਸਬੰਧਾਂ ਦੇ ਚੱਲਦਿਆਂ ਨੌਜਵਾਨ ਨੂੰ ਜ?ਿਦਾ ਸਾੜ ਦਿੱਤਾ ਅਤੇ ਉਸਦੀ ਲਾਸ ਨੂੰ ਪਾਣੀ ਨਾਲ ਭਰੇ ਟੋਏ ਵਿੱਚ ਸੁੱਟ ਦਿੱਤਾ। ਇੱਕ ਪੁਲਸ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਹਲਸੀ ਥਾਣਾ ਖੇਤਰ ਦੇ ਬੇਲਾ ਪਿੰਡ ਵਿੱਚ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਪ੍ਰੇਮਿਕਾ ਅਤੇ ਉਸਦੇ ਪਿਤਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਹਲਸੀ ਪੁਲਸ ਸਟੇਸਨ ਦੇ ਮੁਖੀ ਰਣਜੀਤ ਰੰਜਨ ਨੇ ਦੱਸਿਆ ਕਿ ਮ੍ਰਿਤਕ ਦਾ ਨਾਮ ਸੰਦੀਪ ਕੁਮਾਰ (18) ਹੈ। ਉਨ੍ਹਾਂ ਕਿਹਾ ਕਿ ਲਾਸ ਨੂੰ ਪਾਣੀ ਨਾਲ ਭਰੇ ਡੂੰਘੇ ਟੋਏ ਵਿੱਚੋਂ ਬਰਾਮਦ ਕਰਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਥਾਣਾ ਇੰਚਾਰਜ ਨੇ ਦੱਸਿਆ ਕਿ ਕਤਲ ਦਾ ਕਾਰਨ ਪ੍ਰੇਮ ਸਬੰਧ ਹੈ। ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪਿਤਾ ਧਰਮਿੰਦਰ ਰਾਮ ਅਤੇ ਉਸ ਦੀ ਧੀ ਨੀਸਾ ਕੁਮਾਰੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੰਦੀਪ ਦੇ ਪਿਤਾ ਅਰਵਿੰਦ ਕੁਮਾਰ ਨੇ 26 ਜਨਵਰੀ ਨੂੰ ਪੁਲਸ ਨੂੰ ਉਸਦੇ ਲਾਪਤਾ ਹੋਣ ਬਾਰੇ ਸੂਚਿਤ ਕੀਤਾ ਸੀ। ਐੱਸ.ਐੱਚ.ਓ. ਨੇ ਕਿਹਾ ਕਿ ਪੁੱਛਗਿੱਛ ਦੌਰਾਨ ਲੜਕੀ ਦੇ ਪਿਤਾ ਨੇ ਸੰਦੀਪ ਨੂੰ ਕੁੱਟਣ, ਉਸਦਾ ਗਲਾ ਘੁੱਟਣ, ਉਸਨੂੰ ਸਾੜਨ ਅਤੇ ਫਿਰ ਲਾਸ ਨੂੰ ਟੋਏ ਵਿੱਚ ਸੁੱਟਣ ਦੀ ਗੱਲ ਕਬੂਲ ਕੀਤੀ।

## ਪਤਨੀ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਪਤੀ ਨੂੰ 10 ਸਾਲ ਦੀ ਕੈਦ, ਬੱਚਿਆਂ ਨੇ ਦਿੱਤੀ ਪਿਤਾ ਖਿਲਾਫ ਗਵਾਹੀ

ਬਰੇਲੀ (ਯੂਪੀ) 4 ਫਰਵਰੀ। ਉੱਤਰ ਪ੍ਰਦੇਸ ਦੇ ਬਰੇਲੀ ਦੀ ਇੱਕ ਸਥਾਨਕ ਅਦਾਲਤ ਨੇ ਇੱਕ ਆਦਮੀ ਨੂੰ ਆਪਣੀ ਪਤਨੀ ਨੂੰ ਖੁਦਕੁਸੀ ਲਈ ਮਜਬੂਰ ਕਰਨ ਦੇ ਦੋਸ ਵਿੱਚ 10 ਸਾਲ ਦੀ ਕੈਦ ਦੀ ਸਜਾ ਸੁਣਾਈ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਅਦਾਲਤ ਨੇ ਮੁਲਜਮ ਨੂੰ ਉਸਦੇ ਬੱਚਿਆਂ ਦੀ ਗਵਾਹੀ ਦੇ ਆਧਾਰ ‘ਤੇ ਦੋਸੀ ਠਹਿਰਾਇਆ। ਵਧੀਕ ਜ?ਿਲ੍ਹਾ ਅਤੇ ਸਰਕਾਰੀ ਵਕੀਲ ਦਿਗੰਬਰ ਸਿੰਘ ਨੇ ਬੁੱਧਵਾਰ ਨੂੰ ਕਿਹਾ ਕਿ 29 ਅਗਸਤ, 2023 ਨੂੰ ਸੰਜੇ ਨਗਰ ਦੇ ਵਸਨੀਕ ਵਿਕਾਸ ਉਪਾਧਿਆਏ ਨੇ ਆਪਣੀ ਪਤਨੀ ਵੰਦਨਾ ‘ਤੇ ਹਮਲਾ ਕੀਤਾ ਅਤੇ ਅਗਲੇ ਦਿਨ ਵੰਦਨਾ ਨੇ ਫਾਹਾ ਲੈ ਕੇ ਖੁਦਕੁਸੀ ਕਰ ਲਈ। ਉਸਨੇ ਦੱਸਿਆ ਕਿ ਇਸ ਮਾਮਲੇ ‘ਚ ਵਿਕਾਸ ਦੇ 11 ਸਾਲ ਦੇ ਪੁੱਤਰ ਅਤੇ 8 ਸਾਲ ਦੀ ਧੀ ਨੇ ਵੀ ਅਦਾਲਤ ‘ਚ ਆਪਣੇ ਪਿਤਾ ਵਿਰੁੱਧ ਗਵਾਹੀ ਦਿੱਤੀ ਸੀ। ਦੋਵਾਂ ਬੱਚਿਆਂ ਨੇ ਕਿਹਾ ਸੀ ਕਿ ਉਨ੍ਹਾਂ ਦੇ ਪਿਤਾ ਅਕਸਰ ਉਨ੍ਹਾਂ ਦੀ ਮਾਂ ਨੂੰ ਕੁੱਟਦੇ ਅਤੇ ਤਸੀਹੇ ਦਿੰਦੇ ਸਨ। ਬੱਚਿਆਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਪਿਤਾ ਅਕਸਰ ਉਨ੍ਹਾਂ ਦੀ ਮਾਂ ਨੂੰ ਕਹਿੰਦੇ ਸਨ, “ਤੂੰ ਮਰ ਕਿਉਂ ਨਹੀਂ



ਜਾਂਦੀ?” ਵਧੀਕ ਸੈਸਨ ਜੱਜ (ਪਹਿਲਾ) ਰਵੀ ਕੁਮਾਰ ਦਿਵਾਕਰ ਦੀ ਅਦਾਲਤ ਨੇ ਮੰਗਲਵਾਰ ਨੂੰ ਵਿਕਾਸ ਨੂੰ ਆਪਣੀ ਪਤਨੀ ਨੂੰ ਖੁਦਕੁਸੀ ਲਈ ਉਕਸਾਉਣ ਦਾ ਦੋਸੀ ਪਾਇਆ ਅਤੇ ਉਸਨੂੰ 10 ਸਾਲ ਦੀ ਕੈਦ ਅਤੇ 50,000 ਰੁਪਏ ਜੁਰਮਾਨੇ ਦੀ ਸਜਾ ਸੁਣਾਈ। ਇਸ ਮਾਮਲੇ ਵਿੱਚ ਵੰਦਨਾ ਦੀ ਮਾਂ ਕਾਮਿਨੀ ਸਕਸੈਨਾ ਦੀ ਸ?ਿਕਾਇਤ ‘ਤੇ ਮਾਮਲਾ ਦਰਜ ਕੀਤਾ ਗਿਆ ਸੀ। ਇਸਤਗਾਸਾ ਪੱਖ ਨੇ ਆਪਣੇ ਦੋਸਾਂ ਦੇ ਸਮਰਥਨ ਵਿੱਚ ਅੱਠ ਗਵਾਹ ਪੇਸ ਕੀਤੇ ਸਨ, ਜਿਨ੍ਹਾਂ ਵਿੱਚ ਦੋ ਬੱਚੇ ਵੀ ਸਾਮਲ ਸਨ।

### ਡਿਜੀਟਲ ਅਰੈਸਟ ਮਗਰੋਂ 45,86,000 ਰੁਪਏ ਦੀ ਠੱਗੀ

ਛਪਰਾ 4 ਫਰਵਰੀ। ਜ?ਿਲ੍ਹਾ ਪੁਲਸ ਨੇ ਬਿਹਾਰ ਦੇ ਸਰਨ ਜ?ਿਲ੍ਹੇ ਦੇ ਮਸਰਾਖ ਥਾਣਾ ਖੇਤਰ ਵਿੱਚ ਡਿਜੀਟਲ ਅਰੈਸਟ ਰਾਹੀਂ ਪੈਸੇ ਕਢਵਾਉਣ ਵਿੱਚ ਸਾਮਲ ਪੱਛਮੀ ਬੰਗਾਲ ਦੇ ਇੱਕ ਮੁਲਜਮ ਨੂੰ ਗ੍ਰਿਫਤਾਰ ਕੀਤਾ ਹੈ। ਸਾਰਨ ਸਾਈਬਰ ਪੁਲਸ ਸਟੇਸਨ ਦੇ ਇੰਚਾਰਜ-ਕਮ-ਡਿਪਟੀ ਸੁਪਰਡੈਂਟ ਆਫ ਪੁਲਸ ਅਮਨ ਨੇ ਬੁੱਧਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਮਸਰਾਖ ਥਾਣਾ ਖੇਤਰ ਦੇ ਨਹਿਰੂ ਟੋਲਾ ਪਿੰਡ ਦੇ ਵਸਨੀਕ ਵਿਕਾਸ ਕੁਮਾਰ ਨੇ 3 ਨਵੰਬਰ, 2024 ਨੂੰ ਇੱਕ ਲਿਖਤੀ ਅਰਜੀ ਦਿੱਤੀ ਸੀ। ਉਸਨੇ ਕਿਹਾ ਕਿ ਉਸਨੇ ਆਪਣੇ ਮੋਬਾਈਲ ‘ਤੇ ਵੀਡੀਓ ਕਾਲ ਕੀਤੀ ਸੀ ਅਤੇ ਆਪਣੇ ਆਪ ਨੂੰ ਅਪਰਾਧ ਸਾਖਾ ਦੇ ਸਾਹਮਣੇ ਪੇਸ ਕੀਤਾ ਸੀ। ਉਸਨੇ ਆਪਣੇ ਆਪ ਨੂੰ ਸੀਬੀਆਈ ਦੇ ਇੱਕ ਅਧਿਕਾਰੀ ਵਜੋਂ ਪੇਸ ਕੀਤਾ ਅਤੇ ਮੁਦਈ ਤੋਂ ਸੁਪਰੀਮ ਕੋਰਟ ਦੇ ਹਲਫਨਾਮੇ ਵਰਗੀ ਇੱਕ ਆਨਲਾਈਨ ਅਰਜੀ ‘ਤੇ ਦਸਤਖਤ ਕਰਵਾਏ। ਜਾਂਚ ਦੇ ਨਾਮ ‘ਤੇ ਉਸਦੇ ਖਾਤੇ ਵਿੱਚੋਂ ਧੋਖਾਧੜੀ ਨਾਲ ਕੁੱਲ 45,86,000 ਰੁਪਏ ਕਢਵਾ ਲਏ ਗਏ ਹਨ। ਅਮਨ ਨੇ ਦੱਸਿਆ ਕਿ ਇਸ ਅਰਜੀ ਦੇ ਆਧਾਰ ‘ਤੇ, ਸਾਈਬਰ ਪੁਲਸ ਸਟੇਸਨ ਨੇ ਐੱਫਆਈਆਰ ਦਰਜ ਕੀਤੀ ਸੀ ਅਤੇ ਪਹਿਲਾਂ ਤਿੰਨ ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਸੀ।

## ਵਿਆਹ ਤੋਂ ਪਰਤ ਰਹੀ ਕਰੂਜਰ ਗੱਡੀ ਭਾਖੜਾ ‘ਚ ਡਿੱਗੀ, 14 ਲੋਕ ਰੁੜੇ, 5 ਲਾਸ਼ਾਂ ਮਿਲੀਆਂ

ਬੁਢਲਾਡਾ 4 ਫਰਵਰੀ। ਵਿਆਹ ਸਮਾਗਮ ਤੋਂ ਆ ਰਹੀ ਕਰੂਜਰ ਗੱਡੀ ਧੁੰਦ ਕਾਰਨ ਅਚਾਨਕ ਭਾਖੜਾ ਵਿਚ ਡਿੱਗਣ ਕਾਰਨ ਕੁਝ ਵਿਅਕਤੀਆਂ ਦੇ ਲਾਪਤਾ ਹੋਣ ਦੀ ਸੂਚਨਾ ਮਿਲੀ ਹੈ। ਗੱਡੀ ਵਿਚ ਕਰੀਬ 14 ਵਿਅਕਤੀ ਸਵਾਰ ਸਨ। ਜਿਨ੍ਹਾਂ ਵਿਚੋਂ ਕੁਝ ਦੀਆਂ ਲਾਸ਼ਾਂ ਥੋੜੀ ਦੂਰੀ ਤੋਂ ਬਾਅਦ ਬਰਾਮਦ ਕਰ ਲਈਆਂ ਗਈਆਂ ਹਨ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬੁਢਲਾਡਾ ਹਲਕੇ ਦੇ ਪਿੰਡ ਰਿਊਂਦ ਕਲਾਂ, ਪਿੰਡ ਸਸਪਾਲੀ ਅਤੇ ਹਰਿਆਣਾ ਦੇ ਪਿੰਡ ਮਹਿਮੜਾ ਦੇ ਕੁਝ ਪਰਿਵਾਰ ਆਪਣੇ ਰਿਸ਼ਤੇਦਾਰਾਂ ਦੇ ਵਿਆਹ ਸਮਾਗਮ ਜਲਾਲਾਬਾਦ ਤੋਂ ਦੇਰ ਰਾਤ ਵਾਪਸ ਆ ਰਹੇ ਸਨ ਕਿ ਜ?ਿਆਦਾ ਧੁੰਦ ਹੋਣ ਕਾਰਨ ਉਨ੍ਹਾਂ ਦੀ ਕਰੂਜਰ ਗੱਡੀ ਸਰਦਾਰੇਵਾਲਾ ਪਿੰਡ ਦੇ ਨਜਦੀਕ ਪੰਜਾਬ ਦੀ ਹੱਦ ਨਾਲ ਲੱਗਦੀ ਭਾਖੜਾ ਨਹਿਰ ਵਿਚ ਜਾ ਡਿੱਗੀ। ਇਸ ਵਿਚੋਂ ਪਿੰਡ ਰਿਊਂਦ ਕਲਾਂ ਦਾ ਜਰਨੈਲ ਸਿੰਘ ਕਿਸੇ ਤਰ੍ਹਾਂ ਨਹਿਰ ‘ਚੋਂ ਬਾਹਰ ਨਿਕਲ ਆਇਆ ਅਤੇ 10 ਸਾਲ ਦੇ ਅਰਮਾਨ ਰਿਊਂਦ ਨੂੰ ਲੋਕਾਂ ਨੇ ਕੁਝ ਸਮੇਂ ਬਾਅਦ ਬਚਾ ਲਿਆ। ਬਚਾਅ ਟੀਮ ਨੇ ਰਾਤ 12 ਵਜੇ ਗੱਡੀ ਨੂੰ ਨਹਿਰ ਵਿਚੋਂ ਬਾਹਰ ਕੱਢਿਆ। ਪਿੰਡ ਮਹਿਮੜਾ ਦੇ ਕਰੂਜਰ ਗੱਡੀ ਦੇ ਡਰਾਈਵਰ ਛਿੰਦਾ ਦੀ ਲਾਸ਼ ਵੀ ਮਿਲ ਗਈ ਹੈ ਪਰ ਬਾਕੀ 11 ਵਿਅਕਤੀਆਂ ਦਾ ਸੁਰਾਗ ਨਹੀਂ ਮਿਲ ਸਕਿਆ ਹੈ। ਜਿਸ ਵਿਚੋਂ ਜਸਵਿੰਦਰ ਸਿੰਘ (35 ਸਾਲ) ਰਿਊਂਦ ਕਲਾਂ, ਉਸਦੀ ਪਤਨੀ ਸੰਜਨਾ (34 ਸਾਲ), ਪੁੱਤਰੀ (8 ਸਾਲ) ਅਤੇ ਕਸ਼ਮੀਰ ਕੌਰ (60 ਸਾਲਾ) ਪਤਨੀ ਪ੍ਰੀਤਮ ਸਿੰਘ ਸਸਪਾਲੀ ਦੀ ਲਾਸ਼ ਬਰਾਮਦ ਹੋ ਗਈ ਹੈ। ਬਾਕੀਆਂ ਦੀ ਭਾਲ ਕੀਤੀ ਜਾ ਰਹੀ ਹੈ। ਮੌਕੇ ਹਰਿਆਣਾ ਰਤੀਆ ਦੇ ਐੱਸਡੀਐੱਮ ਜਗਦੀਸ਼ ਚੰਦਰ ਅਤੇ ਸਦਰ ਥਾਣਾ ਰਤੀਆ ਦੇ ਇੰਚਾਰਜ ਰਾਜਵੀਰ ਸਿੰਘ ਸਮੇਤ ਫਾਇਰ ਬ੍ਰਿਗੇਡ ਦੇ ਕਰਮਚਾਰੀ ਦੇਰ ਰਾਤ ਤੱਕ ਬਚਾਅ ਕਾਰਜ ‘ਚ ਲੱਗੇ ਹੋਏ ਸਨ। ਜ਼ਖਮੀ ਅਰਮਾਨ (ਕਰੀਬ 11 ਸਾਲ) ਨੂੰ ਰਤੀਆ ਹਸਪਤਾਲ ‘ਚ ਭਰਤੀ ਕਰਵਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਹਿਰ ਵਿਚ 2022 ਫੁੱਟ ਪਾਣੀ ਹੈ। ਜਰਨੈਲ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰ ਪੰਜਾਬ ਦੇ ਪਿੰਡ ਲਾਧੂਕੇ (ਜਲਾਲਾਬਾਦ) ਵਿਚ ਪ੍ਰੋਗਰਾਮ ਵਿਚ ਗਏ ਹੋਏ ਸਨ। ਜਰਨੈਲ ਸਿੰਘ ਨੇ ਦੱਸਿਆ ਕਿ ਰਾਤ ਨੂੰ ਧੁੰਦ ‘ਚ ਡਰਾਈਵਰ ਨਹਿਰ ਨਹੀਂ ਦੇਖ ਸਕਿਆ। ਉਥੇ ਵੀ ਕੋਈ ਟਰੈਕ ਨਹੀਂ ਸੀ। ਕਾਰ ਨਹਿਰ ਵਿਚ ਡਿੱਗ ਗਈ। ਜਦੋਂ ਕਾਰ ਦੀ ਪਿਛਲੀ ਖਿੜਕੀ ਖੁੱਲ੍ਹੀ ਤਾਂ ਉਹ ਅਤੇ ਅਰਮਾਨ ਖੁਦ ਕਰੂਜ਼ਰ ਤੋਂ ਬਾਹਰ ਨਿਕਲੇ। ਅਰਮਾਨ ਨੇ ਮੋਟਾ ਕੋਟ ਪਾਇਆ ਹੋਇਆ ਸੀ, ਜਿਸ ਕਾਰਨ ਉਹ ਡੁੱਬਿਆ ਨਹੀਂ। ਅਰਮਾਨ ਨੂੰ ਬਾਅਦ ਵਿਚ ਲੋਕਾਂ ਨੇ ਬਚਾ ਲਿਆ।

## ਚਾਈਨਾ ਡੋਰ ਨਾ ਵਰਤਣ ਸਬੰਧੀ ਕੀਤਾ ਜਾਗਰੂਕ

ਲੌਂਗੋਵਾਲ 4 ਫਰਵਰੀ। ਲੌਂਗੋਵਾਲ ਦੇ ਵੱਖ-ਵੱਖ ਸਕੂਲਾਂ ਅਤੇ ਜਨਤਕ ਥਾਵਾਂ ‘ਤੇ ਡੈਮੋਕ੍ਰੇਟਿਕ ਹਿਊਮਨ ਪਾਵਰ ਆਰਗੇਨਾਈਜੇਸਨ ਵਲੋਂ ਚਾਈਨਾ ਡੋਰ ਨਾ ਵਰਤਣ ਸਬੰਧੀ ਜਾਗਰੂਕ ਕੀਤਾ ਗਿਆ। ਸਮਾਜ ਸੇਵੀ ਸੰਸਥਾ ਡੈਮੋਕ੍ਰੇਟਿਕ ਹਿਊਮਨ ਪਾਵਰ ਆਰਗੇਨਾਈਜੇਸਨ ਦੇ ਸੂਬਾ ਪ੍ਰਧਾਨ ਕੁਲਦੀਪ ਸਰਮਾ ਨੇ ਦੱਸਿਆ ਕਿ ਰੋਜਾਨਾ ਵਾਹਨਾਂ ‘ਤੇ ਜਾਂਦੇ ਲੋਕਾਂ ਦੇ



ਜਖਮੀ ਹੋਣ, ਕਰੰਟ ਲੱਗਣ ਕਰਕੇ ਬੱਚਿਆਂ ਦੀ ਮੌਤ ਹੋ ਜਾਣ ਅਤੇ ਬੇਜੁਬਾਨ ਪਸੂ-ਪੰਛੀਆਂ ਦੇ ਜ਼ਖਮੀ ਹੋਣ ਦੀਆਂ ਵਾਪਰ ਰਹੀਆਂ ਘਟਨਾਵਾਂ ਨੂੰ ਰੋਕਣ ਲਈ ਸੰਸਥਾਂ ਵਲੋਂ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਸਕੂਲਾਂ ਅਤੇ ਜਨਤਕ ਥਾਵਾਂ ‘ਤੇ ਸੈਮੀਨਾਰ ਲਗਾਏ ਜਾ ਰਹੇ ਹਨ। ਅੱਜ ਕਸਬਾ ਲੌਂਗੋਵਾਲ ਵਿਖੇ ਸਹੀਦ ਭਾਈ ਮਤੀ ਦਾਸ ਸੀਨੀਅਰ ਸੈਕੰਡਰੀ ਸਕੂਲ (ਮੁੰਡੇ), ਸਰਕਾਰੀ ਮਿਡਲ ਸਕੂਲ ਲੌਂਗੋਵਾਲ ਪੱਤੀ ਜੈਦ, ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਜੈਦ, ਸਰਕਾਰੀ ਪ੍ਰਾਇਮਰੀ ਸਕੂਲ ਪੱਤੀਵੜਿਆਣੀ ਤੋਂ ਇਲਾਵਾ ਹੋਰ ਵੀ ਸਾਂਝੀਆਂ ਥਾਵਾਂ ‘ਤੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਚਾਈਨਾ ਡੋਰ ਦੇ ਮਾਰੂ ਪ੍ਰਭਾਵ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਚਾਈਨਾ ਡੋਰ ਦੀ ਵਰਤੋਂ ਘਾਤਕ ਅਤੇ ਗੈਰ-ਕਾਨੂੰਨੀ ਹੈ। ਇਸ ਮੌਕੇ ਸਹਾਇਕ ਖਜਾਨਚੀ ਦੀਪਕ ਗਰਗ, ਸੈਲੂ ਸਿੰਗਲਾ, ਹਨੀਸ ਹਨੀ, ਗੁਰਜੀਤ ਸਿੰਘ, ਸਿੱਲੀ ਲੌਂਗੋਵਾਲ ਅਤੇ ਹੋਰ ਮੈਂਬਰ ਹਾਜਰ ਸਨ।

## ਕੋਵਿਡ ਦੌਰਾਨ ਸਰਕਾਰੀ ਸਕੂਲਾਂ ‘ਚ ਦਾਖਲੇ ਦੀ ਵਾਧਾ ਦਰ ਪਲਟੀ, ਸਿੱਖਿਆ ‘ਚ ਹੋਇਆ ਸੁਧਾਰ

ਨੈਸ਼ਨਲ ਡੈਸਕ 4 ਫਰਵਰੀ। ਕੋਵਿਡ-19 ਮਹਾਂਮਾਰੀ ਦੌਰਾਨ ਸਰਕਾਰੀ ਸਕੂਲਾਂ ਵਿੱਚ ਹੋਏ ਦਾਖਲੇ ਦੇ ਵਾਧੇ ਦੀ ਸਥਿਤੀ ਹੁਣ ਉਲਟ ਗਿਆ ਹੈ। ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ 6-14 ਸਾਲ ਦੀ ਉਮਰ ਦੇ ਬੱਚਿਆਂ ਦਾ ਅਨੁਪਾਤ ਲਗਭਗ 2018 ਦੇ ਪੱਧਰ ‘ਤੇ ਵਾਪਸ ਆ ਗਿਆ ਹੈ। ਇਹ ਜਾਣਕਾਰੀ ਮੰਗਲਵਾਰ ਨੂੰ ਜਾਰੀ ਕੀਤੀ ਗਈ ਸਾਲਾਨਾ ਸਿੱਖਿਆ ਸਥਿਤੀ ਰਿਪੋਰਟ () ਵਿੱਚ ਦਿੱਤੀ ਗਈ ਹੈ। ਰਿਪੋਰਟ ਅਨੁਸਾਰ ਵਿਦਿਆਰਥੀ ਨਾ ਸਿਰਫ ਮਹਾਂਮਾਰੀ ਕਾਰਨ ਪੜ੍ਹਨ-ਲਿਖਣ ਅਤੇ ਸਿੱਖਣ ਦੀਆਂ ਯੋਗਤਾਵਾਂ ਦੇ ਨੁਕਸਾਨ ਤੋਂ ਪੂਰੀ ਤਰ੍ਹਾਂ ਉਭਰ ਗਏ ਹਨ, ਸਗੋਂ ਕੁਝ ਮਾਮਲਿਆਂ ਵਿੱਚ ਪ੍ਰਾਇਮਰੀ ਕਲਾਸਾਂ ਵਿੱਚ ਸਿੱਖਣ ਦਾ ਪੱਧਰ ਪਹਿਲਾਂ ਨਾਲੋਂ ਵੀ ਉੱਚਾ ਹੈ। ਰਿਪੋਰਟ ਵਿੱਚ ਪਾਇਆ ਗਿਆ ਕਿ 14-16 ਸਾਲ ਦੀ ਉਮਰ ਦੇ 82 ਫੀਸਦੀ ਤੋਂ ਵੱਧ ਬੱਚੇ ਸਮਾਰਟਫੋਨ ਦੀ ਵਰਤੋਂ ਕਰਨਾ ਜਾਣਦੇ ਹਨ, ਪਰ ਸਿਰਫ 57 ਫੀਸਦੀ ਹੀ ਇਸਨੂੰ ਵਿਦਿਅਕ ਉਦੇਸ ਲਈ ਵਰਤਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ, “ਕੋਵਿਡ-19 ਦੌਰਾਨ ਸਰਕਾਰੀ ਸਕੂਲਾਂ ਵਿੱਚ ਦਾਖਲਿਆਂ ਵਿੱਚ ਜੋ ਵਾਧਾ ਦੇਖਿਆ ਗਿਆ ਸੀ, ਉਹ ਉਲਟ ਗਿਆ ਹੈ। 2006 ਤੋਂ ਪੇਂਡੂ ਭਾਰਤ ਵਿੱਚ ਪ੍ਰਾਈਵੇਟ ਸਕੂਲਾਂ ਵਿੱਚ ਦਾਖਲੇ ਲਗਾਤਾਰ ਵਧ ਰਹੇ ਹਨ। ਪ੍ਰਾਈਵੇਟ ਸਕੂਲਾਂ ਵਿੱਚ ਦਾਖਲ 6-14 ਸਾਲ ਦੀ ਉਮਰ ਦੇ ਬੱਚਿਆਂ ਦਾ ਅਨੁਪਾਤ 2006 ਵਿੱਚ 18.7 ਫੀਸਦੀ ਤੋਂ ਵਧ ਕੇ 2014 ਵਿੱਚ 30.8 ਫੀਸਦੀ ਹੋ ਗਿਆ ਅਤੇ 2018 ਵਿੱਚ ਵੀ ਇਹ ਪੱਧਰ ਉਸੇ ਪੱਧਰ ‘ਤੇ ਰਿਹਾ। ਦੁਆਰਾ 605 ਪੇਂਡੂ ਜ?ਿਲ੍ਹਿਆਂ ਲਈ ਤਿਆਰ ਕੀਤੀ ਸਾਲਾਨਾ ਸਿੱਖਿਆ ਸਥਿਤੀ ਰਿਪੋਰਟ () 2024 ਵਿੱਚ ਸਰਕਾਰੀ ਸਕੂਲਾਂ ਵਿੱਚ ਸਿੱਖਣ ਦੇ ਪੱਧਰ ਵਿੱਚ ਮਹੱਤਵਪੂਰਨ ਸੁਧਾਰ ਅਤੇ ਕੋਵਿਡ-19 ਦੀ ਮਿਆਦ ਦੇ ਮੁਕਾਬਲੇ ਤੇਜੀ ਨਾਲ ਰਿਕਵਰੀ ਹੋਈ ਹੈ। ਦੇ ਅਨੁਸਾਰ, ਇਹ ਸਭ ਰਾਸਟਰੀ ਸਿੱਖਿਆ ਨੀਤੀ ਦੇ ਫਾਊਂਡੇਸਨਲ ਲਿਟਰੇਸੀ ਐਂਡ ਨਿਊਮੇਰੇਸੀ () ਪ੍ਰੋਗਰਾਮ ਦੇ ਕਾਰਨ ਸੰਭਵ ਹੋਇਆ ਹੈ। ਸਿੱਖਿਆ ਦੀ ਸਾਲਾਨਾ ਸਥਿਤੀ ਰਿਪੋਰਟ () 2024 ਇੱਕ ਦੇਸ ਵਿਆਪੀ ਪੇਂਡੂ ਘਰੇਲੂ ਸਰਵੇਖਣ ਹੈ, ਜੋ ਭਾਰਤ ਦੇ 605 ਪੇਂਡੂ ਜ?ਿਲ੍ਹਿਆਂ ਦੇ 17,997 ਪਿੰਡਾਂ ਦੇ 6,49,491 ਬੱਚਿਆਂ ਵਿੱਚ ਕੀਤਾ ਗਿਆ ਹੈ। ਕੁਝ ਰਾਜਾਂ ਨੇ ਬਹੁਤ ਵਧੀਆ ਪ੍ਰਦਰਸਨ ਕੀਤਾ ਹੈ ਅਤੇ ਮਹਾਂਮਾਰੀ ਤੋਂ ਪਹਿਲਾਂ ਦੇ ਆਪਣੇ ਸਿੱਖਣ ਦੇ ਪੱਧਰਾਂ ਨੂੰ ਪਾਰ ਕਰ ਲਿਆ ਹੈ, ਜਦੋਂ ਕਿ ਕੁਝ ਅਜੇ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੋਏ ਹਨ। ਇਸ ਵਿੱਚ ਕਿਹਾ ਗਿਆ ਹੈ, “ਮਹਾਂਮਾਰੀ ਦੇ ਸਾਲਾਂ ਦੌਰਾਨ, ਸਰਕਾਰੀ ਸਕੂਲਾਂ ਦੇ ਦਾਖਲੇ ਵਿੱਚ ਵੱਡਾ ਵਾਧਾ ਹੋਇਆ ਅਤੇ ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ 6-14 ਸਾਲ ਦੀ ਉਮਰ ਦੇ ਬੱਚਿਆਂ ਦਾ ਅਨੁਪਾਤ 2018 ਵਿੱਚ 65.6 ਫੀਸਦੀ ਤੋਂ ਵਧ ਕੇ 2022 ਵਿੱਚ 72.9 ਫੀਸਦੀ ਹੋ ਗਿਆ ਹੈ। 2024 ਵਿੱਚ ਇਹ ਗਿਣਤੀ 66.8 ਫੀਸਦੀ ‘ਤੇ ਵਾਪਸ ਆ ਗਈ। ਸਾਰੀਆਂ ਜਮਾਤਾਂ ਅਤੇ ਵਿਦਿਆਰਥੀਆਂ ਦੇ ਲਿਹਾਜ ਨਾਲ ਇਹ ਪੂਰੀ ਤਰ੍ਹਾਂ ਉਲਟ ਹੈ। ਇਹ ਹੈਰਾਨੀ ਵਾਲੀ ਗੱਲ ਨਹੀਂ ਹੈ, ਕਿਉਂਕਿ ਅਰਥਵਿਵਸਥਾ ਦੇ ਹੋਰ ਖੇਤਰਾਂ ਵਿੱਚ ਵੀ ਸੁਧਾਰ ਹੋਇਆ ਹੈ।“ ਫਿਰ ਵੀ, ਲਗਭਗ ਸਾਰੇ ਰਾਜਾਂ ਨੇ 2022 ਦੇ ਮੁਕਾਬਲੇ ਸੁਧਾਰ ਦਿਖਾਇਆ ਹੈ।



### ਕੋਲਕਾਤਾ ’ਚ ਫਰਜੀ ਕਾਲ ਸੈਂਟਰ ਦਾ ਪਰਦਾਫਾਸ

ਕੋਲਕਾਤਾ 4 ਫਰਵਰੀ। ਪੁਲਸ ਨੇ ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ ਦੇ ਨਿਊ ਟਾਊਨ ਖੇਤਰ ’ਚ ਇਕ ਫਰਜੀ ਕਾਲ ਸੈਂਟਰ ਦਾ ਪਰਦਾਫਾਸ ਕਰ ਕੇ 18 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀ ਖੁਦ ਨੂੰ ਮਾਈਕ੍ਰੋਸਾਫਟ ਦੇ ਕਰਮਚਾਰੀ ਦੱਸ ਕੇ ਅਮਰੀਕੀ ਨਾਗਰਿਕਾਂ ਨੂੰ ਨਿਸਾਨਾ ਬਣਾਉਂਦੇ ਸਨ। ਨਾਲ ਹੀ ਤਕਨੀਕੀ ਮਦਦ ਦੇਣ ਦੀ ਪੇਸਕਸ ਕਰਕੇ ਉਨ੍ਹਾਂ ਨਾਲ ਧੋਖਾਦੇਹੀ ਵੀ ਕਰਦੇ ਸਨ। ਇਕ ਗੁਪਤ ਸੂਚਨਾ ’ਤੇ ਕਾਰਵਾਈ ਕਰਦਿਆਂ ਪੁਲਸ ਨੇ ਸਾਈਬਰ ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਨਾਲ ਈਕੋ ਪਾਰਕ ਤੇ ਨਿਊ ਟਾਊਨ ’ਚ ਫਰਜੀ ਕਾਲ ਸੈਂਟਰ ਦੇ 2 ਦਫਤਰਾਂ ’ਤੇ ਛਾਪੇਮਾਰੀ ਕੀਤੀ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ’ਚ 3 ਔਰਤਾਂ ਵੀ ਹਨ। ਛਾਪੇਮਾਰੀ ਦੌਰਾਨ ਕਈ ਦਸਤਾਵੇਜ, 32 ਲੈਪਟਾਪ ਅਤੇ 41 ਮੋਬਾਈਲ ਫੋਨ ਜਬਤ ਕੀਤੇ ਗਏ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਨੌਜਵਾਨ 'ਤੇ ਤੇਜਧਾਰ ਹਥਿਆਰ ਨਾਲ ਹਮਲਾ, ਸਾਰੀ ਵਾਰਦਾਤ 'ਚ ਕੈਦ

ਫਾਜ?ਲਕਾ 4 ਫਰਵਰੀ। ਫਾਜ?ਲਕਾ ਦੇ ਪਿੰਡ ਸਲੇਮਸ਼ਾਹ ਨੇੜੇ ਇਕ ਨੌਜਵਾਨ ਨਾਲ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਉਸ 'ਤੇ ਤੇਜਧਾਰ ਹਥਿਆਰਾਂ ਨਾਲ



ਹਮਲਾ ਕੀਤਾ ਗਿਆ, ਜਿਸ ਨੂੰ ਹਸਪਤਾਲ 'ਚ ਇਲਾਜ ਲਈ ਦਾਖਲ ਕਰਾਇਆ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 19 ਜਨਵਰੀ ਨੂੰ ਉਹ ਆਪਣੇ ਵ੍ਹੀਕਲਾਂ 'ਤੇ ਮੇਲਾ ਦੇਖਣ ਗਏ ਸਨ ਅਤੇ ਘਰ ਵਾਪਸ ਪਰਤ ਰਹੇ ਸਨ। ਇਸ ਦੌਰਾਨ ਰਾਹ 'ਚ ਕੁੱਝ ਲੋਕਾਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਲੁੱਟ ਦੀ ਨੀਅਤ ਨਾਲ ਉਨ੍ਹਾਂ ਦੇ ਵ੍ਹੀਕਲ ਭੰਨ੍ਹ ਦਿੱਤੇ। ਉਕਤ ਲੋਕ ਕਰੀਬ 7300 ਰੁਪਏ ਦੀ ਨਕਦੀ ਉਨ੍ਹਾਂ ਕੋਲੋਂ ਲੁੱਟ ਕੇ ਫਰਾਰ ਹੋ ਗਏ, ਜਦੋਂ ਕਿ ਉਨ੍ਹਾਂ ਨੇ ਪੰਪ 'ਤੇ ਭੱਜ ਕੇ ਜਾਨ ਬਚਾਈ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ. ਕੈਮਰਿਆਂ 'ਚ ਕੈਦ ਹੋ ਗਈ ਹੈ। ਇਸ ਮਾਮਲੇ ਦੀ ਸੂਚਨਾ ਪੁਲਸ ਨੂੰ ਵੀ ਦਿੱਤੀ ਗਈ। ਪੁਲਸ ਸ਼ਿਕਾਇਤ ਤੋਂ ਬਾਅਦ ਦੋਸ਼ੀਆਂ ਵਲੋਂ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੂੰ ਰਾਜੀਨਾਮਾ ਕਰਨ ਦੇ ਨਾਂ 'ਤੇ ਬੁਲਾਇਆ ਗਿਆ। ਦੋਸ਼ੀਆਂ ਨੇ ਉਸ 'ਤੇ ਵੀ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਜਖਮੀ ਕਰ ਦਿੱਤਾ। ਉਹ ਵੀ ਇਸ ਸਮੇਂ ਸਰਕਾਰੀ ਹਸਪਤਾਲ 'ਚ ਦਾਖਲ ਹੈ। ਫਿਲਹਾਲ ਪੀੜਤ ਪਰਿਵਾਰ ਵਲੋਂ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ।

# ਫਿਰੋਜ਼ਪੁਰ ਵਿਖੇ ਰਾਜ ਪੱਧਰੀ 2 ਦਿਨਾਂ ਬਸੰਤ ਮੇਲੇ ਦਾ ਸ਼ਾਨਦਾਰ ਆਗਾਜ਼

ਫਿਰੋਜ਼ਪੁਰ 4 ਫਰਵਰੀ। ਫਿਰੋਜ਼ਪੁਰ ਵਿਖੇ ਮਨਾਏ ਜਾ ਰਹੇ 2 ਰੋਜ਼ਾ ਰਾਜ ਪੱਧਰੀ ਬਸੰਤ ਮੇਲੇ ਦਾ ਸ਼ਾਨਦਾਰ ਆਗਾਜ਼ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਵਿਖੇ ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ, ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਗੁਰੂਹਰਸਹਾਏ ਫੌਜਾ ਸਿੰਘ ਸਰਾਰੀ, ਵਿਧਾਇਕ ਜ਼ੀਰਾ ਨਾਰੇਸ਼ ਕਟਾਰੀਆਂ ਅਤੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਸ਼ਮਾ ਰੌਸ਼ਨ ਕਰ ਕੇ ਕੀਤਾ। ਬਸੰਤ ਮੇਲੇ ਦੇ ਆਗਾਜ਼ ਦੌਰਾਨ ਵਿਧਾਇਕ ਰਜਨੀਸ਼ ਦਹੀਆ, ਰਣਬੀਰ ਭੁੱਲਰ, ਫੌਜਾ ਸਿੰਘ ਸਰਾਰੀ ਅਤੇ ਨਾਰੇਸ਼ ਕਟਾਰੀਆਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਫਿਰੋਜ਼ਪੁਰ ਜ਼ਿਲ੍ਹੇ 'ਚ ਮਨਾਏ ਜਾਂਦੇ ਬਸੰਤ ਪੰਚਮੀ ਦੇ ਤਿਉਹਾਰ ਨੂੰ ਰਾਜ ਪੱਧਰ ਦਾ ਮੇਲਾ ਬਣਾ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਫਿਰੋਜ਼ਪੁਰ ਜ਼ਿਲ੍ਹੇ ਨੂੰ ਪੂਰੀ ਦੁਨੀਆਂ 'ਤੇ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਦੇ ਯਤਨਾਂ ਸਦਕਾ ਫਿਰੋਜ਼ਪੁਰ ਦੇ ਬਸੰਤ ਨੂੰ ਰਾਜ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਮੇਲੇ 'ਚ ਦੂਰ-ਦੁਰਾਡੇ ਤੋਂ ਪਤੰਗਬਾਜ਼ ਆਏ ਹਨ ਜਿਨ੍ਹਾਂ ਨੇ ਆਪਣੀ ਪਤੰਗਬਾਜ਼ੀ ਦੇ ਜੌਹਰ ਦਿਖਾਏ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਹਰ ਖੇਤਰ 'ਚ ਮੋਹਰੀ ਹੋ ਰਿਹਾ ਹੈ। ਮੁੱਖ ਮੰਤਰੀ ਵੱਲੋਂ ਖਿਡਾਰੀਆਂ ਨੂੰ ਵੀ ਵਿਸ਼ੇਸ਼ ਮਾਣ ਬਖਸ਼ਿਆ ਜਾ ਰਿਹਾ ਹੈ ਅਤੇ



ਖਿਡਾਰੀਆਂ ਨੂੰ ਨੌਕਰੀਆਂ ਅਤੇ ਮਿਸਾਲੀ ਨਕਦ ਰਾਸ਼ੀ ਇਨਾਮ ਵਜੋਂ ਦਿੱਤੀ ਜਾ ਰਹੀ ਹੈ। ਸੂਬਾ ਸਰਕਾਰ ਵੱਲੋਂ ਬਸੰਤ ਮੇਲੇ ਨੂੰ ਰਾਜ ਪੱਧਰ 'ਤੇ ਮਨਾ ਕੇ ਫਿਰੋਜ਼ਪੁਰ ਦੀ ਬਸੰਤ ਨੂੰ ਪੂਰੀ ਦੁਨੀਆਂ 'ਚ ਮਸ਼ਹੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਫਿਰੋਜ਼ਪੁਰ ਦੇ ਨਾਲ-ਨਾਲ ਸਮੂਹ ਰਾਜ ਵਾਸੀਆਂ ਨੂੰ ਵੀ ਨਿੱਘਾ ਸੱਦਾ ਦਿੱਤਾ ਕਿ ਉਹ ਫਿਰੋਜ਼ਪੁਰ ਵਿਖੇ ਪਹੁੰਚ ਕੇ ਰਾਜ ਪੱਧਰ ਤੇ ਮਨਾਏ ਜਾ ਰਹੇ ਬਸੰਤ ਮੇਲੇ ਦਾ ਆਨੰਦ ਮਾਨਣ। ਇਸ ਦੌਰਾਨ ਪੰਜਾਬੀ ਲੋਕ ਗਾਇਕਾਂ ਵਲੋਂ ਆਪਣੇ ਗੀਤਾਂ ਨਾਲ ਮੰਨੋਰਜਨ ਕੀਤਾ ਗਿਆ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਗਿੱਧਾ, ਕੋਰੀਓਗ੍ਰਾਫੀ, ਲੋਕ ਨਾਚ ਆਦਿ ਦੀ ਪੇਸ਼ਕਾਰੀ ਕੀਤੀ ਗਈ। ਇਸ ਬਸੰਤ ਮੇਲੇ 'ਚ ਬਾਅਦ ਦੁਪਹਿਰ ਪ੍ਰਸਿੱਧ ਪੰਜਾਬੀ ਗਾਇਕ ਵਿਰਾਸਤ ਸੰਧੂ ਨੇ ਗੀਤਾਂ ਨਾਲ ਲੋਕਾਂ ਦਾ ਮਨੋਰੰਜਨ ਕੀਤਾ। ਬਸੰਤ ਮੇਲੇ ਦੇ 22 ਜਨਵਰੀ ਤੋਂ ਨਾਕਆਊਟ ਮੁਕਾਬਲੇ ਚੱਲ ਰਹੇ ਹਨ ਅਤੇ ਫਾਈਨਲ ਮੁਕਾਬਲੇ ਜਿੱਤਣ ਵਾਲਿਆਂ ਨੂੰ ਲੱਖਾਂ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਇਸ ਸਮਾਗਮ 'ਚ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮਦ ਬੰਬਾਹ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਲਖਵਿੰਦਰ ਸਿੰਘ ਰੰਧਾਵਾ, ਐੱਸ. ਡੀ. ਐੱਮ. ਜ਼ੀਰਾ ਗੁਰਮੀਤ ਸਿੰਘ, ਚੇਅਰਮੈਨ ਪਲੈਨਿੰਗ ਬੋਰਡ ਚੰਦ ਸਿੰਘ ਗਿੱਲ, ਡਿਪਟੀ ਡੀ. ਈ. ਓ. ਡਾ. ਸਤਿੰਦਰ ਸਿੰਘ, ਰੈੱਡ ਕਰਾਸ ਸਕੱਤਰ ਅਸ਼ੋਕ ਬਹਿਲ ਆਦਿ ਹਾਜ਼ਰ ਸਨ।

## ਬੈਂਕ ਡਕੈਤੀ ਮਾਮਲਾ : 18 ਕਿਲੋ ਸੋਨਾ ਤੇ ਨਕਦੀ ਸਮੇਤ 4 ਲੁਟੇਰੇ ਗ੍ਰਿਫਤਾਰ

ਮੈਂਗਲੁਰੂ 4 ਫਰਵਰੀ। 17 ਜਨਵਰੀ ਨੂੰ ਦੱਖਣੀ ਕੰਨੜ ਦੇ ਉੱਲਾਲ 'ਚ ਇਕ ਸਹਿਕਾਰੀ ਬੈਂਕ 'ਚ ਹੋਈ ਡਕੈਤੀ ਸਬੰਧੀ 4 ਲੁਟੇਰਿਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ । ਉਨ੍ਹਾਂ ਕੋਲੋਂ 18 ਕਿਲੋ ਤੋਂ ਵੱਧ ਸੋਨਾ ਤੇ 3.8 ਲੱਖ ਰੁਪਏ ਨਕਦੀ ਬਰਾਮਦ ਕੀਤੀ ਗਈ ਹੈ। ਮੈਂਗਲੁਰੂ ਦੇ ਪੁਲਸ ਕਮਿਸਨਰ ਅਨੁਪਮ ਅਗਰਵਾਲ ਨੇ ਸੋਮਵਾਰ ਦੱਸਿਆ ਕਿ ਕੁਝ ਦਿਨ ਪਹਿਲਾਂ 17 ਜਨਵਰੀ ਨੂੰ ਦੁਪਹਿਰ 1 ਵਜੇ ਦੇ ਕਰੀਬ 4 ਨਕਾਬਪੋਸ ਲੁਟੇਰਿਆਂ ਨੇ ਕੋਟੇਕਾਰੂ ਵਿਆਸਾਏ ਸੇਵਾ ਸਹਿਕਾਰੀ ਬੈਂਕ ਦੀ ਸਾਖਾ 'ਤੇ ਡਾਕਾ ਮਾਰਿਆ ਤੇ ਬੰਦੂਕ ਦੀ ਨੋਕ 'ਤੇ ਬੈਂਕ 'ਚੋਂ ਨਕਦੀ ਤੇ ਸੋਨੇ ਦੇ ਗਹਿਣੇ ਲੁੱਟੇ ਸਨ। ਪੁਲਸ ਨੇ ਤੁਰੰਤ ਕਾਰਵਾਈ ਕੀਤੀ ਤੇ ਚਾਰਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੀ ਪਛਾਣ ਕੰਨਨ ਮਨੀ (36), ਮੁਰੂਗੰਡੀ ਥੇਵਰ (36), ਯੋਸੁਵਾ ਰਾਜੇਂਦਰਨ (35) ਤੇ ਐਮ. ਸਨਮੁਗਾਸੁੰਦਰਮ (65) ਵਜੋਂ ਹੋਈ ਹੈ। ਚੋਰੀ ਹੋਏ ਸਮਾਨ ਦੀ ਕੀਮਤ ਕਰੀਬ 4 ਕਰੋੜ ਰੁਪਏ ਦੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਪਰਾਧੀ ਕਾਲੇ ਰੰਗ ਦੀ ਕਾਰ ਵਿਚ ਸਵਾਰ ਹੋ ਕੇ ਭੱਜ ਗਏ ਸਨ। ਮਾਮਲੇ ਦੀ ਜਾਂਚ ਅਤੇ ਮੁਲਜਮਾਂ ਨੂੰ ਗ੍ਰਿਫਤਾਰ ਕਰਨ ਲਈ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ ਸੀ।

# ਬਦਲਿਆ ਮੌਸਮ ਦਾ ਮਿਜਾਜ਼! ਜਾਰੀ ਹੋਇਆ ਯੈਲੋ ਅਲਰਟ, ਜਾਣੋਂ ਅਗਲੇ ਪੰਜ ਦਿਨਾਂ ਦਾ ਹਾਲ

ਵੈੱਬ ਡੈਸਕ 4 ਫਰਵਰੀ। ਫਰਵਰੀ ਸ਼ੁਰੂ ਹੁੰਦੇ ਹੀ ਬਿਹਾਰ ਦਾ ਮੌਸਮ ਬਦਲ ਗਿਆ ਹੈ। ਸੂਬੇ 'ਚ ਦਿਨ ਅਤੇ ਰਾਤ ਦੇ ਤਾਪਮਾਨ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਦੇ ਨਾਲ ਹੀ, ਪਟਨਾ ਮੌਸਮ ਵਿਗਿਆਨ ਕੇਂਦਰ ਨੇ ਅਗਲੇ 5 ਦਿਨਾਂ ਲਈ ਭਵਿੱਖਬਾਣੀ ਜਾਰੀ ਕੀਤੀ ਹੈ। ਮੌਸਮ ਵਿਭਾਗ ਅਨੁਸਾਰ ਅਗਲੇ 5 ਦਿਨਾਂ ਤੱਕ ਘੱਟੋ-ਘੱਟ ਤਾਪਮਾਨ 10 ਤੋਂ 14 ਡਿਗਰੀ ਦੇ ਆਸ-ਪਾਸ ਰਹਿ ਸਕਦਾ ਹੈ। ਰਾਜ ਦੇ ਕਈ ਜ਼ਿਲ੍ਹੇ 5-6 ਫਰਵਰੀ ਨੂੰ ਬੱਦਲਵਾਈ ਬਣੀ ਰਹੇਗੀ। ਇਸ ਸਮੇਂ ਦੌਰਾਨ, ਘੱਟੋ-ਘੱਟ ਤਾਪਮਾਨ ਥੋੜ੍ਹਾ ਘੱਟ ਕੇ 8 ਤੋਂ 12 ਡਿਗਰੀ ਸੈਲਸੀਅਸ ਤੱਕ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਦੇ ਅਨੁਸਾਰ, 3 ਫਰਵਰੀ ਨੂੰ ਪੱਛਮੀ ਗੜਬੜੀ ਵਧੇਰੇ ਸ਼ਕਤੀਸ਼ਾਲੀ ਹੋਵੇਗੀ। ਇਸ ਕਾਰਨ ਪਹਾੜੀ ਇਲਾਕਿਆਂ ਵਿੱਚ ਬਰਫ਼ਬਾਰੀ ਅਤੇ ਮੈਦਾਨੀ ਇਲਾਕਿਆਂ 'ਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਸਮੇਂ ਦੌਰਾਨ ਲੋਕ ਹਲਕੀ ਠੰਢ ਮਹਿਸੂਸ ਕਰਨਗੇ। ਇਸ ਦੇ ਨਾਲ ਹੀ, ਮੌਸਮ ਵਿਭਾਗ ਨੇ ਅੱਜ ਰਾਜ ਦੇ 10 ਜ਼ਿਲ੍ਹਿਆਂ 'ਚ ਸੰਘਣੀ ਧੁੰਦ ਲਈ ਪੀਲਾ ਅਲਰਟ ਜਾਰੀ ਕੀਤਾ ਹੈ, ਜਿਸ 'ਚ ਮਧੂਬਨੀ, ਸੁਪੌਲ, ਅਰਰੀਆ, ਪੂਰਬੀ ਚੰਪਾਰਣ, ਸ਼ਿਵਹਰ, ਸਹਰਸਾ, ਕਟਿਹਾਰ, ਮਧੇਪੁਰਾ, ਪੂਰਨੀਆ ਅਤੇ ਕਿਸ਼ਨਗੰਜ ਸ਼ਾਮਲ ਹਨ। ਤੁਹਾਨੂੰ ਦੱਸ ਦੇਈਏ ਕਿ ਸ਼ਨੀਵਾਰ ਨੂੰ ਔਰੰਗਾਬਾਦ ਵਿੱਚ ਸਭ ਤੋਂ ਵੱਧ ਤਾਪਮਾਨ 29.7 ਡਿਗਰੀ ਦਰਜ ਕੀਤਾ ਗਿਆ। ਘੱਟੋ-ਘੱਟ ਤਾਪਮਾਨ 10.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। 7 ਜ਼ਿਲ੍ਹਿਆਂ 'ਚ ਵੱਧ ਤੋਂ ਵੱਧ ਤਾਪਮਾਨ 'ਚ ਗਿਰਾਵਟ ਦਰਜ ਕੀਤੀ ਗਈ ਹੈ। ਮੌਸਮ ਵਿਗਿਆਨੀਆਂ ਦੇ ਅਨੁਸਾਰ, ਸਰਦੀਆਂ ਦੇ ਸ਼ੁਰੂਆਤੀ ਮਹੀਨੇ, ਯਾਨੀ ਨਵੰਬਰ ਤੋਂ ਦਸੰਬਰ ਦੇ ਵਿਚਕਾਰ, ਉਨੇ ਠੰਡੇ ਨਹੀਂ ਸਨ ਜਿੰਨੇ ਹੋਣੇ ਚਾਹੀਦੇ ਸਨ। ਜਨਵਰੀ ਦੇ ਸ਼ੁਰੂਆਤੀ ਦਿਨਾਂ 'ਚ ਠੰਢ ਦੇਖਣ ਨੂੰ ਮਿਲੀ। ਪਰ ਜਿਵੇਂ ਹੀ ਮਹੀਨਾ ਖਤਮ ਹੁੰਦਾ ਹੈ, ਤਾਪਮਾਨ ਫਿਰ ਤੋਂ ਆਮ ਨਾਲੋਂ ਵੱਧ ਗਿਆ ਹੈ। ਇਸ ਵਾਰ ਬਿਹਾਰ ਵਿੱਚ ਠੰਢ ਦੇਰ ਨਾਲ ਸ਼ੁਰੂ ਹੋਈ ਹੈ।

### ਭਿਆਨਕ ਸੜਕ ਹਾਦਸੇ 'ਚ ਟਰੱਕ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ

ਦੇਵਰੀਆ 4 ਫਰਵਰੀ। ਦੇਵਰੀਆ ਜ?ਲ੍ਹੇ ਦੇ ਮਹੂਆ ਡੀਹ ਥਾਣੇ ਅਧੀਨ ਹੇਤਿਮਪੁਰ ਰਾਸਟਰੀ ਰਾਜਮਾਰਗ 'ਤੇ ਇੱਕ ਟਰੱਕ ਵਲੋਂ ਮੋਟਰਸਾਈਕਲ ਸਵਾਰਾਂ ਨੂੰ ਜੋਰਦਾਰ ਟੱਕਰ ਮਾਰੀ ਗਈ। ਇਸ ਹਾਦਸੇ ਵਿਚ ਮੋਟਰਸਾਈਕਲ ਸਵਾਰ ਚਾਰ ਨੌਜਵਾਨਾਂ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਵਧੀਕ ਪੁਲਸ ਸੁਪਰਡੈਂਟ ਦੀਪੇਂਦਰ ਨਾਥ ਚੌਧਰੀ ਨੇ ਮੰਗਲਵਾਰ ਨੂੰ ਦੱਸਿਆ ਕਿ ਸੋਮਵਾਰ ਰਾਤ ਨੂੰ ਚਾਰੇ ਨੌਜਵਾਨ ਇੱਕੋ ਮੋਟਰਸਾਈਕਲ 'ਤੇ ਕਸਿਆ ਤੋਂ ਹਾਟਾ ਜਾ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਇੱਕ ਟਰੱਕ ਨੇ ਜੋਰਦਾਰ ਟੱਕਰ ਮਾਰ ਦਿੱਤੀ ਅਤੇ ਚਾਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਧੀਕ ਪੁਲਸ ਸੁਪਰਡੈਂਟ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਨਿਤੇਸ (23), ਅਤੁਲ ਕੁਮਾਰ ਸਿੰਘ (24), ਪਿੰਟੂ ਕੁਮਾਰ ਗੌੜ (22) ਅਤੇ ਅੰਕਿਤ ਗੌੜ (24) ਵਜੋਂ ਹੋਈ ਹੈ। ਉਹਨਾਂ ਨੇ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਕਿਸੇ ਨੇ ਵੀ ਹੈਲਮੇਟ ਨਹੀਂ ਪਾਇਆ ਹੋਇਆ ਸੀ।

## ਫਿਰੋਜ਼ਪੁਰ 'ਚ ਸੜਕਾਂ 'ਤੇ ਲੱਗਿਆ ਮੇਲਾ, ਦੇਸ਼-ਵਿਦੇਸ਼ਾਂ ਤੋਂ ਬਸੰਤ ਦੇਖਣ ਆਏ ਲੋਕ

ਫਿਰੋਜ਼ਪੁਰ 4 ਫਰਵਰੀ। ਬਸੰਤ ਪੰਚਮੀ ਦਾ ਤਿਉਹਾਰ ਜਿੱਥੇ ਦੇਸ਼ ਭਰ 'ਚ ਪਤੰਗਾਂ ਉਡਾ ਕੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਉੱਥੇ ਸਰਹੱਦੀ ਜ਼ਿਲ੍ਹਾ ਫ਼ਿਰੋਜ਼ਪੁਰ 'ਚ ਇਸ ਤਿਉਹਾਰ ਨੂੰ ਮਨਾਉਣ ਦਾ ਇੱਕ ਨਿਵੇਕਲਾ ਅਤੇ ਵਿਲੱਖਣ ਅੰਦਾਜ਼ ਹੈ। ਇਸ ਤਿਉਹਾਰ ਨੂੰ ਮਨਾਉਣ ਲਈ ਲੋਕ ਬਾਹਰਲੇ ਦੇਸ਼ਾਂ ਤੋਂ ਵਾਪਸੀ ਘਰ ਪਰਤਦੇ ਹਨ ਅਤੇ ਪੂਰੇ ਸ਼ਹਿਰ ਅੰਦਰ ਚਹਿਲ-ਪਹਿਲ ਅਤੇ ਛੱਤਾਂ ਬਸੰਤੀ ਰੰਗ ਨਾਲ ਰੰਗੀਆਂ ਨਜ਼ਰ ਆਉਂਦੀਆਂ ਹਨ। ਲੋਕ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਆਪਣੀਆਂ ਛੱਤਾਂ 'ਤੇ ਖੜ੍ਹ ਕੇ ਪੂਰਾ-ਪੂਰਾ ਦਿਨ ਪਤੰਗ ਉਡਾਉਂਦੇ, ਗੀਤ ਗਾਉਂਦੇ ਅਤੇ ਭੰਗੜੇ ਪਾਉਂਦੇ ਨਜ਼ਰ ਆਉਂਦੇ ਹਨ। ਲੋਕ ਸਾਰੇ ਰੁਝੇਵੇਂ ਛੱਡ ਕੇ ਬਸੰਤ ਪੰਚਮੀ ਨੂੰ ਮਨਾਉਣ 'ਚ ਮਗਨ ਹੁੰਦੇ ਹਨ। ਇਹ ਤਿਉਹਾਰ ਇੱਥੇ ਬੜੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਫਿਰੋਜ਼ਪੁਰ 'ਚ ਮਨਾਈ ਜਾਣ ਵਾਲੀ ਬਸੰਤ ਪੰਚਮੀ ਪੂਰੀ ਦੁਨੀਆ 'ਚ ਮਸ਼ਹੂਰ ਹੈ। ਇਸ ਤਿਉਹਾਰ ਨੂੰ ਮਨਾਉਣ ਲਈ ਦੇਸ਼-ਵਿਦੇਸ਼ ਅਤੇ ਪੰਜਾਬ ਦੇ ਕੋਨੇ-ਕੋਨੇ ਤੋਂ ਲੋਕ ਆਪਣੇ ਰਿਸ਼ਤੇਦਾਰਾਂ ਕੋਲ ਬਸੰਤ ਪੰਚਮੀ ਮਨਾਉਣ ਲਈ ਆਉਂਦੇ ਹਨ। ਇਸ ਦਿਨ ਪਤੰਗ ਵੇਚਣ ਲਈ ਸਪੈਸ਼ਲ ਦੁਕਾਨਾਂ ਸਜਾਈਆਂ ਜਾਂਦੀਆਂ ਹਨ ਅਤੇ ਲੋਕਾਂ ਦੀ ਪਤੰਗ ਖ਼ਰੀਦਣ ਲਈ ਦੁਕਾਨਾਂ 'ਤੇ ਭੀੜ ਲੱਗੀ ਰਹਿੰਦੀ ਹੈ। ਇਸ ਵਾਰ ਵੀ ਬਸੰਤ ਪੰਚਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਬਸੰਤ ਪੰਚਮੀ ਦਾ ਤਿਉਹਾਰ ਆਉਣ ਤੋਂ ਬਾਅਦ ਇਹ ਗੱਲ ਆਮ ਪ੍ਰਚੱਲਿਤ ਹੈ ਕਿ 'ਆਈ ਬਸੰਤ, ਪਾਲਾ ਉਡੰਤ' ਭਾਵ ਕਿ ਠੰਡ ਇਸ ਤੋਂ ਬਾਅਦ ਖ਼ਤਮ ਹੋ ਜਾਂਦੀ ਹੈ।

# ਪੁਲਸ ਨਾਲ ਮੁਕਾਬਲੇ ਮਗਰੋਂ ਦੋ ਵਾਹਨ ਚੋਰ ਗ੍ਰਿਫਤਾਰ, ਇਕ ਦੇ ਪੈਰ 'ਚ ਲੱਗੀ ਗੋਲੀ

ਨੋਇਡਾ 4 ਫਰਵਰੀ। ਪੁਲਸ ਨੇ ਇਕ ਮੁਕਾਬਲੇ ਦੌਰਾਨ ਦੋ ਬਦਮਾਸਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਚੋਰੀ ਦੇ 15 ਦੋ-ਪਹੀਆ ਵਾਹਨ ਅਤੇ ਨਾਜਾਇਜ ਹਥਿਆਰ ਬਰਾਮਦ ਕੀਤੇ ਹਨ। ਪੁਲਸ ਦੀ ਗੋਲੀ ਲੱਗਣ ਨਾਲ ਇਕ ਅਪਰਾਧੀ ਜਖਮੀ ਹੋ ਗਿਆ ਹੈ। ਪੁਲਸ ਦੇ ਡਿਪਟੀ ਕਮਿਸਨਰ (ਜੋਨ-1) ਰਾਮ ਬਦਨ ਸਿੰਘ ਨੇ ਸੋਮਵਾਰ ਨੂੰ ਦੱਸਿਆ ਕਿ ਬੀਤੀ ਰਾਤ ਸੈਕਟਰ-58 ਦੀ ਪੁਲਸ ਸੈਕਟਰ-62 ਵਿਚ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ ਤਾਂ ਦੋ ਵਿਅਕਤੀ ਮੋਟਰਸਾਈਕਲ 'ਤੇ ਆਉਂਦੇ ਦੇਖੇ ਗਏ। ਪੁਲਸ ਨੇ ਉਨ੍ਹਾਂ ਨੂੰ ਰੁਕਣ ਦਾ ਇਸਾਰਾ ਕੀਤਾ ਪਰ ਉਹ ਪੁਲਸ 'ਤੇ ਫਾਇਰ ਕਰ ਕੇ ਭੱਜਣ ਲੱਗੇ। ਸਿੰਘ ਨੇ ਦੱਸਿਆ ਕਿ ਪੁਲਸ ਦੀ ਜਵਾਬੀ ਕਾਰਵਾਈ 'ਚ ਇਮਰਾਨ (ਪੁੱਤਰ ਮੁਹੰਮਦ ਸਲੀਮ) ਨੂੰ ਪੈਰ 'ਚ ਗੋਲੀ ਲੱਗ ਗਈ। ਉਨ੍ਹਾਂ ਨੇ ਦੱਸਿਆ ਕਿ ਮੇਰਠ ਦੇ ਰਹਿਣ ਵਾਲੇ ਇਮਰਾਨ ਨੂੰ ਇਲਾਜ ਲਈ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਇਮਰਾਨ ਕੋਲੋਂ ਇਕ ਮੋਟਰਸਾਈਕਲ, ਦੇਸੀ ਪਿਸਤੌਲ ਅਤੇ ਕਾਰਤੂਸ ਆਦਿ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਇਮਰਾਨ ਖ਼?ਲਾਫ ਪਹਿਲਾਂ ਵੀ ਚੋਰੀ ਦੇ 65 ਕੇਸ ਦਰਜ ਹਨ। ਸਿੰਘ ਨੇ ਦੱਸਿਆ ਕਿ ਦੂਜੇ ਅਪਰਾਧੀ ਨੂੰ ਪੁਲਸ ਨੇ ਤਲਾਸੀ ਮੁਹਿੰਮ ਦੌਰਾਨ



ਗ੍ਰਿਫਤਾਰ ਕੀਤਾ ਹੈ। ਉਸ ਦੀ ਪਛਾਣ ਆਰਿਫ ਰਾਣਾ (ਉ. ਫਹੀਮੁਦੀਨ) ਵਜੋਂ ਹੋਈ ਹੈ। ਉਹ ਵੀ ਮੇਰਠ ਦਾ ਰਹਿਣ ਵਾਲਾ ਹੈ।


# "ਨਿਸ਼ਾਨ ਜਿੰਮੇਵਾਰੀ ਦਾ"

**ਲੋਕਤੰਤਰ ਦੇ ਇਸ ਮਹਾਪੁਰਬ ਵਿੱਚ ਗਰਵ ਨਾਲ ਮਤਦਾਨ ਕਰੋ**

ਹਰ ਨਾਗਰਿਕ ਦਾ ਗਰਵ
जनमत का पर्व
ਦਿੱਲੀ ਵਿਧਾਨ ਸਭਾ ਚੋਣ 2025

**ਮਤਦਾਨ ਦਿਵਸ - ਬੁੱਧਵਾਰ, 05 ਫਰਵਰੀ 2025**
**ਸਮਾਂ ਸਵੇਰੇ : 07 ਵਜੇ ਤੋਂ ਸ਼ਾਮ 06 ਵਜੇ ਤੱਕ**



**ਪਿਆਰੇ ਮਤਦਾਤਾਗਣ**
**ਸਪ੍ਰੇਮ ਅਭਿਵਾਦਨ**

05 ਫਰਵਰੀ 2025 ਦਿੱਲੀ ਵਿਧਾਨ ਸਭਾ ਚੋਣ ਲਈ ਮਤਦਾਨ ਦਾ ਦਿਨ ਹੈ, ਮੈਂ ਆਸਾ ਕਰਦੀ ਹਾਂ ਕਿ ਤੁਸੀਂ ਸਾਰੇ ਮਤਦਾਨ ਲਈ ਤਿਆਰ ਹੋਵੋਗੇ। ਲੋਕਤੰਤਰਕ ਪੱਦਤੀ ਵਿੱਚ ਕੋਈ ਵੀ ਜਨਮਾਂਡ ਸਿਹਤਮੰਦ ਅਤੇ ਸੰਪੂਰਨ ਤਬ ਹੀ ਹੁੰਦਾ ਹੈ, ਜਦੋਂ ਸਮਾਜ ਦੇ ਹਰ ਵਰਗ ਅਤੇ ਸਮੁਦਾਇ ਦੇ ਲੋਕ ਵੱਧ ਤੋਂ ਵੱਧ ਸੰਖਿਆ ਵਿੱਚ ਆਪਣੇ ਮਤਾਧਿਕਾਰ ਦਾ ਪ੍ਰਯੋਗ ਕਰਦੇ ਹਨ।

ਮਤਦਾਨ ਨੂੰ ਸਰਵੋਚ ਪ੍ਰਾਥਮਿਕਤਾ ਦਿਓ, ਘਰ ਪਰਿਵਾਰ ਅਤੇ ਆਸ ਪਾਸ ਦੇ ਸਾਰੇ ਲੋਕਾਂ ਨੂੰ ਮਤਦਾਨ ਲਈ ਉਤਸਾਹਿਤ ਕਰੋ। ਖਾਸ ਕਰਕੇ ਯੁਵਾਂ ਵਰਗ ਜੋ ਪਹਿਲੀ ਵਾਰ ਮਤਦਾਨ ਕਰਨ ਜਾ ਰਹੇ ਹਨ ਉਨ੍ਹਾਂ ਤੋਂ ਬੇਨਤੀ ਹੈ ਕਿ ਉਤਸਾਹ ਨਾਲ ਇਸ ਲੋਕਤੰਤਰ ਦੇ ਉਤਸਵ ਵਿੱਚ ਆਪਣੀ ਭਾਗੀਦਾਰੀ ਕਰੋ। 80 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਮਤਦਾਤਾ ਅਤੇ ਵਿਸ਼ੇਸ ਜਰੂਰਤਾਂ ਵਾਲੇ ਮਤਦਾਤਾ ਮਤਦਾਨ ਤੋਂ ਵਾਂਛਿਤ ਨਾ ਰਹਿਣ ਇਸ ਲਈ ਅਜੇਹੇ ਮਤਦਾਤਾਵਾਂ ਨੂੰ 'ਪਿਕ ਐਂਡ ਡ੍ਰਾਪ' ਪ੍ਰਬੰਧ ਦੇ ਤਹਿਤ ਉਨ੍ਹਾਂ ਨੂੰ ਸੁਗਮਤਾਪੂਰਵਕ ਮਤਦਾਨ ਕੇਂਦਰ ਤੱਕ ਲਿਆਉਣ ਲੈ ਜਾਣ ਦੀ ਪ੍ਰਬੰਧਨਾ ਕੀਤੀ ਗਈ ਹੈ। ਅਸੀਂ ਮਤਦਾਨ ਨੂੰ ਸੁਗਮ ਬਣਾਉਣ ਲਈ ਕਤਾਰ ਪ੍ਰਬੰਧਨ ਪ੍ਰਬੰਧਨਾ ਲਾਗੂ ਕੀਤੀ ਹੈ ਜਿਸ ਨਾਲ ਤੁਸੀਂ ਮਤਦਾਨ ਕੇਂਦਰ 'ਤੇ ਕਤਾਰਾਂ ਦੀ ਵਾਸਤਵਿਕ ਸਥਿਤੀ, ਅਨੁਮਾਨਿਤ ਪ੍ਰਤੀਕਸਾ ਸਮਾਂ ਅਤੇ ਟਰਨ-ਬਾਈ-ਟਰਨ ਨੈਵੀਗੇਸਨ ਦੀ ਜਾਣਕਾਰੀ ਲੈ ਸਕਦੇ ਹੋ। ਇਸ ਤੋਂ ਇਲਾਵਾ ਵੋਟਰ ਸਲਿੱਪ 'ਤੇ ਦਿੱਤੇ ਰੰਗ ਦੇ ਅਨੁਸਾਰ ਮਤਦਾਨ ਕੇਂਦਰ ਵਿੱਚ ਆਪਣੇ ਮਤਦਾਨ ਬੂਥ ਨੂੰ ਉਸ ਰੰਗ ਨਾਲ ਪਛਾਣ ਸਕਦੇ ਹੋ। ਮਤਦਾਨ ਦਿਵਸ ਨੂੰ ਜਨਤਕ ਛੁੱਟੀ ਵੀ ਘੋਸ਼ਿਤ ਕੀਤੀ ਗਈ ਹੈ।

ਮਤਦਾਨ ਸੁਤੰਤਰ, ਨਿਸਪੱਖ ਅਤੇ ਸਾਂਤਿਮਈ ਹੋਵੇ ਇਸ ਲਈ ਆਯੋਗ ਦੀ ਓਰੋਂ ਸਮੂਹ ਤਿਆਰੀਆਂ ਕੀਤੀਆਂ ਗਈਆਂ ਹਨ। ਤੁਸੀਂ ਸਮੂਹ ਮਤਦਾਤਿਆਂ ਤੋਂ ਬੇਨਤੀ ਹੈ ਕਿ ਬਿਨਾਂ ਕਿਸੇ ਡਰ, ਦਬਾਅ ਜਾਂ ਪ੍ਰਲੋਭਨ ਦੇ ਆਪਣੇ ਬਹੁਮੂਲਿਆ ਮਤਾਦਿਕਾਰ ਦਾ ਪ੍ਰਯੋਗ ਕਰੋ। ਮਤਦਾਨ ਕੇਂਦਰ 'ਤੇ ਆਪਣੀ ਵੋਟਰ ਜਾਣਕਾਰੀ ਸਲਿੱਪ ਅਤੇ ਮਤਦਾਤਾ ਪਛਾਣ ਪੱਤਰ (ਜਾਂ ਆਯੋਗ ਦੁਆਰਾ ਮਾਨਯ ਕੋਈ ਵੀ ਪਛਾਣ ਪੱਤਰ) ਆਪਣੇ ਨਾਲ ਲਿਆਉਣੀ ਜਰੂਰੀ ਹੈ। ਧਿਆਨ ਰਹੇ ਕਿ ਮਤਦਾਨ ਕੇਂਦਰ ਵਿੱਚ ਮੋਬਾਈਲ ਜਾਂ ਹੋਰ ਇਲੈਕਟ੍ਰਾਨਿਕ ਗੈਜਟ ਵਰਜਿਤ ਹਨ। ਆਓ ਅਸੀਂ ਸਭ ਮਿਲ ਕੇ ਆਪਣੀ ਦਿੱਲੀ ਲਈ ਮਤਦਾਨ ਕਰੀਏ।

**"ਕੋਈ ਮਤਦਾਤਾ ਨਾ ਛੂਟੇ"**

**ਤੁਹਾਨੂੰ ਸਭ ਨੂੰ ਲੋਕਤੰਤਰ ਦੇ ਇਸ ਉਤਸਵ 'ਤੇ ਮੇਰੇ ਵੱਲੋਂ ਹਾਰਦਿਕ ਵਧਾਈ ਅਤੇ ਸੁਭਕਾਮਨਾਵਾਂ।**

**ਆਰ. ਐਲਿਸ ਵਾਜ਼**
ਮੁੱਖ ਨਿਰਵਾਚਨ ਅਧਿਕਾਰੀ, ਦਿੱਲੀ

DIP/Shabdarth/Display/0070/24-25

# ਮੁੱਖ ਮੰਤਰੀ ਨੇ ਪਾਣੀਪਤ ਵਿਚ ਕਪੜਾ ਉਦਯੋਗ ਸੰਗਠਨਾਂ ਦੇ ਪ੍ਰਤੀਨਿਧੀਆਂ ਦੇ ਨਾਲ ਕੀਤੀ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ

## ਉਦਮੀਆਂ ਵੱਲੋਂ ਦਿੱਤੇ ਗਏ ਸੁਝਾਆਂ ਨੂੰ ਵੱਧ ਤੋਂ ਵੱਧ ਆਗਾਮੀ ਬਜਟ ਵਿਚ ਕੀਤਾ ਜਾਵੇਗਾ ਸ਼ਾਮਿਲ : ਮੁੱਖ ਮੰਤਰੀ

**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਬਜਟ 2025-26 ਲਈ ਪਾਣੀਪਤ ਵਿਚ ਕਪੜਾ ਉਦਯੋਗ ਦੇ ਪ੍ਰਤੀਨਿਧੀਆਂ ਦੇ ਨਾਲ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਕੀਤੀ। ਇਸ ਮੌਕੇ 'ਤੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ ਮੌਜੂਦ ਰਹੇ। ਮੁੱਖ ਮੰਤਰੀ ਨੇ ਕਿਹਾ ਕਿ ਕਪੜਾ ਉਦਯੋਗ ਜਗਤ ਦੇ ਨਾਲ ਜੋ ਵਿਚਾਰ-ਵਟਾਂਦਰਾਂ ਹੋਇਆ ਹੈ ਅਤੇ ਸੁਝਾਅ ਲਏ ਗਏ ਹਨ, ਉਨ੍ਹਾਂ ਨੂੰ ਆਗਾਮੀ ਬਜਟ ਵਿਚ ਵੱਧ ਤੋਂ ਵੱਧ ਸ਼ਾਮਿਲ ਕਰਨ 'ਤੇ ਪੂਰੀ ਤਰ੍ਹਾ ਨਾਲ ਵਿਚਾਰ ਕੀਤਾ ਕੀਤਾ ਜਾਵੇਗਾ ਤਾਂ ਜੋ ਉਦਯੋਗ ਜਗਤ ਸੂਬਾ ਸਰਕਾਰ ਵੱਲੋਂ ਬਣਾਈ ਗਈ ਯੋਜਨਾਵਾਂ ਦਾ ਪੂਰੀ ਤਰ੍ਹਾ ਨਾਲ ਲਾਭ ਚੁੱਕ ਸਕਣ ਅਤੇ ਰੁਜਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕੀਤੇ ਜਾ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਉਦਮੀ ਆਪਣੇ ਸੁਝਾਅ ਸਰਕਾਰ ਵੱਲੋਂ ਬਣਾਏ ਗਏ ਪੋਰਟਲ 'ਤੇ ਜਾਂ ਲਿਖਿਤ ਰੂਪ ਨਾਲ ਵੀ ਦੇ ਸਕਦੇ ਹਨ। ਉਨ੍ਹਾਂ ਸੁਝਾਆਂ ਦੇ ਆਧਾਰ 'ਤੇ ਸੂਬੇ ਨੂੰ ਸਮਾਜਿਕ ਬੁਨਿਆਦੀ ਢਾਂਚੇ ਅਤੇ ਆਰਥਕ ਰੂਪ ਨਾਲ ਮਜਬੂਤ ਕਰਨ ਲਈ ਬਜਟ ਵਿਚ ਨਵੀਂ ਯੋਜਨਾਵਾਂ ਬਣਾਈ ਜਾ ਸਕਣ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਟੈਕਸਟਾਇਲ ਨੂੰ ਆਤਮਨਿਰਭਰ ਬਨਾਉਣ ਲਈ ਨੀਤੀ ਬਣਾਈ ਹੈ। ਛੋਟੇ ਉਦਯੋਗਾਂ ਨੂੰ ਪ੍ਰੋਤਸਾਹਨ ਦੇਣ ਲਈ ਸੂਬਾ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਅਤੇ ਮੌਜੂਦਾ ਹਰਿਆਣਾ ਸਰਕਾਰ ਸਵੈਰੁਜਗਾਰ ਨੂੰ ਪ੍ਰੇਰਿਤ ਕਰਨ ਲਈ ਕੰਮ ਕਰ ਰਹੀ ਹੈ। ਸਰਕਾਰ ਦਾ ਯਤਨ ਹੈ ਕਿ ਦੇਸ਼ ਦੇ ਵਿਕਾਸ ਵਿਚ ਉਦਯੋਗ ਜਗਤ ਦੀ ਅਹਿਮ ਭਾਗੀਦਾਰੀ ਹੋਣੀ ਚਾਹੀਦੀ ਹੈ।

**ਹੁਣ ਤੱਕ ਬਜਟ ਲਈ 9 ਹਜਾਰ ਤੋਂ ਵੱਧ ਸੁਝਾਅ ਹੋਏ ਪ੍ਰਾਪਤ**

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇੱਕ ਸਮਾਵੇਸ਼ੀ ਬਜਟ ਦੀ ਪਰਿਕਲਪਣਾ ਨੂੰ ਸਾਕਾਰ ਕਰਨ ਲਈ ਸੂਬਾ ਸਰਕਾਰ ਵੱਲੋਂ ਸਮਾਜ ਦੇ ਵੱਖ-ਵੱਖ ਵਰਗਾਂ ਤੋਂ ਸੁਝਾਅ ਮੰਗੇ ਜਾ ਰਹੇ ਹਨ ਤਾਂ ਜੋ ਪ੍ਰਾਪਤ ਬਿਹਤਰੀਨ ਸੁਝਾਆਂ ਨੂੰ ਸੂਬਾ ਸਰਕਾਰ ਦੇ ਬਜਟ ਵਿਚ ਸ਼ਾਮਿਲ ਕੀਤਾ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਪਹਿਲੀ ਵਾਰ ਸੂਬਾ ਸਰਕਾਰ ਨੇ ਇੱਕ ਵਿਵਸਥਾ ਸ਼ੁਰੂ ਕੀਤੀ ਹੈ, ਜਿਸ ਵਿਚ ਸੂਬੇ ਦਾ ਕੋਈ ਵੀ ਵਿਅਕਤੀ ਘਰ ਬੈਠ ਕੇ ਵੀ ਆਨਲਾਇਨ ਰਾਹੀਂ ਬਜਟ ਸਬੰਧੀ ਸੁਝਾਅ ਦੇ ਸਕਦਾ ਹੈ।

ਇਸ ਦੇ ਲਈ ਇੱਕ ਸਮਰਪਿਤ ਪੋਰਟਲ ਤਿਆਰ ਕੀਤਾ ਗਿਆ। ਹੁਣ ਤੱਕ ਪੂਰੇ ਸੂਬੇ ਵਿਚ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧੀਆਂ ਦੇ ਨਾਲ ਪ੍ਰਬੰਧਿਤ ਪ੍ਰੀ-ਬਜਟ ਕੰਸਲਟੇਸ਼ਨ ਵਿਚ 9 ਹਜਾਰ ਸੁਝਾਅ ਪ੍ਰਾਪਤ ਹੋਏ ਹਨ।

ਉਨ੍ਹਾਂ ਨੇ ਕਿਹਾ ਕਿ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗਾਂ ਕਰਨ ਦਾ ਉਦੇਸ਼ ਹੈ ਕਿ ਸਮਾਜ ਦੇ ਹਰ ਵਰਗ ਦੀ ਭਲਾਈ ਤੇ ਆਰਥਕ ਉਨੱਤੀ ਲਈ ਯੋਜਨਾਵਾਂ ਬਣਾਈਆਂ ਜਾ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਪਾਣੀਪਤ ਵਿਚ ਵੱਖ-ਵੱਖ ਉਦਮੀਆਂ ਵੱਲੋਂ ਅੱਜ ਦਿੱਤੇ ਗਏ ਸੁਝਾਅ ਆਗਾਮੀ ਬਜਟ ਵਿਚ ਸੂਬੇ ਨੂੰ ਸ਼ਸ਼ਕਤ ਤੇ ਮਜਬੂਤ ਬਨਾਉਣ ਵਿਚ ਅਹਿਮ ਭੂਕਿਮਾ ਨਿਭਾਉਣਗੇ। ਇਸ ਚਰਚਾ ਵਿਚ ਵੱਢ-ਵੱਖ ਉਦਯੋਗ ਸੰਗਠਨਾਂ ਦੇ ਕਰੀਬ 15 ਪ੍ਰਤੀਨਿਧੀਆਂ ਨੇ ਹਿੱਸਾ ਲਿਆ ਅਤੇ ਮੁੱਖ ਮੰਤਰੀ ਨੂੰ ਆਪਣੇ ਸੁਝਾਅ ਦਿੱਤੇ।

**ਪੇਸ਼ ਕੀਤੇ ਜਾਣ ਵਾਲੇ ਬਜਟ ਭਾਸ਼ਨ ਨੂੰ ਜਰੂਰ ਸੁਨਣ ਸਾਰੇ ਉਦਮੀ - ਰਾਜੇਸ਼ ਖੁੱਲਰ**

ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ ਨੇ ਇਸ ਚਰਚਾ ਵਿਚ ਹਿੱਸਾ ਲੈਣ ਵਾਲੇ ਸਾਰੇ ਉਦਮੀਆਂ ਨੂੰ ਅਪੀਲ ਕੀਤੀ ਕਿ ਜਿਸ ਦਿਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਖਜਾਨਾ ਮੰਤਰੀ ਵਜੋ ਫਰਵਰੀ ਮਹੀਨੇ ਵਿਚ ਬਜਟ ਪੇਸ਼ ਕਰਨਗੇ ਉਸ ਦਿਨ ਉਹ ਉਨ੍ਹਾਂ ਦਾ ਭਾਸ਼ਨ ਜਰੂਰ ਸੁਨਣ।

ਇਸ ਮੌਕੇ 'ਤੇ ਵਿਧਾਇਕ ਪ੍ਰਮੋਦ ਵਿਜ, ਟਾਉਨ ਐਂਡ ਕੰਟਰੀ ਪਲਾਨਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ.ਕੇ. ਸਿੰਘ, ਗੋਲਡਨ ਜੈਯੰਤੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ ਦੇ ਡਾਇਰੈਕਟਰ ਜਨਰਲ ਅੰਸ਼ਜ ਸਿੰਘ, ਡਿਪਟੀ ਕਮਿਸ਼ਨਰ ਡਾ. ਵੀਰੇਂਦਰ ਕੁਮਾਰ ਦਹਿਆ ਅਤੇ ਸਾਬਕਾ ਸਾਂਸਦ ਸੰਜੈ ਭਾਟਿਆ ਸਮੇਤ ਹੋਰ ਸੀਨੀਅਰ ਅਧਿਕਾਰੀ ਅਤੇ ਉਦਯੋਗ ਸੰਗਠਨ ਦੇ ਪ੍ਰਤੀਨਿਧੀ ਮੌਜੂਦ ਸਨ।

# ਸਤਿਗੁਰੂ ਰਾਮ ਸਿੰਘ ਜੀ ਦੇ 209ਵੇਂ ਪ੍ਰਕਾਸ਼ ਪੁਰਬ ਤੇ ਪੰਜਾਬ ਸਰਕਾਰ ਵੱਲੋਂ 2 ਫਰਵਰੀ ਨੂੰ ਰਾਜ ਪੱਧਰੀ ਸਮਾਗਮ



**ਲੁਧਿਆਣਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਮਧਾਰੀ ਸੰਪਰਦਾ ਦੇ ਬਾਨੀ ਅਤੇ ਆਧੁਨਿਕ ਆਜ਼ਾਦੀ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਦੇ 209ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ 2 ਫਰਵਰੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ।

ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਐਲਾਨ ਕੀਤਾ ਕਿ ਇਹ ਸਮਾਗਮ 2 ਫਰਵਰੀ ਨੂੰ ਹੋਵੇਗਾ। ਇਸ ਸਮਾਗਮ ਵਿੱਚ ਸੂਬਾ ਸਰਕਾਰ ਦੇ ਵੱਖ-ਵੱਖ ਨੁਮਾਇੰਦੇ, ਵਿਧਾਇਕ, ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ, ਆਜ਼ਾਦੀ ਘੁਲਾਟੀਏ ਅਤੇ ਹਜ਼ਾਰਾਂ ਪੈਰੋਕਾਰਾਂ ਦੇ ਹਾਜ਼ਰ ਹੋਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਜੋਰਵਾਲ ਵੱਲੋਂ ਇੱਕ ਕਮੇਟੀ ਦਾ ਗਠਨ ਕਰਨ ਦੇ ਆਦੇਸ਼ ਦਿੱਤੇ ਅਤੇ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ ਦੀ ਰੂਪ ਰੇਖਾ 'ਤੇ ਵੀ ਚਾਨਣਾ ਪਾਇਆ।

ਉਨ੍ਹਾਂ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਪੂਰੀ ਯੋਜਨਾਬੰਦੀ ਅਤੇ ਅਮਲ ਦੀ ਲੋੜ 'ਤੇ ਜ਼ੋਰ ਦਿੰਦਿਆਂ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣੀ ਡਿਊਟੀ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਉਣ ਦੀ ਅਪੀਲ ਕੀਤੀ।

ਇਸ ਮੌਕੇ ਐਸ.ਡੀ.ਐਮ. ਜਸਲੀਨ ਭੁੱਲਰ, ਆਰ.ਟੀ.ਏ. ਕੁਲਦੀਪ ਬਾਵਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਜਨਭਲਾਈ ਨੂੰ ਸਮਰਪਿਤ ਹੋਵੇਗਾ ਸੂਬਾ ਸਰਕਾਰ ਦਾ ਬਜਟ

**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਪਾਣੀਪਤ ਵਿਚ ਉਦਯੋਗਪਤੀਆਂ ਤੇ ਕਪੜਾ ਉਦਮੀਆਂ ਦੇ ਨਾਲ ਮੀਟਿੰਗ ਦੇ ਬਾਅਦ ਮੀਡੀਆ ਪਰਸਨਸ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਵੱਲੋਂ ਜੋ ਬਜਟ ਪੇਸ਼ ਕੀਤਾ ਜਾਵੇਗਾ ਉਹ ਜਨਤਾ ਦੀ ਭਲਾਈ ਨਾਲ ਜੁੜਿਆ ਹੋਵੇਗਾ, ਜਿਸ ਵਿਚ ਕਿਸਾਨਾਂ, ਨੌਜੁਆਨਾਂ, ਮਹਿਲਾਵਾਂ, ਵਪਾਰੀਆਂ ਸਮੇਤ ਸਮਾਜ ਦੇ ਸਾਰੇ ਵਰਗਾਂ ਨੂੰ ਪੂਰਾ ਪ੍ਰਤੀਨਿਧੀਤਵ ਦਿੱਤਾ ਜਾਵੇਗਾ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਬਿਆਨ ਦੇ ਸਬੰਧ ਵਿਚ ਇੱਕ ਸੁਆਲ ਦਾ ਜਵਾਬ ਦਿੰਦੇ ਹੋਏ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਿਆਸੀ ਸਵਾਰਥ ਸਿੱਧੀ ਲਈ ਗਲਤ ਪ੍ਰਚਾਰ ਨਹੀਂ ਕਰਨਾ ਚਾਹੀਦਾ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੇ ਲੋਕਾਂ ਦਾ ਅਪਮਾਨ ਕੀਤਾ ਹੈ। ਦਿੱਲੀ ਦੇ ਲੋਕ ਇਸ ਵਾਰ ਉਨ੍ਹਾਂ ਦੇ ਬਹਿਕਾਵੇ ਵਿਚ ਨਹੀਂ ਆਉਣ ਵਾਲੇ। ਦਿੱਲੀ ਦੇ ਹਾਲਾਤ ਕਲਪਣਾ ਤੋਂ ਪਰੇ ਹਨ, ਇਹ ਖੁਦ ਵੀ ਇਸ ਤੋਂ ਵਾਕਫ ਹਨ। ਦਿੱਲੀ ਦੀ ਜਨਤਾ ਨੇ ਉਨ੍ਹਾਂ ਨੂੰ ਦੋ ਮੌਕੇ ਦਿੱਤੇ, ਇਸ ਵਾਰ ਉਨ੍ਹਾਂ ਨੂੰ ਦਿੱਲੀ ਦੀ ਜਨਤਾ ਮੌਕਾ ਨਹੀਂ ਦਵੇਗੀ, ਕਿਉਂਕਿ ਉਹ ਜਨਤਾ ਦੀ ਉਮੀਦ 'ਤੇ ਖਰਾ ਨਹੀਂ ਉਤਰੇ।ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਾਢੇ 8 ਹਜਾਰ ਕਰੋੜ ਰੁਪਏ ਐਸਟੀਪੀ ਲਗਾਉਣ ਨੂੰ ਲੈ ਕੇ ਦਿੱਲੀ ਸਰਕਾਰ ਨੂੰ ਦਿੱਤੇ ਗਏ ਸਨ, ਪਰ ਨਾ ਤਾਂ ਐਸਟੀਪੀ ਲਗਿਆ ਅਤੇ ਨਾ ਹੀ ਪੈਸੇ ਦਾ ਪਤਾ ਚਲਿਆ। ਦਿੱਲੀ ਦੀ ਗਲੀਆਂ ਵਿਚ ਪਾਣੀ ਭਰਿਆ ਪਿਆ ਹੈ। ਰਸੋਈ ਵਿਚ ਸਾਫ ਪਾਣੀ ਨਹੀਂ ਮਿਲ ਰਿਹਾ। ਤਾਲਾਬਾਂ ਤੱਕ ਦੀ ਸਫਾਈ ਨਹੀਂ ਕੀਤੀ ਗਈ। ਪਾਣੀ ਦੇ ਡਿਸਟਰੀਬਿਊਸ਼ਨ ਦੀ ਕਮੀ ਹੈ। ਉਸ ਨੂੰ ਸੁਧਾਰਣ ਦੀ ਥਾਂ ਅਰਵਿੰਦ ਕੇਜਰੀਵਾਲ ਬਿਆਨਬਾਜੀ 'ਤੇ ਵੱਧ ਭਰੋਸਾ ਕਰ ਰਹੇ ਹਨ।

ਹਰਿਆਣਾ ਦੇ ਨਿਗਮ ਚੋਣਾਂ ਨੂੰ ਲੈ ਕੇ ਪੁੱਛੇ ਗਏ ਸੁਆਲ ਦਾ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮੇਅਰ ਦੇ ਚੋਣ ਲਈ ਪਾਰਟੀ ਪੂਰੀ ਤਰ੍ਹਾ ਨਾਲ ਤਿਆਰ ਹੈ।

# ਗੁਣਵੱਤਾਪਰਕ ਕੰਮ ਨਹੀਂ ਕਰਨ ਵਾਲੇ ਠੇਕੇਦਾਰਾਂ ਨੂੰ ਕਰਨ ਬਲੈਕਲਿਸਟ : ਵਿਪੁਲ ਗੋਇਲ

**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਹੈ ਕਿ ਨਿਰਮਾਣ ਕੰਮਾਂ ਵਿਚ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਨਿਰਮਾਣ ਕੰਮਾਂ ਵਿਚ ਗੁਣਵੱਤਾ ਦਾ ਧਿਆਨ ਨਹੀਂ ਰੱਖਣ ਵਾਲੇ ਠੇਕੇਦਾਰਾਂ ਨੂੰ ਬਲੈਕ ਲਿਸਟ ਕਰਨ ਦੇ ਨਿਰਦੇਸ਼ ਦਿੱਤੇ।

ਇਹ ਨਿਰਦੇਸ਼ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਹਰਿਆਣਾ ਨਿਵਾਸ ਵਿੱਚ ਪੂਰੇ ਸੂਬੇ ਦੇ ਨਗਰ ਨਿਗਮਾਂ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰਦੇ ਹੋਏ ਦਿੱਤੇ। ਮੀਟਿੰਗ ਵਿੱਚ ਉਦਯੋਗ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਵੀ ਮੌਜੂਦ ਰਹੇ।

ਮੀਟਿੰਗ ਵਿੱਚ ਮੌਜੂਦ ਅਧਿਕਾਰੀਆਂ ਨੂੰ ਸੰਬੋਧਿਤ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਸਾਰੇ ਸੀਨੀਅਰ ਅਧਿਕਾਰੀ ਹਫਤੇ ਵਿੱਚ ਇੱਕ ਵਾਰ ਫੀਲਡ ਵਿੱਚ ਜਾ ਕੇ ਰਿਪੋਰਟ ਲੈਣਾ ਯਕੀਨੀ ਕਰਨ। ਇਸ ਨਾਲ ਸੁਬੋਰਡੀਨੇਟ ਅਧਿਕਾਰੀ ਸਾਨੂੰ ਗੁਮਰਾਹ ਨਹੀਂ ਕਰ ਸਕਨਗੇ ਅਤੇ ਹਰ ਵਿਸ਼ੇ ਦੀ ਅੱਪਡੇਟ ਜਾਣਕਾਰੀ ਸਾਡੇ ਕੋਲ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਅਸੀਂ ਅਜਿਹੇ ਵਿਭਾਗ ਨਾਲ ਜੁੜੇ ਹਾਂ ਜਿਨ੍ਹਾਂ ਦੇ ਕੰਮ ਦੀ ਲੋਕ ਰੋਜਾਨਾ ਸਮੀਖਿਆ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਜਦੋਂ ਸਵੇਰੇ ਲੋਕ ਸੈਰ ਲਈ ਨਿਕਲਦੇ ਹਨ ਤਾਂ ਰਸਤਿਆਂ ਵਿੱਚ ਸੜਕਾਂ ਤੇ ਗਲੀਆਂ ਵਿੱਚ ਸਫਾਈ ਵਿਵਸਥਾ ਦੇਖ ਕੇ ਸਾਡੇ ਵਿਭਾਗ ਦੀ ਕਾਰਜਸ਼ੈਲੀ ਦੀ ਸਮੀਖਿਆ ਕਰਦੇ ਹਨ।

ਉਨ੍ਹਾਂ ਨੇ ਕਿਹਾ ਕਿ ਸਫਾਈ ਵਿਵਸਥਾ ਵਿੱਚ ਕਿਸੇ ਤਰ੍ਹਾ ਦੀ ਲਾਪ੍ਰਵਾਹੀ ਨਹੀਂ ਹੋਣੀ ਚਾਹੀਦੀ ਹੈ। ਇਸ ਦੇ ਲਈ ਸਾਡੇ ਕੋਲ ਸਰੋਤਾਂ ਅਤੇ ਬਜਟ ਦੀ ਕੋਈ ਕਮੀ ਨਹੀਂ ਹੈ। ਸ੍ਰੀ ਵਿਪੁਲ ਗੋਇਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਵਿਭਾਗ ਨਾਲ ਜੁੜੇ ਕੰਮਾਂ ਦੀ ਲਗਾਤਾਰ ਜ਼ਿਲ੍ਹਿਆਂ ਵਿੱਚ ਵੀ ਸਮੀਖਿਆ ਕਰਨ। ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਉਹ ਖੁਦ ਵੀ ਹਰੇਕ ਜ਼ਿਲ੍ਹੇ ਵਿੱਚ ਜਾ ਕੇ ਕੰਮਾਂ ਦੀ ਸਮੀਖਿਆ ਕਰਨਗੇ।

ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਸ਼ਹਿਰ ਅਤੇ ਕਸਬਿਆਂ ਵਿੱਚ ਬੇਸਹਾਰਾ ਘੁੰਮਣ ਵਾਲੇ ਗਾਂਵੰਸ਼ ਨੂੰ ਫੜ੍ਹ ਕੇ ਨੇੜੇ ਦੀ ਗਾਂਸ਼ਾਲਾਵਾਂ ਵਿੱਚ ਭੇਜਣ। ਉਨ੍ਹਾਂ ਨੇ ਕਿਹਾ ਕਿ ਸੂਬੇ ਦੀ ਗਾਂਸ਼ਾਲਾਵਾਂ ਦਾ ਪੂਰਾ ਰਿਕਾਰਡ ਗਾਂ ਸੇਵਾ ਆਯੋਗ ਦੀ ਵੈਬਸਾਇਟ 'ਤੇ ਆਨਲਾਇਨ ਉਪਲਬਧ ਹੈ। ਕਿਸ ਗਾਂਸ਼ਾਲਾ ਵਿੱਚ ਕਿੰਨ੍ਹੇ ਗਾਂਵੰਸ਼ ਨੂੰ ਭੇਜਿਆ ਜਾ ਸਕਦਾ ਹੈ, ਇਹ ਜਾਣਕਾਰੀ ਸਾਨੂੰ ਗਾਂਵੰਸ਼ ਆਯੋਗ ਦੀ ਸਾਇਟ ਤੋਂ ਮਿਲ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਇਸ ਵਿਸ਼ੇ ਵਿੱਚ ਸੌ ਫੀਸਦੀ ਕੰਮ ਹੋਣਾ ਚਾਹੀਦਾ ਹੈ। ਇਸ ਵਿਸ਼ੇ ਨੂੰ ਸਾਰੇ ਅਧਿਕਾਰੀ ਗੰਭੀਰਤਾ ਨਾਲ ਲੈਣ।

ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਬੇਸਹਾਰਾ ਗਾਂਵੰਸ਼ ਨੂੰ ਫੜਨ ਲਈ ਚੰਗੇ ਕੰਮ ਕਰਨ ਵਾਲੇ ਅਧਿਕਾਰੀਆਂ ਨੂੰ ਇਨਾਮ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਜੋ ਅਧਿਕਾਰੀ ਕੰਮ ਕਰਨ ਵਿੱਚ ਲਾਪ੍ਰਵਾਹੀ ਵਰਤਣ, ਉਨ੍ਹਾਂ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।

ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਸੂਬੇ ਦੇ ਕਈ ਵੱਡੇ ਸ਼ਹਿਰਾਂ ਵਿੱਚ ਕੁੱਝ ਸਥਾਨਾਂ 'ਤੇ ਸੀਵਰੇਜ ਓਵਰਫਲੋ ਦੀ ਸ਼ਿਕਾਇਤਾਂ ਮਿਲ ਰਹੀਆਂ ਹਨ। ਇਸ ਸਮੱਸਿਆ ਦਾ ਜਲਦੀ ਤੋਂ ਜਲਦੀ ਹੱਲ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਦਾ ਕੰਮ ਕਰਨ। ਸੀਵਰੇਜ ਅਤੇ ਪੇਯਜਲ੍ਹ ਨਾਲ ਸਬੰਧਿਤ ਸਮੱਸਿਆ ਕਿਤੇ ਵੀ ਨਹੀਂ ਰਹਿਣੀ ਚਾਹੀਦੀ ਹੈ।

ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਕਿਤੇ ਵੀ ਵਿਭਾਗ ਦੀ ਜਮੀਨ 'ਤੇ ਕਬਜੇ ਨਹੀਂ ਹੋਣੇ ਚਾਹੀਦੇ ਹਨ। ਜੇਕਰ ਕਿਸੇ ਥਾਂ 'ਤੇ ਕਿਸੇ ਨੇ ਕਬਜਾ ਕੀਤਾ ਹੋਇਆ ਹੈ ਤਾਂ ਉਸ ਨੂੰ ਹਟਵਾਉਣ। ਨਾਲ ਹੀ ਵਿਭਾਗ ਦੀ ਜਮੀਨ ਦਾ ਲੈਂਡ ਰਿਕਾਰਡ ਅੱਪਡੇਟ ਕਰਨ।

ਇਸ ਮੌਕੇ 'ਤੇ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਵਿਕਾਸ ਗੁਪਤਾ ਤੋਂ ਇਲਾਵਾ ਵਿਭਾਗ ਦੇ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਬਜਟ ਦੀ ਕਮੀ ਨਹੀਂ ਰਹਿਣ ਦੇਣਗੇ ਕਿਸਾਨ ਦੇ ਹਿੱਤ ਵਿਚ

**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਦੀ ਸੇਮ ਗ੍ਰਸਤ ਅਤੇ ਲਵਣੀ ਭੂਮੀ ਨੂੰ ਦਰੁਸਤ ਕਰਨ ਲਈ ਕੋਈ ਠੋਸ ਯੋਜਨਾ ਬਨਾਉਣ, ਕਿਸਾਨਾਂ ਦੇ ਹਿੱਤ ਲਈ ਬਜਟ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਸ੍ਰੀ ਰਾਣਾ ਅੱਜ ਇੱਥੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ 'ਤੇ ਉਨ੍ਹਾਂ ਨੇ ਸੇਮ ਅਤੇ ਲਵਣੀ ਭੂਮੀ ਸੁਧਾਰ ਲਈ ਚੁੱਕੇ ਜਾ ਰਹੇ ਕਦਮਾਂ ਦੀ ਸਮੀਖਿਆ ਕੀਤੀ। ਮੀਟਿੰਗ ਵਿਚ ਵਿਭਾਗ ਦੇ ਵਧੀਕ ਮੁੱਖ ਸਕੱਤਰ ਰਾਜਾ ਸ਼ੇਖਰ ਵੁੰਡਰੂ, ਨਿਦੇਸ਼ਕ ਰਾਜਨਰਾਇਣ ਕੌਸ਼ਿਕ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

ਖੇਤੀਬਾੜੀ ਮੰਤਰੀ ਨੇ ਵਿਭਾਗ ਦੇ ਫੀਲਡ ਤੋਂ ਆਏ ਸੀਨੀਅਰ ਅਧਿਕਾਰੀਆਂ ਦੇ ਵੱਲ ਮੁਖਾਤਿਬ ਹੁੰਦੇ ਹੋਏ ਕਿਹਾ ਕਿ ਤੁਸੀਂ ਲੋਕ ਕਿਸਾਨਾਂ ਦੇ ਸਿੱਧੇ ਸੰਪਰਕ ਵਿਚ ਰਹਿੰਦੇ ਹਨ, ਕਿਸਾਨਾਂ ਨਾਲ ਰਾਏ-ਮਸ਼ਵਰਾ ਕਰ ਕੇ ਸਮੇ ਗ੍ਰਸਤ ਅਤੇ ਲਵਣੀ ਭੂਮੀ ਨੂੰ ਜਲਦੀ ਤੋਂ ਜਲਦੀ ਠੀਕ ਕਰਨ ਦੇ ਮੌਜੂਦਾ ਉਪਾਆਂ ਤੋਂ ਇਲਾਵਾ ਹੋਰ ਉਪਾਆਂ 'ਤੇ ਵੀ ਵਿਚਾਰ ਕਰਨ ਅਤੇ ਸੁਝਾਅ ਦੇਣ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਜਿਨ੍ਹਾਂ ਪਿੰਡਾਂ ਵਿਚ ਪੰਚਾਇਤੀ- ਭੂਮੀ ਸਮੇ ਗ੍ਰਸਤ ਹੈ ਤਾਂ ਉੱਥੇ ਪੌਂਡ ਬਣਾ ਕੇ ਝੀਂਗਾ ਮੱਛੀ ਦੇ ਪਾਲਣ ਲਈ ਕਿਸਾਨਾਂ ਨੂੰ ਪ੍ਰੋਤਸਾਹਿਤ ਕਰਨ। ਇਸ ਨਾਲ ਜਿੱਥੇ ਲਵਣੀ ਪਾਣੀ ਦੀ ਵਰਤੋ ਹੋ ਸਕੇਗੀ ਉੱਥੇ ਪੰਚਾਇਤਾਂ ਨੂੰ ਵੱਧ ਆਮਦਨੀ ਵੀ ਹੋ ਸਕੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੇਮ ਗ੍ਰਸਤ ਭੂਮੀ ਨੂੰ ਠੀਕ ਕਰਨ ਲਈ ਜੇਕਰ ਜਿਲ੍ਹਾ ਵਾਇਜ ਯੋਜਨਾ ਬਨਾਉਣੀ ਪਵੇ ਤਾਂ ਉਹ ਵੀ ਬਣਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਜਿਸ ਖੇਤਰ ਵਿਚ ਸੇਮ ਦੀ ਸਮਸਿਆ ਵੱਧ ਹੈ ਉੱਥੇ ਡਰੋਨ ਨਾਲ ਪਾਣੀ ਦੀ ਨਿਕਾਸੀ ਕਰ ਕੇ ਭੂਮੀ ਸੁਧਾਰ ਦੇ ਸਤਨ ਕਰਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੂੰ ਇਸ ਮੌਕੇ 'ਤੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਸੂਬੇ ਦੇ 13 ਜਿਲ੍ਹਿਆਂ ਦੇ 686 ਪਿੰਡ ਸੇਮ ਗ੍ਰਸਤ ਹਨ। ਉਨ੍ਹਾਂ ਨੇ ਦਸਿਆ ਕਿ ਸੂਬੇ ਦੀ ਖੇਤੀ ਭੂਮੀ ਦਾ 8 ਫੀਸਦੀ ਯਾਨੀ 9,82,731 ਏਕੜ ਭੂਮੀ ਸੇਮ ਨਾਲ ਪ੍ਰਭਾਵਿਤ ਹੈ। ਫਿਲਹਾਲ ਸਿਰਸਾ ਅਤੇ ਗੁਰੂਗਰਾਮ ਜਿਲ੍ਹਾ ਨੂੰ ਸਮੇਤ ਮੁਕਤ ਕਰ ਦਿੱਤਾ ਗਿਆ ਹੈ ਜਦੋਂ ਕਿ ਫਤਿਹਾਬਾਦ ਜਿਲ੍ਹਾ ਨੂੰ ਇਸ ਸਾਲ ਦੇ ਆਖੀਰ ਤੱਕ ਸੇਮ ਮੁਕਤ ਕਰ ਦਿੱਤਾ ਜਾਵੇਗਾ।

ਅਧਿਕਾਰੀਆਂ ਨੇ ਦਸਿਆ ਕਿ ਸੂਬੇ ਵਿਚ ਭੂਮੀ ਨੂੰ ਸੇਮ ਅਤੇ ਲਵਣ ਤੋਂ ਮੁਕਤ ਕਰਨ ਲਈ ਸਰਵੇ ਸਰਫੇਸ ਡ੍ਰੇਨੇਜ ਤਕਨੀਕ ਵਰਟੀਕਲ ਡ੍ਰੇਨੇ੧ ਤਕਨੀਕ ਅਪਣਾਈ ਜਾਂਦੀ ਹੈ। ਇੰਨ੍ਹਾਂ ਤੋਂ ਇਲਾਵਾ, ਜੈਵਿਕ ਜਲ੍ਹ ਨਿਕਾਸੀ ਯੋਜਨਾ ਤਹਿਤ ਵੱਧ ਪਾਣੀ ਪੀਣ ਵਾਲੇ ਪੜੇ ਸਫੇਦਾ ਆਦਿ ਲਗਾ ਕੇ ਉਕਤ ਦੋਵਾਂ ਤਕਨੀਕਾਂ ਨੂੰ ਪ੍ਰਭਾਵੀ ਬਣਾਇਆ ਜਾਂਦਾ ਹੈ ਅਤੇ ਭੂਮੀ ਦਾ ਸੁਧਾਰ ਜਲਦੀ ਕੀਤਾ ਜਾਂਦਾ ਹੈ।

# ਜੀ.ਐਸ.ਟੀ.ਮ., ਵਿਭਾਗ ਵੱਲੋਂ ਰਜਿਸਟਰੇਸ਼ਨ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ

**ਮਲੋਟ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿੱਤ ਕਮਿਸ਼ਨਰ (ਕਰ) ਕ੍ਰਿਸ਼ਨ ਕੁਮਾਰ ਦੇ ਆਦੇਸ਼ਾਂ ਅਨੁਸਾਰ ਸਹਾਇਕ ਕਮਿਸ਼ਨਰ ਰਾਜ ਕਰ ਸ੍ਰੀ ਮੁਕਤਸਰ ਸਾਹਿਬ ਨਰਿੰਦਰ ਕੁਮਾਰ ਦੀ ਅਗਵਾਈ ਹੇਠ ਵਪਾਰ ਮੰਡਲ ਸ੍ਰੀ ਮੁਕਤਸਰ ਸਾਹਿਬ ਤੇ ਹੋਰ ਵੱਖ ਵੱਖ ਟਰੇਡ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨਾਲ ਮੀਟਿੰਗ ਹੋਈ ।

ਸਹਾਇਕ ਕਮਿਸ਼ਨਰ ਰਾਜ ਕਰ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਵਿੱਤ ਕਮਿਸ਼ਨਰ (ਕਰ) ਕ੍ਰਿਸ਼ਨ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਇਹ ਸਪੈਸ਼ਲ ਰਜਿਸਟਰੇਸ਼ਨ ਸਰਵੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਚੱਲ ਰਿਹਾ ਹੈ, ਜਿਸ ਦੌਰਾਨ ਜੀ, ਐਸ,ਟੀ,ਐਕਟ ਦੀਆਂ ਧਾਰਾਵਾਂ ਅਨੁਸਾਰ ਯੋਗ ਪਾਏ ਜਾਣ ਵਾਲੇ ਅਣਰਜਿਸਟਰਡ ਡੀਲਰਾ ਨੂੰ ਜੀ ਐਸ ਟੀ, ਐਕਟ ਅਧੀਨ ਰਜਿਸਟਰ ਕੀਤਾ ਜਾਣਾ ਹੈ।

ਇਹ ਸਰਵੇ 10 ਫਰਵਰੀ 2025 ਤੱਕ ਕੀਤਾ ਜਾਣਾ ਹੈ। ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤਾਂ ਜੋ ਸਰਵਿਸ ਸੈਕਟਰ ਅਧੀਨ ਰਜਿਸਟਰਡ ਡੀਲਰਾ ਦੀ ਗਿਣਤੀ ਵਧਾ ਕੇ ਸਰਕਾਰੀ ਮਾਲੀਏ ਵਿੱਚ ਵਾਧਾ ਕੀਤਾ ਜਾ ਸਕੇ। ਇਸ ਦੇ ਨਾਲ ਹੀ ਉਹਨਾਂ ਵਪਾਰ ਮੰਡਲ ਸ੍ਰੀ ਮੁਕਤਸਰ ਸਾਹਿਬ ਤੇ ਹੋਰ ਵੱਖ ਵੱਖ ਟਰੇਡ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਵੱਲੋਂ ਆਪਣੇ ਸਾਰੇ ਅਣਰਜਿਸਟਰਡ ਮੈਂਬਰਾਂ ਨੂੰ ਜੀ ਐਸ ਟੀ ਐਕਟ ਅਧੀਨ ਰਜਿਸਟਰ ਹੋਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋਂ ਪੰਜਾਬ ਸਰਕਾਰ ਦਾ ਟੈਕਸ ਮਾਲੀਆ ਵਧਾਇਆ ਜਾ ਸਕੇ।

ਇਸ ਮੌਕੇ ਵਪਾਰ ਮੰਡਲ ਵੱਲੋਂ ਇੰਦਰਜੀਤ ਬਾਂਸਲ ਪ੍ਰਧਾਨ, ਦੇਸ਼ ਰਾਜ ਤਨੇਜਾ ਜਨਰਲ ਸਕੱਤਰ, ਬਲਦੇਵ ਸਿੰਘ ਪ੍ਰਧਾਨ ਸਵਰਨਕਾਰ ਸੰਘ, ਬਲਵੀਰ ਸਿੰਘ ਕੱਪੜਾ ਯੂਨੀਅਨ, ਪ੍ਰਵੀਨ ਕੁਮਾਰ ਪ੍ਰਧਾਨ ਰੇਡੀਮੇਡ ਗਾਰਮੈਂਟਸ, ਬ੍ਰਿਜ ਭੂਸ਼ਣ ਪ੍ਰਧਾਨ ਜਨਰਲ ਮਰਚੈਂਟ , ਅਸ਼ਵਨੀ ਗਿਰਧਰ ਚੇਅਰਮੈਨ, ਰਾਜੀਵ ਕੁਮਾਰ ਪ੍ਰਧਾਨ ਮੈਡੀਕਲ ਐਸੋਸੀਏਸ਼ਨ, ਮੁਨੀਸ਼ ਅਗਰਵਾਲ ਪ੍ਰਧਾਨ ਬਰਤਨ ਵਿਕਰੇਤਾ ਐਸੋਸੀਏਸ਼ਨ ਅਤੇ ਹੋਰ ਮੈਂਬਰਾਂ ਤੋਂ ਇਲਾਵਾ ਮਨਜਿੰਦਰ ਸਿੰਘ ਰਾਜ ਕਰ ਅਫਸਰ, ਗੁਰਿੰਦਰਜੀਤ ਸਿੰਘ ਰਾਜ ਕਾਰ ਅਫਸਰ, ਰਵਿੰਦਰ ਕੁਮਾਰ ਕਰ ਨਿਰੀਖਕ , ਮੁਨੀਸ਼ ਕੁਮਾਰ ਕਰ ਨਿਰੀਖਕ ਆਦਿ ਹਾਜ਼ਰ ਸਨ।

# ਭੀਮ ਰਾਓ ਅੰਬੇਡਕਰ ਦੀ ਮੂਰਤੀ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ



**ਸ੍ਰੀ ਆਨੰਦਪੁਰ ਸਾਹਿਬ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮੂਹ ਅੰਬੇਡਕਰ ਸੋਚ ਨਾਲ ਜੁੜੀਆਂ ਜਥੇਬੰਦੀਆਂ ਸਭਾਵਾਂ ਅਤੇ ਸੁਸਾਇਟੀਆਂ ਵੱਲੋਂ 26 ਜਨਵਰੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਨੂੰ ਤੋੜਨ ਦੀ ਕੀਤੀ ਕੋਸ਼ਿਸ਼ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਤ ਦਲਿਤ ਸਮਾਜ ਦੇ ਵਿਦਵਾਨਾਂ ਅਤੇ ਸਮਾਜ ਸੇਵੀਆਂ ਨੇ ਇਸ ਘਟੀਆ ਹਰਕਤ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨ ਸ਼ਰਾਰਤੀ ਅਨਸਰ ਦੀ ਸਖਤ ਸ਼ਬਦਾਂ ਵਿੱਚ ਨਿੰਦਿਆਂ ਕਰਦਿਆਂ ਕਿਹਾ ਕਿ ਇਸ ਮੰਦਭਾਗੀ ਘਟਨਾ ਨੇ ਸਮੁੱਚੇ ਦਲਿਤ ਸਮਾਜ ਦੀਆਂ ਭਾਵਨਾਵਾਂ ਨੂੰ ਵਲੂੰਧਰਿਆ ਹੈ। ਇਸ ਘਟਨਾ ਨਾਲ ਪੂਰਾ ਸਮਾਜ ਭਾਰੀ ਰੋਸ ਵਿੱਚ ਹੈ।ਉਹਨਾਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਅਪਰਾਧੀ ਨੂੰ ਬਨਦੀ ਸਜ਼ਾ ਜਲਦ ਤੋਂ ਜਲਦ ਦਿੱਤੀ ਜਾਵੇ ਅਤੇ ਇਸ ਘਟਨਾ ਪਿੱਛੇ ਪੰਜਾਬ ਦੇ ਮਾਹੌਲ ਖਰਾਬ ਕਰਨ ਵਾਲੀਆਂ ਜੋ ਤਾਕਤਾਂ ਹਨ ਉਹਨਾਂ ਦੇ ਚਿਹਰੇ ਨੰਗੇ ਕੀਤੇ ਜਾਣ।

ਉਹਨਾਂ ਕਿਹਾ ਕਿ ਜੋ ਲੋਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਦੇ ਖਿਲਾਫ ਹਨ ਉਨਾਂ ਲੋਕਾਂ ਦੇ ਚਿਹਰੇ ਨੰਗੇ ਕੀਤੇ ਜਾਣ ਅਤੇ ਉਹਨਾਂ ਨੂੰ ਉਹਨਾਂ ਦੀ ਬਣਦੀ ਸਜ਼ਾ ਦਿੱਤੀ ਜਾਵੇ। ਬਾਬਾ ਸਾਹਿਬ ਇੱਕ ਮੂਰਤੀ ਨਹੀਂ ਵਿਚਾਰ ਹਨ ਜੋ ਕਦੇ ਨਹੀਂ ਖਤਮ ਹੋ ਸਕਦੇ। ਇਸ ਦੇ ਖਿਲਾਫ ਅੱਜ ਇੱਕ ਮੰਗ ਪੱਤਰ ਐਸਡੀਐਮ ਸ੍ਰੀ ਅਨੰਦਪੁਰ ਸਾਹਿਬ ਦੇ ਰਾਹੀਂ ਮਾਣਯੋਗ ਰਾਜਪਾਲ ਪੰਜਾਬ ਨੂੰ ਦਿੱਤਾ ਗਿਆ ਹੈ। ਇਹ ਮੰਗ ਪੱਤਰ ਸਮੂਹ ਦਲਿਤ ਸਮਾਜ ਵੱਲੋਂ ਐਸਡੀਐਮ ਦਫਤਰ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਦਿੱਤਾ ਗਿਆ ਤਾਂ ਕਿ ਇਹੋ ਜਿਹੇ ਸਮਾਜਿਕ ਅਪਰਾਧੀਆਂ ਨੂੰ ਜਲਦ ਤੋਂ ਜਲਦ ਬੇਨਕਾਬ ਕੀਤਾ ਜਾ ਸਕੇ। ਇਸ ਮੌਕੇ ਤੇ ਡਾ. ਰਣਵੀਰ ਸਿੰਘ ਲੋਧੀਪੁਰ ਪ੍ਰਧਾਨ ਡਾ ਭੀਮ ਰਾਓ ਅੰਬੇਡਕਰ ਵੈਲਫੇਅਰ ਸੁਸਾਇਟੀ,ਦਇਆ ਸਿੰਘ ਰਿਟਾ. ਲੈਕਚਰਾਰ , ਠੇਕੇਦਾਰ ਨਿਰਮਲ ਸਿੰਘ ਸੁੰਮਨ ਸਾਬਕਾ ਇੰਚਾਰਜ ਬਸਪਾ, ਕੁਲਦੀਪ ਸਿੰਘ ਬੰਗਾ ਸੀਨੀਅਰ ਕਾਂਗਰਸੀ ਆਗ ਆਦਿ ਹਾਜ਼ਰ ਸਨ।

# ਮਲੋਟ ਭਾਜਪਾ ਦੇ ਆਗੂਆਂ ਵੱਲੋਂ ਡਾ ਭੀਮ ਰਾਓ ਅੰਬੇਦਕਰ ਦੀ ਤਸਵੀਰ ਨਾਲ ਛੇੜਛਾੜ ਦੀ ਘਟਨਾ ਦੀ ਕੀਤੀ ਗਈ ਨਿੰਦਿਆ



**ਮਲੋਟ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਮੰਡਲ ਮਲੋਟ ਵੱਲੋਂ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੀ ਪ੍ਰਤਿਮਾ ਦੇ ਆਲੇ ਦੁਆਲੇ ਦੀ ਸਾਫ ਸਫਾਈ ਕਰਕੇ ਪ੍ਰਤਿਮਾ ਤੇ ਫੁੱਲ ਮਲਾਵਾ ਅਰਪਣ ਕੀਤੀਆਂ ਗਈਆਂ।

ਮੰਡਲ ਪ੍ਰਧਾਨ ਸੁਸ਼ੀਲ ਜਲਹੋਤਰਾ ਤੇ ਜਰਨਲ ਸਕੱਤਰ ਡਾ ਰਿਖੀਕੇਸ ਪਰਵਲ (ਭੋਲੀ) ਨੇ ਬੀਤੇ ਦਿਨੀਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਨਾਲ ਛੇੜਛਾੜ ਦੀ ਹੋਈ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਨਾਲ ਹੀ ਆਪਸੀ ਭਾਈਚਾਰਕ ਸਾਂਝ ਚ ਫੁੱਟ ਪਾਉਣ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਲਈ ਕਿਹਾ ਗਿਆ। ਇਸ ਮੌਕੇ ਪ੍ਰੈੱਸ ਸਕੱਤਰ ਪ੍ਰਦੀਪ ਬੱਬਰ, ਜਨਰਲ ਸਕੱਤਰ ਅਮਨ ਮਿੱਡਾ,ਸੌਰਭ ਗੁਗਲਾਨੀ, ਰਜਿੰਦਰ ਮੀਚੂ, ਅਸ਼ੋਕ ਅਰੋਧੀਆ, ਸੰਦੀਪ ਵਰਮਾ, ਸੁਭਾਸ਼ ਗੁੰਬਰ,ਕਾਲੂ ਰਾਮ , ਕਿਸ਼ੋਰ ਕੁਮਾਰ, ਧਰਮਵੀਰ ਧਰਮਚੰਦ ਅਤੇ ਭਾਰਤੀ ਜਨਤਾ ਪਾਰਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ

# 106 ਮੋਬਾਇਲ ਟਰੇਸ ਕਰ ਕੇ ਆਮ ਲੋਕਾਂ ਨੂੰ ਕੀਤੇ ਸਪੁਰਦ : ਅਮਨੀਤ ਕੌਂਡਲ

**ਬਠਿੰਡਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਬਠਿੰਡਾ ਪੁਲਿਸ ਜ਼ੁਰਮ ਦੀ ਦੁਨੀਆਂ ਨੂੰ ਠੱਲ੍ਹ ਪਾਉਣ ਅਤੇ ਆਮ ਲੋਕਾਂ ਦੀ ਸੁਰੱਖਿਆ ਲਈ ਹਮੇਸ਼ਾ ਤਤਪਰ ਹੈ। ਇਸੇ ਲੜੀ ਤਹਿਤ ਮਹੀਨਾ ਜਨਵਰੀ 2025 'ਚ 106 ਗੁੰਮ ਹੋਏ ਮੋਬਾਇਲ ਟਰੇਸ ਕਰ ਕੇ ਆਮ ਲੋਕਾਂ ਨੂੰ ਸਪੁਰਦ ਕੀਤੇ ਗਏ ਹਨ।ਜ਼ਿਲ੍ਹਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਸਾਂਝ ਕੇਂਦਰਾਂ ਵੱਲੋਂ ਪੰਜਾਬ ਟਰਾਂਸਪੇਰੈਸੀ ਅਤੇ ਅਕਾਊਂਟੇਬਿਲਟੀ ਇਨ ਡਲੀਵਰੀ ਆਫ ਪਬਲਿਕ ਸਰਵਿਸ ਐਕਟ, 2018 ਅਧੀਨ ਨੋਟੀਫਾਈਡ ਸਰਵਿਸਿਜ਼ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਮੋਬਾਇਲ ਗੁੰਮ ਹੋਣ ਦੀ ਸੂਰਤ ਵਿੱਚ ਸਾਂਝ ਕੇਂਦਰ ਵਿੱਚ ਸਿਕਾਇਤ ਦਰਜ ਕਰਵਾ ਜਾ ਸਕਦੀ ਹੈ।ਇਸ ਤੋਂ ਇਲਾਵ ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਮਹਿਲਾਵਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਭਲਾਈ ਲਈ ਪੰਜਾਬ ਪੁਲਿਸ ਮਹਿਲਾ ਮਿੱਤਰ ਸਕੀਮ ਚਲਾਈ ਗਈ ਹੈ, ਕੋਈ ਵੀ ਮਹਿਲਾ ਲੋੜ ਪੈਣ 'ਤੇ ਆਪਣੀ ਸ਼ਿਕਾਇਤ ਆਪ ਹੀ ਪੀਜੀਡੀ ਪੋਰਟਲ ਤੇ ਦਰਜ ਕਰਵਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਹੁਣ ਘਰ ਬੈਠੇ ਪੁਲਿਸ ਕੋਲ ਆਪਣੀ ਸ਼ਿਕਾਇਤ ਆਨਲਾਈਨ ਪਬਲਿਕ ਗਰੀਵੀਐਂਸ ਡਵੀਜ਼ਨ, ਪੰਜਾਬ ਪੁਲਿਸ www.pgd.punjabpolice.gov.in 'ਤੇ ਕੀਤੀ ਜਾ ਸਕਦੀ ਹੈ।

ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਬਠਿੰਡਾ ਪੁਲਿਸ ਵਲੋਂ ਤੰਦਰੁਸਤ ਪੰਜਾਬ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾ ਤੋਂ ਆਮ ਲੋਕਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਦੇ ਕਸਬਿਆਂ ਵਿੱਚ ਨਸ਼ਿਆ ਦੇ ਮਾੜ੍ਹੇ ਪ੍ਰਭਾਵਾਂ ਤੋਂ ਲਗਾਤਾਰ ਕੈਂਪ ਲਗਾ ਕੇ ਜਾਣੂ ਕਰਵਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਮਿਤੀ 01 ਜਨਵਰੀ 2024 ਤੋਂ ਮਿਤੀ 31 ਦਸੰਬਰ 2024 ਤੱਕ ਕੁੱਲ 298 ਸੈਮੀਨਾਰ ਲਗਾਏ ਗਏ ਹਨ।

# ਬਲਿਦਾਨ ਦਿਵਸ 'ਤੇ ਦੇਸ਼ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ

**ਜਲੰਧਰ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਬਲਿਦਾਨ ਦਿਵਸ 'ਤੇ ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ ਆਪਣੀਆਂ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਜ਼ਿਲ੍ਹੇ ਦੇ ਸਿਵਲ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ।

ਵੀਰਵਾਰ ਸਵੇਰੇ ਠੀਕ 11 ਵਜੇ ਸ਼ਹੀਦਾਂ ਦੀ ਯਾਦ ਵਿੱਚ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਅਤੇ ਹੋਰਨਾਂ ਅਧਿਕਾਰੀਆਂ ਵੱਲੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਦੇਸ਼ ਲਈ ਵੱਡਮੁੱਲੀਆਂ ਕੁਰਬਾਨੀਆਂ ਦੇਣ ਵਾਲੇ ਭਾਰਤ ਮਾਤਾ ਦੇ ਮਹਾਨ ਸਪੂਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਡਾ. ਅਗਰਵਾਲ ਨੇ ਕਿਹਾ ਕਿ ਆਜ਼ਾਦੀ ਘੁਲਾਟੀਆਂ ਵੱਲੋਂ ਦਿੱਤੇ ਮਹਾਨ ਬਲਿਦਾਨ ਸਦਕਾ ਅੱਜ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਮਹਾਨ ਸ਼ਹੀਦਾਂ ਵੱਲੋਂ ਕੀਤੇ ਸੰਘਰਸ਼ ਅਤੇ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਯਤਨ ਕਰਨ ਚਾਹੀਦੇ ਹਨ, ਖਾਸ ਕਰ ਨੌਜਵਾਨ ਪੀੜ੍ਹੀ ਨੂੰ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਉਨ੍ਹਾਂ ਇਸ ਮੌਕੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਵੱਲੋਂ ਦਰਸਾਏ ਸੱਚ ਤੇ ਅਹਿੰਸਾ ਦੇ ਆਦਰਸ਼ਾਂ ਨੂੰ ਵੀ ਜੀਵਨ ਵਿੱਚ ਅਪਨਾਉਣ ਲਈ ਕਿਹਾ।

ਉਨ੍ਹਾਂ ਕਿਹਾ ਕਿ ਹਰੇਕ ਨਾਗਰਿਕ ਨੂੰ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ, ਜੋ ਕਿ ਸਾਡੇ ਸ਼ਹੀਦਾਂ ਅਤੇ ਸੁਤੰਤਰਤਾ ਸੰਗਰਾਮੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ ਐਸ.ਡੀ.ਐਮ. ਰਣਦੀਪ ਸਿੰਘ ਹੀਰ, ਫੀਲਡ ਅਫ਼ਸਰ ਇੰਦਰਪਾਲ ਪੀ.ਸੀ.ਐਸ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਹਰਿਆਣਾ ਦੇ ਲਈ 2025-26 ਤਹਿਤ ਨਾਬਾਰਡ ਨੇ ਐਲਾਨ ਕੀਤਾ 3.14 ਲੱਖ ਕਰੋੜ ਰੁਪਏ ਦਾ ਕ੍ਰੈਡਿਟ ਪਲਾਨ

**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ -ਖੇਤੀਬਾੜੀ ਅਤੇ ਗ੍ਰਾਮੀਣ ਵਿਕਾਸ ਬੈਂਕ (ਨਾਬਾਰਡ) ਨੇ ਹਰਿਆਣਾ ਵਿਚ ਪ੍ਰਾਥਮਿਕਤਾ ਖੇਤਰ ਕਰਜਾ ਦੇ ਤਹਿਤ ਸਾਲ 2025-26 ਲਈ 3.14 ਲੱਖ ਕਰੋੜ ਰੁਪਏ ਦੀ ਕਰਜੇ ਦੀ ਸੰਭਾਵਨਾ ਦਾ ਮੁਲਾਂਕਣ ਕੀਤਾ ਹੈ, ਜੋ ਪਿਛਲੇ ਸਾਲ ਦੀ ਤੁਲਨਾ ਵਿਚ 37.64 ਫੀਸਦੀ ਵੱਧ ਹੈ। ਖੇਤੀਬਾੜੀ, ਐਮਐਸਐਮਈ, ਸਿਖਿਆ ਅਤੇ ਨਵੀਕਰਣੀ ਉਰਜ ਆਦਿ ਪ੍ਰਾਥਮਿਕਤਾ ਵਾਲੇ ਖੇਤਰਾਂ ਦੇ ਤਹਿਤ ਕਰਜੇ ਦੀ ਸੰਭਾਵਨਾ ਦੀ ਕ੍ਰਮਵਾਰ:25.60 ਫੀਸਦੀ, 57.12 ਫੀਸਦੀ ਅਤੇ 7.28 ਫੀਸਦੀ ਹਿੱਸੇਦਾਰੀ ਦਾ ਮੁਲਾਂਕਣ ਕੀਤਾ ਗਿਆ ਹੈ ਹਰਿਆਣਾ ਦੇ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਨੇ ਅੱਜ ਇੱਥੇ ਰਾਜ ਕ੍ਰੇਡਿਟ ਸੈਮੀਨਾਰ ਦੌਰਾਨ ਨਾਬਾਰਡ ਦੇ ਸਟੇਟ ਫੋਕਸ ਪੇਪਰ (ਐਸਐਫਪੀ) ਦਾ ਵਿਮੋਚਨ ਕੀਤਾ। ਖੇਤੀਬਾੜੀ, ਐਮਐਸਐਮਈ, ਸਿਖਿਆ ਅਤੇ ਨਵੀਕਰਣੀ ਉਰਜਾ ਆਦਿ ਪ੍ਰਾਥਮਿਕਤਾ ਵਾਲੇ ਖੇਤਰਾਂ ਲਈ ਕਰਜੇ ਦੀ ਸੰਭਾਵਨਾ ਦਾ ਮੁਲਾਂਕਣ ਕਰਨ ਲਈ ਨਾਬਾਰਡ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਕਿਸਾਨ ਭਲਾਈ ਅਤੇ ਗ੍ਰਾਮੀਣ ਵਿਕਾਸ ਲਈ ਸਰਕਾਰ ਦੀ ਪ੍ਰਤੀਬੱਧਤਾ ਅਨੁਰੂਪ ਹੈ।ਸਰਕਾਰ ਰਾਜ ਵਿਚ ਫਸਲ ਵਿਵਿਧੀਕਰਣ, ਕਲਾਈਮੇਟ-ਅਨੁਕੂਲ ਖੇਤੀ, ਝੀਂਗਾ ਪਾਲਣ ਅਤੇ ਸਬਜੀ ਕਲਸਟਰਾਂ ਨੂੰ ਪ੍ਰੋਤਸਾਹਨ ਦੇ ਰਹੀ ਹੈ। ਉਨ੍ਹਾਂ ਨੇ ਬੈਂਕਾਂ, ਸਰਕਾਰੀ ਵਿਭਾਗਾਂ, ਨਾਬਾਰਡ, ਐਸਐਲਬੀਸੀ, ਵਿਦਿਅਕ ਸੰਸਥਾਨਾਂ ਸਮੇਤ ਸਾਰੇ ਹਿੱਤਧਾਰਕਾਂ ਤੋਂ ਗ੍ਰਾਮੀਣ ਖੇਤਰਾਂ ਵਿਚ ਰੁਜਗਾਰ ਦੇ ਮੌਕੇ ਵਧਾਉਣ ਲਈ ਤਾਲਮੇਲ ਯਤਨ ਕਰਨ ਦੀ ਵੀ ਅਪੀਲ ਕੀਤੀ।ਮੁੱਖ ਸਕੱਤਰ ਨੇ ਕਿਹਾ ਕਿ ਇਹ ਸਟੇਟ ਫੋਕਸ ਪੇਪਰ ਗ੍ਰਾਮੀਣ ਅਰਥਵਿਵਸਥਾ ਨੂੰ ਮਜਬੂਤੀ ਦੇਣ ਲਈ ਇਸ ਸਾਲ ਚਲਾਈ ਜਾਣ ਵਾਲੀ ਗਤੀਵਿਧੀਆਂ ਲਈ ਇੱਕ ਬੈਂਚਮਾਰਕ ਅਤੇ ਮਾਰਗਦਰਸ਼ਕ ਵਜੋ ਕੰਮ ਕਰੇਗਾ। ਉਨ੍ਹਾਂ ਨੇ ਕਿਹਾ ਹਰਿਆਣਾ ਖੇਤੀ ਵਿਚ ਹਮੇਸ਼ਾ ਅੱਗੇ ਰਿਹਾ ਹੈ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਵਿਚ ਮਹਤੱਵਪੂਰਨ ਯੋਗਦਾਨ ਦਿੱਤਾ ਹੈ। ਸਾਡੇ ਕਿਸਾਨਾਂ ਨੇ ਆਪਣੇ ਅਣਥੱਕ ਸਤਨਾਂ ਨਾਲ ਸੂਬੇ ਨੂੰ ਦੇਸ਼ ਦੀ ਬ੍ਰੈਡ ਬਾਸਕਿਟ ਬਣਾ ਦਿੱਤਾ ਹੈ। ਹਾਲਾਂਕਿ, ਸਾਨੂੰ ਘੱਟ ਦੇ ਭੂਜਲ, ਘੱਟ ਹੁੰਦੀ ਭੂਮੀ ਜੋਤ, ਐਮਐਸਐਮਈ ਖੇਤਰ ਦਾ ਵਾਧਾ ਅਤੇ ਕਲਾਈਮੇਟ ਬਦਲਾਅ ਤੋਂ ਉਤਪਨ ਚਣੌਤੀਆਂ ਨੂੰ ਸਵੀਕਾਰ ਕਰਦੇ ਹੋਏ, ਇਸ ਦੇ ਲਈ ਤੁਰੰਤ ਅਤੇ ਅਭਿਨਵ ਹੱਲ ਖੋਜਣ ਦੀ ਜਰੂਰਤ ਹੈ। ਸੂਬਾ ਸਰਕਾਰ ਵੱਲੋਂ ਇੰਨ੍ਹਾਂ ਚਣੌਤੀਆਂ ਨਾਲ ਨਜਿਠਣ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਨੂੰ ਪ੍ਰੋਤਸਾਹਨ ਰਕਮ ਵੀ ਦਿੱਤੀ ੧ਾ ਰਹੀ ਹੈ।ਡਾ. ਜੋਸ਼ੀ ਨੇ ਕਿਹਾ ਕਿ ਫਸਲ ਕਰਜੇ ਦਾ ਵਾਧੇ ਨੂੰ ਬਣਾਏ ਰੱਖਣ ਲਈ, ਖੇਤੀਬਾੜੀ ਉਤਪਾਦਕਤਾ ਵਧਾ ਕੇ, ਫਸਲ ਵਿਵਿਧੀਕਰਣ, ਸਾਰੇ ਯੋਗ ਕਿਸਾਨਾਂ ਨੂੰ ਕਿਸਾਨ ਕ੍ਰੇਡਿਟ ਕਾਰਡ ਦੇ ਕੇ, ਵਿਸਤਾਰਿਤ ਕੇਸੀਸੀ ਯੋਜਨਾ ਦਾ ਸਹੀ ਢੰਗ ਨਾਲ ਲਾਗੂ ਕਰ ਕੇ, ਕਿਸਾਨਾਂ ਨੂੰ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਸ਼ਾਮਿਲ ਕਰ ਕੇ ਹੋਰ ਵੱਧ ਖੇਤੀ ਆਦਿ ਰਾਹੀਂ ਘੱਟ ਭੂਮੀ ਤੋਂ ਵੱਧ ਉਤਪਾਦਨ ਅਤੇ ਪ੍ਰਤੀ ਬੂੰਦ ਵੱਧ ਫਸਲ ਲਈ ਠੋਸ ਯਤਨਾਂ ਦੀ ਜਰੂਰਤ ਹੈ। ਸਮੂਹਿਕ ਯਤਨਾਂ ਅਤੇ ਉਪਜ ਦੇ ਇੱਕਠਾਕਰਣ ਲਈ ਕਿਸਾਨ ਉਤਪਾਦਕ ਸੰਗਠਨਾ ਨੂੰ ਪ੍ਰੋਤਸਾਹਿਤ ਕਰਨ ਦੀ ਜਰੂਰਤ ਹਨ। ਵੱਧੇ ਵਿਵਿਧੀਕਰਣ ਤੇ ਜੋ ਦੇਣ ਦੇ ਨਾਲ ਹੀ ਏਕੀਕ੍ਰਿਤ ਖੇਤੀਬਾੜੀ ਪ੍ਰਣਾਲੀ (ਆਈਐਫਐਸ) ਨੂੰ ਪ੍ਰਸਿੱਦ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਮੱਧ ਪ੍ਰਦੇਸ਼ ਅਤੇ ਤਮਿਲਨਾਡੂ ਵਰਗੇ ਸੂਬਿਆਂ ਦੀ ਤਰ੍ਹਾ ਆਨਲਾਇਨ ਪੋਰਟਲ ਰਾਹੀਂ ਕੇਸੀਸੀ ਪ੍ਰਕ੍ਰਿਆ ਨੂੰ ਡਿਜੀਟਲ ਬਨਾਉਣ ਦੀ ਵੀ ਅਪੀਲ ਕੀਤੀ। ਮੁੱਖ ਸਕੱਤਰ ਨੇ ਕਿਹਾ ਕਿ ਪੈਕਸ ਦੇ ਸੰਚਾਲਨ ਵਿਚ ਪਾਰਦਰਸ਼ਿਤਾ ਅਤੇ ਕੁਸ਼ਲਤਾ ਲਿਆਉਣ ਲਈ ਕੇਂਦਰ ਸਰਕਾਰ ਨੇ ਪੈਕਸ ਕੰਮਿਊਟਰੀਕਰਣ ਪਰਿਯੋਜਨਾ ਸ਼ੁਰੂ ਕੀਤੀ ਹੈ, ਜਿਸ ਵਿਚ ਨਾਬਾਰਡ ਕੌਮੀ ਲਾਗੂ ਕਰਨ ਇਕਾਈ ਹੈ। ਹਰਿਆਣਾ ਵਿਚ 710 ਪੈਕਸ ਨੂੰ ਇਸ ਯੋਜਨਾ ਤਹਿਤ ਕਵਰ ਕੀਤਾ ਜਾ ਰਿਹਾ ਹੈ। ਇਸੀ ਤਰ੍ਹਾ, ਨਾਬਾਰਡ ਵੱਲੋਂ ਐਚਐਸਸੀਏਆਰਡੀਬੀ ਅਤੇ 19 ਡੀਪੀਸੀਏਆਰਡੀਬੀ ਸਮੇਤ ਖੇਤੀ ਗ੍ਰਾਮੀਣ ਵਿਕਾਸ ਬੈਂਕਾਂ ਲਈ ਡਿਜੀਟਲੀਕਰਣ ਪਰਿਯੋ੧ਨਾ ਵੀ ਲਾਗੂ ਕੀਤੀ ਜਾ ਰਹੀ ਹੈ ਕੇਂਦਰ ਸਰਕਾਰ ਦੀ ਐਮ-ਪੈਕਸ ਯੋਜਨਾ ਨੂੰ ਅੱਗੇ ਵਧਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਨਾਬਾਰਡ ਦੇ ਵਿਜਨ ਦੇ ਨਾਲ ਪੂਰੀ ਤਰ੍ਹਾ ਨਾਲ ਜੁੜੀ ਹੋਈ ਹੈ। ਸੂਬਾ ਸਰਕਾਰ ਕਰਜਾ ਅਤੇ ਬਾਜਾਰਾਂ ਤੱਕ ਪਹੁੰਚ ਵਧਾਉਣ ਲਈ ਸੂਖਮ ਸਿੰਚਾਈ ਯੋਜਨਾਵਾਂ, ਵਿੱਤੀ ਸਾਖਰਤਾ ਮੁਹਿੰਮਾਂ ਅਤੇ ਡਿਜੀਟਲ ਪਹਿਲ ਵਰਗੇ ਪ੍ਰੋਗਰਾਮਾਂ ਨੂੰ ਤੇਜੀ ਨਾਲ ਲਾਗੂ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਬੈਂਕਿੰਗ ਖੇਤਰ ਨੂੰ ਪ੍ਰਾਥਮਿਕਤਾ ਵਾਲੇ ਖੇਤਰਾਂ ਲਈ ਨਿਰਧਾਰਿਤ ਕਰਜਾ ਤੱਥਾਂ ਨੂੰ ਪ੍ਰਾਪਤ ਕਰਨ ਵਿਚ ਸਰਗਰਮ ਭੂਕਿਮਾ ਨਿਭਾਉਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਵਾਂਝੇ ਖੇਤਰ ਅਤੇ ਕੰਮਿਊਨਿਟੀ ਪਿੱਛੇ ਨਾ ਛੁੱਟ ਜਾਣ। ਨਾਬਾਰਡ ਦੇ ਮੁੱਖ ਮਹਾਪ੍ਰਬੰਧਕ ਸ੍ਰੀਮਤੀ ਨਿਵੇਦਿਤਾ ਤਿਵਾਰੀ ਨੇ ਦਸਿਆ ਕਿ ਨਾਬਾਰਡ ਸਾਰੇ ਹਿੱਤਧਾਰਕਾਂ ਨਾਲ ਵਿਆਪਕ ਵਿਚਾਰ-ਵਟਾਂਦਰਾਂ ਕਰ ਹਰਿਆਣਾ ਦੇ ਹਰਕੇ ਜਿਲ੍ਹੇ ਲਈ ਕਰਜੇ ਦੀ ਸੰਭਾਵਨਾ ਯੋਜਨਾ (ਸੀਐਲਸੀ) ਤਿਆਰ ਕਰਦਾ ਹੈ। ਸਾਰੇ 22 ਜਿਲ੍ਹਿਆਂ ਦੀ ਇੰਨ੍ਹਾਂ ਯੋਜਨਾਵਾਂ ਵਿਚ ਅੰਦਾਜਾ ਕਰਜਾ ਦੀ ਸੰਭਾਵਨਾ ਦਾ ਸਮੇਕਨ ਕਰ ਪੂਰੇ ਸੂਬੇ ਦੇ ਪ੍ਰਾਥਮਿਕਤਾ ਖੇਤਰ ਲਈ ਕੁੱਲ 3.14 ਲੱਖ ਕਰੋੜ ਰੁਪਏ ਦੀ ਕਰਜੇ ਦੀ ਸੰਭਾਵਨਾ ਦਾ ਮੁਲਾਂਕਣ ਕੀਤਾ ਗਿਆ ਹੈ। ਉਨ੍ਹਾਂ ਨੇ ਨਾਬਾਰਡ ਵੱਲੋਂ ਸੂਬੇ ਦੇ ਸਾਰੇ ਜਿਲ੍ਹਿਆਂ ਲਈ ਤਿਆਰ ਕੀਤੀ ਗਈ ਕਰਜੇ ਦੀ ਸੰਭਾਵਨਾ ਨੂੰ ਮੋਹਰੀ ਬੈਂਕਾਂ ਵੱਲੋਂ ਜਿਲ੍ਹਾ ਕਰਜਾ ਯੋਜਨਾ ਦੇ ਨਾਲ ਜੋੜਨ ਦੀ ਜਰੂਰਤ 'ਤੇ ਵੀ ਜੋਰ ਦਿੱਤਾ ਉਨ੍ਹਾਂ ਨੇ ਹਰਿਆਣਾ ਦੇ ਖੇਤੀਬਾੜੀ ਅਤੇ ਗ੍ਰਾਮੀਣ ਖੇਤਰਾਂ ਨੂੰ ਪੇਸ਼ ਆਉਣ ਵਾਲੀ ਚਣੌਤੀਆਂ ਦਾ ਹੱਲ ਕਰਨ ਅਤੇ ਕਿਸਾਨਾਂ ਅਤੇ ਗ੍ਰਾਮੀਣਾਂ ਨੂੰ ਲਾਭ ਦੇਣ ਵਾਲੇ ਸਥਾਈ ਹੱਲਾਂ ਨੂੰ ਪ੍ਰੋਤਸਾਹਨ ਦੇਣ ਲਈ ਨਾਬਾਰਡ ਦੀ ਪ੍ਰਤੀਬੱਧਤਾ ਨੂੰ ਦੋਹਰਾਇਆ।

# ਸਾਹਿਤਕ ਪੰਨਾ

## ਕਾਵਿ ਕਿਆਰੀ

### ਗ਼ਜ਼ਲ

ਪੂੰਜੀ ਸੰਗ ਹਰ ਵਸਤ ਹਾੜਨ ਵਾਲਿਆਂ ਨੂੰ ਕੀ ਪਤਾ ?
ਅਣਖ ਦੇ ਮੁੱਲ ਦਾ ਭਲਾ ਬੇ-ਅਣਖਿਆਂ ਨੂੰ ਕੀ ਪਤਾ ?
ਏ.ਸੀ. ਵਿੱਚ ਰਹਿੰਦੇ ਨੇ ਜੋ ਦਫ਼ਤਰ, ਘਰਾਂ ਵਿੱਚ, ਸਫ਼ਰ ਵਿੱਚ,
ਲੋਕ-ਪੀੜਾ ਦਾ ਅਜਿਹੇ ਲੀਡਰਾਂ ਨੂੰ ਕੀ ਪਤਾ ?
ਜਿਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਗਿਆ ਪ੍ਰਫੁਲਣ ਦਾ,
ਉਨ੍ਹਾਂ ਵਿਚਲੀ ਸੱਭਿਅਤਾ ਦਾ, ਰਿਸ਼ਤਿਆਂ ਨੂੰ ਕੀ ਪਤਾ ?
ਸੂਰਜੋਂ ਪਹਿਲਾਂ ਜੋ ਤੁਰ ਪੈਂਦੇ ਨੇ ਫੋਲਣ ਰੂੜੀਆਂ,
‘ਲੀਡਰਾਂ ਦੇ ਘਪਲੇ’, ਉਨ੍ਹਾਂ ਗੱਭਰੂਆਂ ਨੂੰ ਕੀ ਪਤਾ ?
ਡਿੱਗ ਰਿਹਾ ਹੈ ਨਿੱਤ ਰੁਪਈਆ, ਨਿੱਤ ਉਹਦੇ ਕਿਰਦਾਰ ਵਾਂਗ,
ਹੈ ਪਤਾ ਲੀਡਰ ਨੂੰ, ਐਪਰ ਡਾਲਰਾਂ ਨੂੰ ਕੀ ਪਤਾ ?
ਹਰ ਮਨੁੱਖ ਨੂੰ ਪਰਚੀ ਮੰਨ ਕੇ ਵਸੋਂ ਨੂੰ ਰੋਕੇਂ ਨਾ ਤੂੰ,
ਮੁੱਲ ਘਟਦਾ ਹੈ ਉਨ੍ਹਾਂ ਦਾ ਪਰਚੀਆਂ ਨੂੰ ਕੀ ਪਤਾ ?
ਖਾਣ ਮੁਫ਼ਤੀ, ਪੀਣ ਮੁਫ਼ਤੀ, ਸਫ਼ਰ ਦੇ ਭੱਤੇ ਅਲੱਗ,
ਮਹਿੰਗ ਦਾ ਕਾਨੂੰਨ-ਘਾੜੇ-ਮੁਜਰਮਾਂ ਨੂੰ ਕੀ ਪਤਾ ?
‘ਕਾਲੜਾ’ ਗ਼ਜ਼ਲਾਂ ਦੇ ਵਿੱਚ ਤੂੰ ਅਰਥ-ਵਿਗਿਆਨੀ ਨਾ ਬਣ,
ਸ਼ਿਅਰ ਵੀ ਨੇ ਬੋਲਦੇ, ਅਗਿਆਨੀਆਂ ਨੂੰ ਕੀ ਪਤਾ ?

**ਪ੍ਰਿੰ. ਕਰਤਾਰ ਸਿੰਘ ਕਾਲੜਾ**
ਸੰਪਰਕ: 94640-88998



### ਗੀਤ

ਖ਼ੁਦ ਨਾਲ ਹੋਈ ਜਦੋਂ
ਗੱਲਬਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ
ਜਜ਼ਬਾਤ ਮੇਰੇ ਸੱਜਣਾ।
ਚਿੜੀ ਚੂਹਕਦੀ ਦੇ ਨਾਲ
ਅੱਖ ਜਦੋਂ ਖੁੱਲ੍ਹੀ ਸੀ।
ਫਿਰ ਇਨ੍ਹਾਂ ਅੱਖੀਆਂ ਨੂੰ
ਨੀਂਦ ਆਉਣੀ ਭੁੱਲੀ ਸੀ।
ਚੰਗੀ ਚੰਗੀ ਲੱਗੀ
ਪ੍ਰਭਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...
ਸੋਚਾਂ ਦੇ ਪਰਿੰਦੇ ਜਦੋਂ
ਗੀਤ ਕੋਈ ਗਾਇਆ ਸੀ।
ਸੱਚੀਂ ਉਹਨੂੰ ਸੁਣ ਕੇ
ਸਕੂਨ ਬੜਾ ਆਇਆ ਸੀ।
ਦਾਦੀ ਨੇ ਸੁਣਾਈ
ਜਿਵੇਂ ਬਾਤ ਕੋਈ ਸੱਜਣਾ।
ਖੀਵੇ ਹੋ ਕੇ ਨੱਚੇ...
ਦਿਲ ਦੀਆਂ ਪਰਤਾਂ ਨੂੰ
ਖੋਲ੍ਹ ਕੇ ਮੈਂ ਵੇਖਿਆ।
ਹਰ ਇੱਕ ਰਿਸ਼ਤੇ ਨੂੰ
ਤੋਲ ਕੇ ਮੈਂ ਵੇਖਿਆ।
ਕਿਹੋ ਜਿਹੀ ਇਹ
ਕਾਇਨਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...
ਜਾਚ ਸਾਨੂੰ ਆ ਗਈ ਹੁਣ
ਜ਼ਿੰਦਗੀ ਨੂੰ ਜੀਣ ਦੀ।
ਹੰਝੂ ਅਤੇ ਗ਼ਮ ਸੱਭੇ
ਪਾਣੀ ਵਾਂਗੂੰ ਪੀਣ ਦੀ।
ਹਾਸਿਆਂ ਦੀ ਮਿਲ ਗਈ
ਸੌਗਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...।

**ਜਗਤਾਰ ਪੱਖ**
ਸੰਪਰਕ: 94651-96946

### ਹਾਸਿਲ

ਸਭ ਕੁਝ ਹਾਸਿਲ ਕਰ ਲਿਆ
ਕੀ ਪ੍ਰਵਾਹ ਏ
ਪਰ ਅਚਾਨਕ ਖੋਹ
ਜਿਹੀ ਪੈਂਦੀ
ਕਿ ਸੱਚਮੁੱਚ ਸਭ ਹਾਸਿਲ ਏ ?
ਫਿਰ ਚੀਸ ਕਿਉਂ ?
ਵੈਰਾਗ ਕਿਉਂ ?
ਇਹ ਵੀ ਵੱਡਾ ਸੱਚ ਏ
ਕਿ ਹਾਸਿਲ ਕਰਕੇ ਵੀ
ਸਭ ‘ਹਾਸਿਲ’ ਨਹੀਂ ਹੁੰਦਾ!

**- ਪਰਮਜੀਤ ਕੌਰ**
ਸੰਪਰਕ: 83608-15955

### ਖਾਲੀਪਣ

ਵਧ ਗਈ ਬੜੀ ਹੀ ਖਾਰ ਦਿਲਾਂ ਵਿੱਚ।
ਰਿਹਾ ਨਾ ਹੁਣ ਇਤਬਾਰ ਦਿਲਾਂ ਵਿੱਚ।
ਪਿਆਰ-ਮੁਹੱਬਤ ਦਿਸੇ ਨਾ ਕਿਧਰੇ,
ਖਾਲੀਪਣ ਹੁਣ ਯਾਰ ਦਿਲਾਂ ਵਿੱਚ।
ਪਿਆਰ ਵੀ ਹੁਣ ਤਕਰਾਰ ਬਣ ਗਿਆ,
ਵਜਦੀ ਨਾ ਹੁਣ ਤਾਰ ਦਿਲਾਂ ਵਿੱਚ।
ਸੁਪਨਿਆਂ ਅੰਦਰ ਜਿੱਤਾਂ ਰੱਖੀਂ,
ਚੰਗੀ ਨਹੀਓਂ ਹਾਰ ਦਿਲਾਂ ਵਿੱਚ।
ਵਾਅਦੇ ਝੂਠੇ, ਲੋਕ ਫਰੇਬੀ,
ਵਧ ਗਈ ਹੈ ਤਕਰਾਰ ਦਿਲਾਂ ਵਿੱਚ।
ਹਰ ਥਾਂ ਈਰਖਾ, ਨਫ਼ਰਤ, ਸਾੜਾ,
ਸੋਚ ਬੜੀ ਬੀਮਾਰ ਦਿਲਾਂ ਵਿੱਚ।
ਹਲਕੀਆਂ ਗੱਲਾਂ ਨਿੱਤ ਵਧਾਉਂਦੀਆਂ,
ਯਾਰੋ ਕਿੰਨਾ ਭਾਰ ਦਿਲਾਂ ਵਿੱਚ।
‘ਭੱਟੀ’ ਪਿਆਰ ਵਪਾਰ ਬਣ ਗਿਆ,
ਵਧ ਗਈ ਰਫ਼ਤਾਰ ਦਿਲਾਂ ਵਿੱਚ।

**- ਸਵਿੰਦਰ ਸਿੰਘ ਭੱਟੀ**

## ਕਹਾਣੀ: ਯਮਦੂਤ ਕੌਣ?

**ਗੁਰਵਿੰਦਰ ਸਿੰਘ**



ਟਰਾਲੇ ਤੇ ਮੋਟਰਸਾਈਕਲ ਦੀ ਟੱਕਰ ਹੋਣੀ ਸੀ। ਮੋਟਰਸਾਈਕਲ ਸਵਾਰ ਨੇ ਮਰ ਜਾਣਾ ਸੀ। ਯਮਰਾਜ ਨੇ ਦੋ ਯਮਦੂਤਾਂ ਦੀ ਡਿਊਟੀ ਲਾਈ ਸੀ। ਤੁਰਨ ਤੋਂ ਪਹਿਲਾਂ ਯਮਰਾਜ ਆਪਣੇ ਦੂਤਾਂ ਨੂੰ ਹਦਾਇਤਾਂ ਦੇ ਰਿਹਾ ਸੀ, “ਸਮਾਂ ਬਿਲਕੁਲ ਨਸ਼ਟ ਨਹੀਂ ਕਰਨਾ। ਉਸੇ ਵੇਲੇ ਆਤਮਾ ਲੈ ਕੇ ਮੁੜ ਆਉਣੈ, ਨਹੀਂ ਤਾਂ ਲੋਕ ਕਈ ਵਾਰ ਬੰਦੇ ਨੂੰ ਹਸਪਤਾਲ ਜਾਂ ਡੇਰਿਆਂ ਆਦਿ ’ਤੇ ਲੈ ਜਾਂਦੇ ਨੇ ਤੇ ਆਤਮਾ ਲਿਆਉਣ ਵਿੱਚ ਦੇਰ ਹੋ ਜਾਂਦੀ ਏ। ਨਾਲੇ ਜਦ ਬੰਦਾ ਆਪਣੇ ਸਾਥੀਆਂ-ਬੇਲੀਆਂ ਦੇ ਸਾਹਮਣੇ ਮਰਦੈ ਤਾਂ ਬਾਕੀਆਂ ਨੂੰ ਬਹੁਤ ਤਕਲੀਫ਼ ਹੁੰਦੀ ਹੈ। ਕਈਆਂ ਵਿੱਚਾਰਿਆਂ ਨੂੰ ਤਾਂ ਕਈ-ਕਈ ਦਿਨ ਨੀਂਦ ਹੀ ਨਹੀਂ ਆਉਂਦੀ। ਮਰਦਾ ਬੰਦਾ ਉਨ੍ਹਾਂ ਦੇ ਸੁਪਨਿਆਂ ਵਿੱਚ ਆਉਂਦਾ ਹੈ।” ਯਮਦੂਤ ਨਿਸ਼ਚਿਤ ਸਮੇਂ ਤੋਂ ਕੁਝ ਦੇਰ ਪਹਿਲਾਂ ਹੀ ਘਟਨਾ ਵਾਲੀ ਥਾਂ ’ਤੇ ਪਹੁੰਚ ਗਏ ਅਤੇ ਉਡੀਕ ਕਰਨ ਲੱਗੇ। ਦੁਰਘਟਨਾ ਹੋ ਗਈ। ਮੋਟਰਸਾਈਕਲ ਸਵਾਰ ਟਰਾਲੇ ਦੀ ਫ਼ੇਟ ਖਾ ਕੇ ਸੜਕ ਦੇ ਵਿੱਚਕਾਰ 20 ਕੁ ਫ਼ੁੱਟ ਦੂਰ ਜਾ ਡਿੱਗਿਆ। ਵਾਰ-ਵਾਰ ਸੜਕ ’ਤੇ ਵੱਜਣ ਕਾਰਨ ਸਰੀਰ ਥਾਂ-ਥਾਂ ’ਤੇ ਜ਼ਖ਼ਮੀ ਹੋ ਗਿਆ, ਲੱਤਾਂ-ਬਾਹਾਂ ਟੁੱਟ ਗਈਆਂ ਅਤੇ ਸਿਰ ਸੜਕ ’ਤੇ ਵੱਜਣ ਕਾਰਨ ਖ਼ੂਨ ਦੀਆਂ ਘਰਾਲਾਂ ਵਗ ਰਹੀਆਂ ਸਨ। ਦੋਵਾਂ ਪਾਸਿਆਂ ਤੋਂ ਆਉਂਦਾ ਟ੍ਰੈਫ਼ਿਕ ਰੁਕ ਗਿਆ। ਇੱਕਦਮ ਹੀ ਬਹੁਤ ਭੀੜ ਹੋ ਗਈ। ਬਹੁਤ ਸਾਰੇ ਲੋਕ ਟਰਾਲੇ ਵੱਲ ਭੱਜੇ। “ਹੈਂ! ਓਏ ਮੈਨੂੰ ਲੱਗਦਾ ਸਾਨੂੰ ਗਲਤ ਦੱਸਿਆ ਗਿਆ ਸੀ। ਸ਼ਾਇਦ ਟਰਾਲੇ ਵਾਲਾ ਜ਼ਖ਼ਮੀ ਹੋਇਆ ਹੈ ਤਾਂ ਹੀ ਸਾਰੇ ਲੋਕ ਓਧਰ ਨੂੰ ਭੱਜ ਰਹੇ ਨੇ। ਹੁਣ ਉਹ ਵਿੱਚਾਰੇ ਨੂੰ ਬਚਾਉਣ ਦੀ ਕੋਸ਼ਿਸ਼ ਕਰਨਗੇ।” ਨੌਜਵਾਨ ਯਮਦੂਤ ਹੈਰਾਨ ਹੋ ਗਿਆ। ਉਸ ਨੂੰ ਪਹਿਲੀ ਵਾਰ ਆਤਮਾ ਲਿਆਉਣ ਲਈ ਭੇਜਿਆ ਗਿਆ ਸੀ। ਪਹਿਲਾਂ ਉਹ ਨਰਕ ਵਿੱਚ ਹੀ ਅੰਡਰ ਟ੍ਰੇਨਿੰਗ ਸੀ।

“ਨਹੀਂ ਕਾਕਾ ਤੂੰ ਅਜੇ ਨਵਾਂ ਏਂ। ਹੌਲੀ-ਹੌਲੀ ਤੈਨੂੰ ਸਭ ਸਮਝ ਵਿੱਚ ਆ ਜਾਵੇਗਾ।” ਬਜ਼ੁਰਗ ਯਮਦੂਤ, ਜਿਹੜਾ ਕਈ ਸਾਲਾਂ ਤੋਂ ਇਹ ਕੰਮ ਕਰ ਰਿਹਾ ਸੀ, ਦੀ ਆਵਾਜ਼ ਵਿੱਚ ਠਰੰਮਾ ਸੀ। ਲੋਕਾਂ ਨੇ ਟਰਾਲੇ ਦੀ ਬਾਰੀ ਖੋਲ੍ਹ ਲਈ ਸੀ। ਡਰਾਈਵਰ ਨੂੰ ਘਸੀਟ ਕੇ ਬਾਹਰ ਕੱਢਿਆ ਗਿਆ। ਲੋਕਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕੀਤਾ। ਕੋਈ ਥੱਪੜ, ਕੋਈ ਮੁੱਕੇ ਅਤੇ ਕੋਈ ਲੱਤਾਂ ਨਾਲ ਮਾਰ ਰਿਹਾ ਸੀ। ਉਹ ਦਰਦ ਨਾਲ ਤੜਫ਼ ਰਿਹਾ ਸੀ। ਚੀਕਾਂ ਦੀ ਆਵਾਜ਼ ਆ ਰਹੀ ਸੀ। ਇਸ ਸ਼ੋਰ ਸ਼ਰਾਬੇ ਵਿੱਚ ਦੂਰ ਡਿੱਗਿਆ ਮੋਟਰਸਾਈਕਲ ਸਵਾਰ ਵੀ ਦਰਦ ਨਾਲ ਤੜਫ਼ ਰਿਹਾ ਸੀ ਜਿਸ ਦੇ ਦੁਆਲੇ ਕੁਝ ਤਮਾਸ਼ਬੀਨ ਇੱਕੱਠੇ ਹੋ ਗਏ ਸਨ ਪਰ ਕੋਈ ਹੱਥ ਲਾਉਣ ਲਈ ਤਿਆਰ ਨਹੀਂ ਸੀ। “ਇਹ ਕੀ ਹੋ ਰਿਹਾ ਹੈ? ਜਵਾਨ ਯਮਦੂਤ ਜਾਣਨ ਲਈ ਕਾਹਲਾ ਸੀ। “ਛੱਡ ਯਾਰ ਆਪਾਂ ਜਲਦੀ ਵਾਪਸ ਚਲੀਏ।” ਬਜ਼ੁਰਗ ਯਮਦੂਤ ਡਿਊਟੀ ਦਾ ਪੱਕਾ ਸੀ। ਉਹ ਯਮਰਾਜ ਦੇ ਗੁੱਸੇ ਨੂੰ ਜਾਣਦਾ ਸੀ। “ਕੋਈ ਨਹੀਂ ਚਾਚਾ! ਅਜੇ ਉਸ ਦੀ ਜ਼ਿੰਦਗੀ ਦੇ ਕੁਝ ਪਲ ਬਾਕੀ ਨੇ।” ਜਵਾਨ ਯਮਦੂਤ ਨੇ ਘੜੀ ਵੇਖਦਿਆਂ ਕਿਹਾ ਸੀ। “ਲੱਗਦਾ ਹੈ ਇਹ ਸਾਰੇ ਲੋਕ ਮਰਨ ਵਾਲੇ ਨੂੰ ਬਹੁਤ ਪਿਆਰ ਕਰਦੇ ਨੇ। ਤਾਂ ਹੀ ਤਾਂ ਮਾਰ ਮਾਰ ਕੇ ਟਰਾਲੇ ਵਾਲੇ ਦਾ ਬੁਰਾ ਹਾਲ ਕਰ ਰਹੇ ਨੇ।” ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ। “ਨਹੀਂ ਕਾਕਾ! ਤੂੰ ਇਸ ਦੁਨੀਆਂ ਨੂੰ ਨਹੀਂ ਜਾਣਦਾ। ਇਹ ਸਾਰੇ ਲੋਕ ਮਤਲਬਪ੍ਰਸਤ ਨੇ। ਕਿਸੇ ਨੂੰ ਵੀ ਉਸ ਨਾਲ ਪਿਆਰ ਨਹੀਂ,” ਬਜ਼ੁਰਗ ਯਮਦੂਤ, ਨੌਜਵਾਨ ਯਮਦੂਤ ਦੀ ਜਗਿਆਸਾ ਸ਼ਾਂਤ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ, “ਆ ਮੈਂ ਤੈਨੂੰ ਅਸਲੀਅਤ ਦਿਖਾਉਂਦਾ ਹਾਂ।” ਉਹ ਦੋਵੇਂ ਭੀੜ ਵੱਲ ਵਧੇ। ਭੀੜ ਵਿੱਚੋਂ ਇੱਕ ਨੌਜਵਾਨ ਲੜਕੇ ਦੀਆਂ ਅੱਖਾਂ ਬਜ਼ੁਰਗ ਯਮਦੂਤ ਨਾਲ ਮਿਲੀਆਂ ਸਨ। ਯਮ ਸ਼ਕਤੀ ਕਾਰਨ ਲੜਕਾ ਬਿਨਾਂ ਕੁਝ ਕਹੇ ਦੋਵਾਂ ਯਮਦੂਤਾਂ ਵੱਲ ਆਪ ਮੁਹਾਰੇ ਹੀ ਤੁਰਿਆ ਆਇਆ ਸੀ। “ਛੋਟੇ ਵੀਰ, ਤੂੰ ਉਸ ਆਦਮੀ ਨੂੰ ਕਿਉਂ ਮਾਰ ਰਿਹਾ ਹੈਂ? ਲੱਗਦਾ ਹੈ ਮੋਟਰਸਾਈਕਲ ਵਾਲਾ ਤੇਰਾ ਕੋਈ ਰਿਸ਼ਤੇਦਾਰ ਸੀ।” ਨੌਜਵਾਨ ਯਮਦੂਤ ਨੇ ਪੁੱਛਿਆ ਸੀ। “ਨਹੀਂ ਜੀ! ਮੈ ਤਾਂ ਮੋਟਰਸਾਈਕਲ ਸਵਾਰ ਨੂੰ ਜਾਣਦਾ ਵੀ ਨਹੀਂ। ਮੈਂ ਤਾਂ ਇੰਟਰਵਿਊ ਦੇ ਕੇ ਆ ਰਿਹਾਂ। ਮੈਨੂੰ ਇਸ ਵਾਰ ਵੀ ਨੌਕਰੀ ਨਹੀਂ ਮਿਲੀ। ਮੇਰੀ ਥਾਂ ਇੱਕ ਅਯੋਗ ਸਿਫ਼ਾਰਸ਼ੀ ਨੂੰ ਨੌਕਰੀ ਦੇ ਦਿੱਤੀ ਗਈ। ਮੈਨੂੰ ਇਸੇ ਗੱਲ ਦਾ ਗੁੱਸਾ ਸੀ।” ਨੌਜਵਾਨ ਦੀਆਂ ਅੱਖਾਂ ਵਿੱਚ ਨਿਰਾਸ਼ਾ ਸਾਫ਼ ਨਜ਼ਰ ਆ ਰਹੀ ਸੀ। ਨੌਜਵਾਨ ਯਮਦੂਤ ਹੈਰਾਨ ਰਹਿ ਗਿਆ ਸੀ। ਉਸ ਨੂੰ ਅਜੇ ਪੂਰਾ ਯਕੀਨ ਨਹੀਂ ਸੀ ਹੋਇਆ। ਉਸ ਨੇ ਸਾਧਾਰਨ ਜਿਹੇ ਕੱਪੜਿਆਂ ਵਿੱਚ ਟਰਾਲੇ ਦੇ ਡਰਾਈਵਰ ਨੂੰ ਕੁੱਟਦੇ ਇੱਕ ਅਧਖੜ ਆਦਮੀ ਨੂੰ ਦੇਖਿਆ। “ਇਹ ਜ਼ਰੂਰ ਹੀ ਮੋਟਰਸਾਈਕਲ ਵਾਲੇ ਦਾ ਕੋਈ ਰਿਸ਼ਤੇਦਾਰ ਹੋਵੇਗਾ।” ਉਸ ਨੇ ਸੋਚਿਆ। ਬਜ਼ੁਰਗ ਯਮਦੂਤ ਉਸ ਦੇ ਮਨ ਦੀ ਗੱਲ ਪੜ੍ਹ ਗਿਆ ਸੀ। ਉਸ ਨੇ ਅਧਖੜ ਵਿਅਕਤੀ ਨੂੰ ਬੁਲਾਇਆ। “ਹਾਂ ਬਈ ਦੱਸ! ਤੂੰ ਡਰਾਈਵਰ ਨੂੰ ਕਿਉਂ ਮਾਰ ਰਿਹਾ ਹੈਂ? ਕੀ ਇਹ ਤੇਰਾ ਰਿਸ਼ਤੇਦਾਰ ਹੈ?” ਉਸ ਨੇ ਡਿੱਗੇ ਮੋਟਰਸਾਈਕਲ ਵਾਲੇ ਵੱਲ ਇਸ਼ਾਰਾ ਕਰ ਕੇ ਪੁੱਛਿਆ। “ਕਾਹਦਾ ਰਿਸ਼ਤੇਦਾਰ?” ਅਧਖੜ ਦੇ ਲਹਿਜ਼ੇ ਵਿੱਚ ਤਲਖ਼ੀ ਸੀ। “ਇਹ ਅਮੀਰ ਲੋਕ ਕਿਸੇ ਦੇ ਰਿਸ਼ਤੇਦਾਰ ਨਹੀਂ ਹੁੰਦੇ। ਹੁਣ ਵੇਖੋ ਚਾਰ ਦਿਨ ਹੋ ਗਏ ਮੈਨੂੰ ਦਿਹਾੜੀ ਕਰਦੇ ਨੂੰ। ਅੱਜ ਜਦ ਪੈਸੇ ਮੰਗੇ ਤਾਂ ਮਾਲਕ ਕਹਿੰਦਾ ਮੇਰੇ ਕੋਲ ਪੈਸੇ ਖ਼ਤਮ ਹੋ ਗਏ। ਜ਼ਰਾ ਸੋਚੋ ਜੇ ਮੈਨੂੰ ਪੈਸੇ ਸਮੇਂ ’ਤੇ ਨਹੀਂ ਮਿਲਣੇ ਤਾਂ ਫ਼ਿਰ ਕੰਮ ਕਰਨ ਦਾ ਕੀ ਫ਼ਾਇਦਾ?” ਅਧਖੜ ਦੀਆਂ ਅੱਖਾਂ ਵਿੱਚ ਘਰ ਲਈ ਲਿਜਾਣ ਵਾਲੀਆਂ ਚੀਜ਼ਾਂ ਦੀ ਸੂਚੀ ਘੁੰਮ ਰਹੀ ਸੀ ਅਤੇ ਉਹ ਬਹਾਨਾ ਸੋਚ ਰਿਹਾ ਸੀ ਕਿ ਅੱਜ ਬੱਚਿਆਂ ਨੂੰ ’ਚੀਜੀ’ ਨਾ ਲਿਆਉਣ ਕਰ ਕੇ ਕੀ ਬਹਾਨਾ ਬਣਾਵੇਗਾ। ਹੁਣ ਇੱਕ ਚੰਗੇ ਸੂਟ-ਬੂਟ ਵਾਲੇ ਵਿਅਕਤੀ ਨੂੰ ਬੁਲਾਇਆ ਗਿਆ। ਉਹ ਆਪਣੀ ਕਾਰ ਵਿੱਚੋਂ ਉੱਤਰ ਕੇ ਆਇਆ ਸੀ ਅਤੇ ਬੜੇ ਜੋਸ਼ ਨਾਲ ਮਾਰ-ਕੁਟਾਈ ਵਿੱਚ ਹਿੱਸਾ ਲੈ ਰਿਹਾ ਸੀ। “ਮੈਂ ਏਨੀ ਮਹੱਤਵਪੂਰਨ ਮੀਟਿੰਗ ’ਤੇ ਜਾ ਰਿਹਾ ਹਾਂ, ਇਸ ਗਧੇ ਦੀ ਬੇਵਕੂਫ਼ੀ ਕਾਰਨ ਹੁਣ ਏਥੇ ਟ੍ਰੈਫ਼ਿਕ ਜਾਮ ਹੋ ਗਿਆ ਹੈ। ਲੱਗਦਾ ਹੈ ਕਲਾਈਂਟ ਹੱਥੋਂ ਨਿਕਲ ਜਾਵੇਗਾ।” ਉਹ ਜੇਬ ਵਿੱਚੋਂ ਮੋਬਾਈਲ ਕੱਢ ਕੇ ਆਪਣੇ ਕਲਾਈਂਟ ਨੂੰ ਦੇਰ ਨਾਲ ਆਉਣ ਦਾ ਕਾਰਨ ਦੱਸਣਾ ਚਾਹੁੰਦਾ ਸੀ। ਫ਼ਿਰ ਇੱਕ ਨੀਲੀ ਗੱਡੀ ਆ ਕੇ ਰੁਕੀ। ਉਸ ਵਿੱਚੋਂ ਕੁਝ ਖਾਕੀ ਕੱਪੜਿਆਂ ਵਾਲੇ ਉਤਰੇ। ਉਨ੍ਹਾਂ ਦੇ ਹੱਥਾਂ ਵਿੱਚ ਡੰਡੇ ਅਤੇ ਹਥਿਆਰ ਸਨ। ਆਉਂਦਿਆਂ ਹੀ ਉਨ੍ਹਾਂ ਨੇ ਟਰਾਲੇ ਦੇ ਡਰਾਈਵਰ ਨੂੰ ਭੀੜ ਤੋਂ ਛੁਡਵਾਇਆ। ਇੱਕ ਖਾਕੀ ਕੱਪੜਿਆਂ ਵਾਲਾ ਵਿਅਕਤੀ ਡਿੱਗੇ ਹੋਏ ਮੋਟਰਸਾਈਕਲ ਸਵਾਰ ਵੱਲ ਵਧਿਆ ਜਿਹੜਾ ਹੁਣ ਸ਼ਾਂਤ ਹੋ ਚੁੱਕਿਆ ਸੀ। ਆਸੇ-ਪਾਸੇ ਦੇ ਲੋਕਾਂ ਤੋਂ ਪੁੱਛਣ ਲੱਗਾ ਕਿ ਇਹ ਸਭ ਕਿਵੇਂ ਹੋਇਆ ਹੈ। ਨੌਜਵਾਨ ਯਮਦੂਤ ਦੀਆਂ ਅੱਖਾਂ ਵਿੱਚ ਪ੍ਰਸ਼ੰਸਾ ਦੇ ਭਾਵ ਆਏ, ‘ਵਾਹ! ਕਿੰਨੇ ਦਿਆਲੂ ਲੋਕ ਹਨ। ਜੇ ਇਹ ਨਾ ਰੋਕਦੇ ਤਾਂ ਭੀੜ ਨੇ ਟਰਾਲੇ ਵਾਲੇ ਨੂੰ ਮਾਰ ਦੇਣਾ ਸੀ।’ ਇਹ ਕੀ? ਇੰਨੇ ਸਮੇਂ ਵਿੱਚ ਮੋਟਰਸਾਈਕਲ ਵੱਲ ਵਧਣ ਵਾਲੇ ਨੇ ਤਸਦੀਕ ਕੀਤੀ ਕਿ ਮੋਟਰਸਾਈਕਲ ਸਵਾਰ ਮਰ ਚੁੱਕਿਆ ਹੈ। ਹੁਣ ਖਾਕੀ ਕੱਪੜਿਆਂ ਵਾਲਿਆਂ ਨੇ ਟਰਾਲੇ ਦੇ ਡਰਾਈਵਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਅੱਧ-ਮਰਿਆ ਹੋ ਗਿਆ ਤਾਂ ਉਸ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਲਿਆ ਗਿਆ। “ਕੀ ਇਹ ਮੋਟਰਸਾਈਕਲ ਵਾਲੇ ਨੂੰ ਮਾਰਨ ਦੀ ਸਜ਼ਾ ਇਸ ਨੂੰ ਦੇ ਰਹੇ ਹਨ?” ਨੌਜਵਾਨ ਨੇ ਅੱਧ-ਮਰੇ ਹੋਏ ਟਰਾਲੇ ਦੇ ਡਰਾਈਵਰ ਵੱਲ ਇਸ਼ਾਰਾ ਕਰ ਕੇ ਪੁੱਛਿਆ। ਬਜ਼ੁਰਗ ਯਮਦੂਤ, ਜਿਹੜਾ ਮ੍ਰਿਤਕ ਦੀ ਆਤਮਾ ਨੂੰ ਕੱਢ ਚੁੱਕਿਆ ਸੀ, ਨੇ ਇੱਕ ਖਾਕੀ ਵਰਦੀ ਵਾਲੇ ਨੂੰ ਬੁਲਾਇਆ ਅਤੇ ਟਰਾਲੇ ਦੇ ਡਰਾਈਵਰ ਦੀ ਕੁੱਟਮਾਰ ਦਾ ਕਾਰਨ ਪੁੱਛਿਆ। “ਕੀ ਕਰੀਏ ਜੀ! ਇਨ੍ਹਾਂ ਲੋਕਾਂ ਨੇ ਸਾਡਾ ਜੀਣਾ ਮੁਹਾਲ ਕੀਤਾ ਹੋਇਆ ਹੈ। ਅਜੇ ਪਿੰਡੋਂ ‘ਰੇਡ’ ਤੋਂ ਆ ਕੇ ਬੈਠੇ ਹੀ ਸਾਂ ਕਿ ਇਨ੍ਹਾਂ ਦਾ ਫ਼ੋਨ ਆ ਗਿਆ ਕਿ ਟਰਾਲੇ ਥੱਲੇ ਦੇ ਕੇ ਬੰਦਾ ਮਾਰ ’ਤਾ। ਅਸੀਂ ਵੀ ਆਖਰ ਇਨਸਾਨ ਹਾਂ। ਸਾਨੂੰ ਵੀ ਤਾਂ ਆਰਾਮ ਚਾਹੀਦੈ। ਅਫ਼ਸਰ ਆਪ ਤਾਂ ਦਫ਼ਤਰਾਂ ਵਿੱਚ ਬੈਠੇ ਹੁਕਮ ਚਲਾ ਦੇਂਦੇ ਨੇ ਤੇ ਅਸੀਂ ਦਿਨ-ਰਾਤ ਧੱਕੇ ਖਾਂਦੇ ਹਾਂ।” ਪੁਲਿਸ ਵਾਲੇ ਨੇ ਦਿਲ ਦੀ ਭੜਾਸ ਕੱਢੀ। ਨੌਜਵਾਨ ਯਮਦੂਤ ਦੀ ਪੂਰੀ ਤਸੱਲੀ ਹੋ ਚੁੱਕੀ ਸੀ। “ਅਸੀਂ ਚੰਗੇ ਹਾਂ ਚਾਚਾ,” ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ, “ਇਨ੍ਹਾਂ ਲੋਕਾਂ ਦੀ ਤਰ੍ਹਾਂ ਸਵਾਰਥੀ ਨਹੀਂ। ਘੱਟੋ-ਘੱਟ ਅਸੀਂ ਆਪਣਾ ਫ਼ਰਜ਼ ਤਾਂ ਮਨ ਲਾ ਕੇ ਪੂਰਾ ਕਰਦੇ ਹਾਂ।” “ਪੁੱਤਰ, ਇਹ ਧਰਤੀ ਵਾਸੀ ਸਾਡੇ ਤੋਂ ਵੀ ਵੱਡੇ ਯਮਦੂਤ ਹਨ। ਅਸੀਂ ਤਾਂ ਮੁਰਦਿਆਂ ਦੀ ਆਤਮਾ ਕੱਢਦੇ ਹਾਂ ਪਰ ਇਨ੍ਹਾਂ ਨੇ ਜਿਉਂਦੇ ਜੀਅ ਆਪਣੀ ਆਤਮਾ ਵੇਚ ਦਿੱਤੀ ਹੈ। ਇਸੇ ਲਈ ਇਨ੍ਹਾਂ ਦੇ ਆਲੇ ਦੁਆਲੇ ਭਾਵੇਂ ਕੁਝ ਵੀ ਹੋਈ ਜਾਵੇ, ਇਹ ਸਿਰਫ਼ ਆਪਣਾ ਸਵਾਰਥ ਵੇਖਦੇ ਨੇ!” ਤੇ ਫ਼ਿਰ ਉਨ੍ਹਾਂ ਨੇ ਆਤਮਾ ਨੂੰ ਸੰਭਾਲਿਆ ਅਤੇ ਆਪਣੇ ‘ਹੈਡਕੁਆਰਟਰ’ ਵੱਲ ਚਾਲੇ ਪਾ ਦਿੱਤੇ।

## ਕਹਾਣੀ: ਪੱਥਰ

**-ਸ਼ਰਨਪ੍ਰੀਤ ਕੌਰ**



ਹਸਪਤਾਲ ਦੇ ਗਾਇਨੀ ਡਿਪਾਰਟਮੈਂਟ ਦੇ ਕਮਰੇ ਅੱਗੇ ਖੜ੍ਹੀ ਗੁਰਮੀਤ ਆਪਣੀਆਂ ਦੋ ਪੋਤੀਆਂ ਤੇ ਗੁਆਂਢਣ ਨਾਲ ਬੜੀ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਇਹ ਪਤਾ ਲੱਗੇ ਕਿ ਉਸ ਦੇ ਘਰ ਪੋਤੇ ਨੇ ਜਨਮ ਲਿਆ ਹੈ। ਉਹ ਵਾਰ-ਵਾਰ ਗੱਲਾਂ ਕਰਦੀ ਕਹਿ ਰਹੀ ਸੀ ਆਪਣੀ ਗੁਆਂਢਣ ਨੂੰ ਕਿ ਮੇਰਾ ਦਿਲ ਕੰਬ ਰਿਹਾ ਹੈ ਕਿ ਇਸ ਵਾਰ ਫਿਰ ਕਿਧਰੇ ਰੱਬ ਪੱਥਰ ਨਾ ਦੇ ਦੇਵੇ ਮੇਰੇ ਮੁੰਡੇ ਦੇ ਘਰ...ਕੋਈ ਚੰਗੀ ਚੀਜ਼ ਦੇ ਦੇਵੀਂ ਰੱਬਾ ਤੇਰੇ ਘਰ ਕੋਈ ਘਾਟਾ ਨਹੀਂ। ਗੁਆਂਢਣ ਵੀ ਹੌਂਸਲਾ ਦਿੰਦੀ ਇਹ ਨ੍ਹੀਂ ਬੀਜਿਆ।’

ਗੁਰਮੀਤ ਦੀ ਚਾਰ ਕੁ ਸਾਲ ਦੀ ਪੋਤੀ ਇਹ ਸਭ ਗੱਲਾਂ ਸੁਣਕੇ ਪੁੱਛ ਲੈਂਦੀ ਹੈ ਕਿ, ‘ਬੇਬੇ ਮੈਂ ਵੀ ਚੰਗੀ ਚੀਜ਼ ਹਾਂ?’ ਗੁਰਮੀਤ ਸਵੇਰ ਦੀ ਅੱਕੀ-ਥੱਕੀ ਹੋਈ ਨੇ ਸਾਰਾ ਗੁੱਸਾ ਆਪਣੀ ਪੋਤੀ ’ਤੇ ਉਤਾਰ ਦਿੱਤਾ ਕਹਿਣ ਲੱਗੀ, ‘ਤੂੰ ਤਾਂ ਪੱਥਰ ਐਂ ਪੱਥਰ... ਕਿੱਥੋਂ ਮਗਰ ਪਈਆਂ ਨੇ ...ਤੂੰ ਚੰਗੀ ਚੀਜ਼ ਹੁੰਦੀ ਤਾਂ ...ਗੁਰਮੀਤ ਬੁੜ-ਬੁੜ ਕਰਦੀ ਕੋਲੋਂ ਲੰਘਦੀ ਨਰਸ ਵੱਲ ਭੱਜ ਕੇ ਜਾਂਦੀ ਹੈ, ਪਰ ਕੋਈ ਉੱਤਰ ਨ੍ਹੀ ਮਿਲਦਾ। ਗੁਰਮੀਤ ਦੀ ਪੋਤੀ ਫੇਰ ਬੋਲ ਪੈਂਦੀ ਹੈ, ਬੇਬੇ ਮੇਰੇ ਹੱਥ ਲਾ ਕੇ ਤਾਂ ਵੇਖ ਮੈਂ ਤਾਂ ਪੋਲੀ-ਪੋਲੀ ਹਾਂ... ਦਿੰਦੀ।

ਐਨੇ ਨੂੰ ਅੰਦਰੋਂ ਨਰਸ ਭੱਜੀ-ਭੱਜੀ ਆਉਂਦੀ ਹੈ ਤੇ ਵਧਾਈਆਂ ਦਿੰਦੀ ਹੈ। ਗੁਰਮੀਤ ਵੀ ਕਾਹਲੀ ਨਾਲ ਅੰਦਰ ਆਪਣੀ ਬੇਹੋਸ਼ ਪਈ ਨੂੰਹ ਦਾ ਹਾਲ-ਚਾਲ ਪੁੱਛੇ ਬਿਨਾਂ ਹੀ ਪਹਿਲਾਂ ਆਪਣੇ ਪੋਤੇ ਨੂੰ ਵੇਖਣ ਲਈ ਭੱਜਦੀ ਹੈ। ਥੋੜ੍ਹੀ ਦੇਰ ਬਾਅਦ ਬੱਚਾ ਗੁਰਮੀਤ ਨੂੰ ਫੜਾ ਦਿੱਤਾ ਤੇ ਸਾਰੇ ਹੀ ਉਸ ਤੇਰਾ ਵੀਰਾ ਆ ਗਿਆ। ਛੋਟੀ ਬੱਚੀ ਨੇ ਰੋ ਕੇ ਕਿਹਾ, ‘ਬੇਬੇ ਮੇਰੇ ਸੋਹਣੇ ਜਿਹੇ ਵੀਰੇ ਦੇ ਪੱਥਰ ਨਾ ਵੱਜ ਜਾਵੇ... ਮੈਂ ਦੂਰ ਤੋਂ ਹੀ ਵੇਖ ਲਵਾਂਗੀ।’ ਬੇਬੇ ਸ਼ਰਮਿੰਦਾ ਹੋਈ ਕਹਿੰਦੀ ਹੈ, ‘ਨਾ ਪੁੱਤ ਨਾ ਤੁਸੀਂ ਤਾਂ ਹੁਣ ਫੁੱਲ ਬਣ ਗਈਆਂ... ਵੀਰਾ ਆ ਗਿਆ ਤੁਹਾਡਾ ਤੁਸੀਂ ਵੀ ਤਰ ਗਈਆਂ ਹੁਣ ਇਹਦੇ

## ਚਿੰਤਾ

‘ਹੈਲੋ ਭਾਈ ਸਾਹਿਬ, ਥੋਨੂੰ ਥੋੜ੍ਹੀ ਬਹੁਤ ਸ਼ਰਮ ਹੈ ਕਿ ਨਹੀਂ, ਤੈਨੂੰ ਬਰੇਕ ਮਾਰਨੀ ਵੀ ਔਖੀ ਲੱਗਦੀ ਐ... ਚੜ੍ਹੇ ਮਹੀਨੇ ਰੁੱਗ ਰੁਪਈਆਂ ਦਾ ਦੇਈਦਾ, ਨਹੀਂ ਲਿਜਾ ਸਕਦੇ ਤਾਂ ਜਵਾਬ ਦੇ ਦਿਓ, ਅਸੀਂ ਆਪੇ ਹੋਰ ਪ੍ਰਬੰਧ ਕਰ ਲਵਾਂਗੇ। ਮੈਂ ਕਰਦਾਂ ਤੇਰੇ ਸੀਨੀਅਰ ਨਾਲ ਗੱਲ। ਤੁਸੀਂ ਨਿੱਤ ਦਾ ਪਾਖੰਡ ਫੜਿਆ। ਬੱਚਾ ਬਾਹਰ ਮੀਂਹ ’ਚ ਖੜ੍ਹਾ ਭਿੱਜ ਰਿਹਾ, ਭਾਵੇਂ ਬਿਮਾਰ ਹੋ ਜਾਵੇ, ਥੋਡੀ ਕੋਈ ਜ਼ਿੰਮੇਵਾਰੀ ਨੀ ਬਣਦੀ?’

ਅੱਗੋਂ ਵੀ ਹਰਖ ਭਰੀ ਆਵਾਜ਼ ਆਈ, ‘ਅਸੀਂ ਵੀ ਕਿਸੇ ਨੂੰ ਜਵਾਬ ਦੇਣਾ ਹੁੰਦਾ। ਜੇ ਫਾਟਕ ਬੰਦ ਹੋ ਗਿਆ ਤਾਂ ਇਕ ਪਿੱਛੇ ਸਾਰੀ ਬੱਸ ਲੇਟ ਕਰ ਦੇਈਏ।’



ਤੇਜ਼ੀ ਨਾਲ ਦੌੜੀ ਜਾਂਦੀ ਟਰੇਨ ਦੀ ਸੀਟ ’ਤੇ ਬੈਠੇ ਚੰਗੇ ਰੋਹਬ-ਦਾਹਬ ਵਾਲੇ ਵਿਅਕਤੀ ਨੇ ਫੋਨ ਕੰਨ ਨਾਲੋਂ ਪਰ੍ਹੇ ਹਟਾ ਹੋਰ ਨੰਬਰ ਮਿਲਾ ਲਿਆ।

मुख्य निर्वाचन अधिकारी, दिल्ली
Chief Electoral Officer, Delhi
पुराना सेंट स्टीफेन कॉलेज भवन,
कश्मीरी गेट, दिल्ली - 110006

हर नागरिक का गर्व
जनमत का पर्व
Delhi Assembly Election 2025

# ਆਸਾਨ ਚੋਣਾਂ

ਦਿਵਿਆਂਗ ਵਿਅਕਤੀਆਂ ਲਈ ਸੁਵਿਧਾਜਨਕ ਸੰਚਾਲਨ



**ਦਿੱਲੀ ਵਿਧਾਨ ਸਭਾ ਚੋਣ, 2025**
**ਜਨਤਕ ਨੋਟਿਸ**
**ਕਿਰਪਾ ਕਰਕੇ ਅਯੋਗ ਵੋਟਰਾਂ ਵੱਲ ਧਿਆਨ ਦਿਓ**

ਦਿਵਿਯਾਂਗ ਵੋਟਰਾਂ ਨੂੰ ਦੂਜੇ ਵੋਟਰਾਂ ਵਾਂਗ ਵੋਟ ਪਾਉਣ ਦਾ ਹੱਕ ਹੈ। ਕਿਰਪਾ ਕਰਕੇ ਨੋਟ ਕਰੋ ਅਤੇ ਹੇਠ ਲਿਖੀਆਂ ਸਹੂਲਤਾਂ/ਪ੍ਰਸ਼ਾਸਕੀ ਪ੍ਰਬੰਧਾਂ ਦਾ ਲਾਭ ਉਠਾਓ ਜੋ ਤੁਹਾਡੀ ਵੋਟ ਪਾਉਣ ਵਿੱਚ ਤੁਹਾਡੀ ਮਦਦ ਕਰਨਗੇ:-

1. ਦਿਵਿਯਾਂਗ ਵੋਟਰਾਂ ਨੂੰ ਲਾਈਨ ਵਿੱਚ ਉਡੀਕ ਕੀਤੇ ਬਿਨਾਂ ਪੋਲਿੰਗ ਸਟੇਸ਼ਨ ਵਿੱਚ ਦਾਖਲ ਹੋਣ ਲਈ ਪ੍ਰਾਥਮਿਕਤਾ ਦਿੱਤੀ ਜਾਵੇਗੀ।

2. ਵ੍ਹੀਲਚੇਅਰ ਤੇ ਆਉਣ ਵਾਲੇ ਵੋਟਰਾਂ ਨੂੰ ‘ਤੇ ਬੈਠਣ ਲਈ ਢੁਕਵੀਂ ਢਲਾਣ ਵਾਲੇ ਰੈਂਪ ਪ੍ਰਦਾਨ ਕਰਵਾ ਕੇ ਉਨ੍ਹਾਂ ਨੂੰ ਪੋਲਿੰਗ ਬੂਥ ਵਿਚ ਵੋਟਿੰਗ ਕਮਰੇ ਤੱਕ ਬਿਨਾਂ ਰੁਕਾਵਟ ਦੇ ਪਹੁੰਚ ਪ੍ਰਦਾਨ ਕਰਵਾਉਣ ਅਤੇ ਪੋਲਿੰਗ ਬੂਥ ਦੇ ਅੰਦਰ ਵੋਟਿੰਗ ਕਮਰੇ ਤੱਕ ਉਨ੍ਹਾਂ ਦੇ ਆਉਣ-ਜਾਣ ਲਈ ਖੁੱਲ੍ਹੀ ਜਗ੍ਹਾ ਰੱਖੀ ਜਾਵੇਗੀ।

3. ਜੇਕਰ ਕੋਈ ਵੋਟਰ ਆਪਣੀ ਦਿਵਯਾਂਗਤਾ ਦੇ ਕਾਰਨ ਆਪਣੀ ਵੋਟ ਨਹੀਂ ਪਾ ਸਕਦਾ/ਸਕਦੀ ਹੈ, ਤਾਂ ਪ੍ਰੀਜਾਈਡਿੰਗ ਅਫਸਰ ਆਪਣੀ ਇੱਛਾ ਅਨੁਸਾਰ, ਉਸ ਦੀ ਤਰਫੋਂ, ਵੋਟ ਪਾਉਣ ਲਈ ਕੋਈ ਸਾਥੀ (ਮੁਖਯਤ: ਰਿਸ਼ਤੇਦਾਰ) ਜੋ 18 ਸਾਲ ਤੋਂ ਘੱਟ ਉਮਰ ਦਾ ਨਾ ਹੋਵੇ, ਉਸ ਨੂੰ ਪੋਲਿੰਗ ਬੂਥ ‘ਤੇ ਲਿਜਾਣ ਦੀ ਇਜਾਜਤ ਦੇਣਗੇ। (ਸੰਦਰਭ: ਹਵਾਲਾ: ਨਿਯਮ 49 ਐਨ. ਚੋਣ ਆਚਰਣ ਨਿਯਮ, 1961)

4. ਪੋਲਿੰਗ ਡਿਊਟੀ ਸਟਾਫ ਅਤੇ ਪੁਲਿਸ ਕਰਮਚਾਰੀਆਂ ਨੂੰ ਦਿਵਯਾਂਗ ਵੋਟਰਾਂ ਦੀਆਂ ਵਿਸ਼ੇਸ਼ ਲੋੜਾਂ ਬਾਰੇ ਅਤੇ ਉਹਨਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਸਿਖਲਾਈ ਅਤੇ ਸੰਵੇਦਨਸੀਲ ਬਣਾਇਆ ਗਿਆ ਹੈ।

5. ਦਿਵਯਾਂਗ ਵੋਟਰਾਂ ਦੀ ਸਹਾਇਤਾ ਲਈ ਪੋਲਿੰਗ ਸਟੇਸ਼ਨਾਂ ‘ਤੇ ਵਾਲੰਟੀਅਰ ਤਾਇਨਾਤ ਕੀਤੇ ਜਾ ਰਹੇ ਹਨ।

6. ਦਿਵਯਾਂਗ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਸਟੇਸ਼ਨਾਂ ‘ਤੇ ਵੀਲ੍ਹ ਚੇਅਰਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

7. ਸਬੰਧਤ ਜਿਲ੍ਹਾ ਚੋਣ ਅਫਸਰਾਂ ਵੱਲੋਂ ਦਿਵਯਾਂਗ ਅਤੇ 85 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਸਿਟੀਜਨ ਵੋਟਰਾਂ ਲਈ ਪੋਲਿੰਗ ਸਟੇਸ਼ਨ ਤਕ ਜਾਨ ਅਤੇ ਵਾਪਿਸ ਆਉਣ ਲਈ ਸੁਵਿਧਾਵਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ।

8. ਨੋਡਲ ਅਫਸਰਾਂ ਨੂੰ ਖਾਸ ਤੌਰ ‘ਤੇ ਦਿਵਯਾਂਗ ਵੋਟਰਾਂ ਦੀ ਸਹਾਇਤਾ ਲਈ ਸਾਰੇ ਜਿਲ੍ਹੇਆਂ ਵਿਚ ਨਿਯੁਕਤ ਕੀਤਾ ਗਿਆ ਹੈ।

ਦਿੱਲੀ ਵਿਧਾਨ ਸਭਾ ਚੋਣ, 2025 ਲਈ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ ਸਾਰੇ ਗਿਆਰਾਂ (11) ਜਿਲ੍ਹਿਆਂ ਦੇ ਹਲਕਿਆਂ ਲਈ ਦਿਵਯਾਂਗਜਨਾਂ ਅਤੇ ਪਿਕ ਐਂਡ ਡ੍ਰਾਪ ਸੁਵਿਧਾ ਲਈ ਨੋਡਲ ਅਫਸਰਾਂ ਦਾ ਵੇਰਵਾ ਇਸ ਪ੍ਰਕਾਰ ਹੈ:

| ਜਿਲ੍ਹਾ ਸੰ. | ਜਿਲ੍ਹੇ ਦਾ ਨਾਮ | ਨੋਡਲ ਅਫਸਰ (pwD) ਦਾ ਵੇਰਵੇ (ਨਾਮ, ਮੋਬਾਈਲ, ਈਮੇਲ) (ਸ੍ਰੀ/ਸ੍ਰੀਮਤੀ) | ਪਿੰਕ & ਡ੍ਰਾਪ ਨੋਡਲ ਅਫਸਰ ਦਾ ਵੇਰਵਾ (ਸ੍ਰੀ/ਸ੍ਰੀਮਤੀ) | ਕੰਟਰੋਲ ਰੂਮ ਨੰਬਰ |
|---|---|---|---|---|
| 1 | ਉੱਤਰ ਪੱਛਮੀ ਦਿੱਲੀ | ਰਾਕੇਸ਼ ਦਹੀਆ, ਮੋ. ਨੰ. - 9868810716 nodalofficerpwdnw25@gmail.com | ਰਾਕੇਸ਼ ਦਹੀਆ, 9868810716 ਪਰਮਜੀਤ, 9813504980 | 1800111401 |
| 2 | ਉੱਤਰ ਪੂਰਬੀ ਦਿੱਲੀ | ਰਾਹੁਲ ਜੈਨ, ਮੋ. ਨੰ. - 9810446860 nodalofficerpwdne@gmail.com | ਰਾਹੁਲ ਜੈਨ 9810446860 | 1800111402 011-22115289 |
| 3 | ਦੱਖਣੀ ਦਿੱਲੀ | ਪਿਊਸ਼ ਕੁਮਾਰ ਮੁਦਗਲ, ਮੋ. ਨੰ. - 9887624255 pwdsouthdlae25@gmail.com | ਭਰਤ ਸਿੰਘ ਸਹਿਰਾਵਤ 9711141716 | 1800111403 011-20860811 |
| 4 | ਕੇਂਦਰੀ ਦਿੱਲੀ | ਸੁਭਾਸ਼ੀਸ਼, ਮੋ. ਨੰ. - 9873608464 nodalofficerpwdcentraldlae2025@gmail.com | ਸੁਰੇਸ਼ ਕੁਮਾਰ 9797533362 | 1800111305 011-20923214 |
| 5 | ਦੱਖਣ ਪੱਛਮ | ਕਰਮਵੀਰ ਸਿੰਘ, ਮੋ. ਨੰ. - 9810308238 nodalofficerpwdsw@gmail.com | ਕਰਮਵੀਰ ਸਿੰਘ 9810308238 | 1800111307 011-25065683 |
| 6 | ਪੂਰਬੀ ਦਿੱਲੀ | ਕ੍ਰਿਪਾ ਨੰਦ ਝਾਅ, ਮੋ. ਨੰ. - 9868551104 pwdeastdelhi@gmail.com | ਕ੍ਰਿਪਾ ਨੰਦ ਝਾਅ 9868551104 | 1800111406 011-22010403 |
| 7 | ਪੱਛਮੀ ਦਿੱਲੀ | ਵਿਕਾਸ ਗੁਪਤਾ, ਮੋ. ਨੰ. - 7531030071 nodalofficerpwdwest2025@gmail.com | ਵਿਕਾਸ ਗੁਪਤਾ 7531030071 | 1800111407 011-25107440 |
| 8 | ਉੱਤਰੀ ਦਿੱਲੀ | ਅਸ਼ੋਕ ਕੁਮਾਰ, ਮੋ. ਨੰ. - 9968306317 ashok.nodalpswelfare@gmail.com | ਅਸ਼ੋਕ ਕੁਮਾਰ 9968306317 | 011-20872012 011-20872013 1800111408 |
| 9 | ਨਵੀਂ ਦਿੱਲੀ | ਰਸ਼ਮੀ ਮਨਚੰਦਾ, ਮੋ. ਨੰ. - 9911325330 pwdnewdelhidistrict@gmail.com | ਰਸ਼ਮੀ ਮਨਚੰਦਾ 9911325330 | 1800111409 |
| 10 | ਸ਼ਾਹਦਰਾ | ਲੋਕੇਸ਼ ਪਵਾਰ, ਮੋ. ਨੰ. - 9818799678 pwd1385@gmail.com | ਹੇਮੰਤ ਕੁਮਾਰ 9756483889 | 1800111310 011-20824976 |
| 11 | ਦੱਖਣ ਪੂਰਬੀ ਦਿੱਲੀ | ਜਤਿੰਦਰ ਕੁਮਾਰ ਯਾਦਵ, ਮੋ. ਨੰ. - 9711550395 nodalofficerpwdsoutheast@gmail.com | ਜਤਿੰਦਰ ਕੁਮਾਰ ਯਾਦਵ 9711550395 | 1800111308 011-20887186 |

ਕਿਸੇ ਵੀ ਸਹਾਇਤਾ/ਸਪਸ਼ਟੀਕਰਨ ਲਈ, ਕਿਰਪਾ ਕਰਕੇ ਆਪਣੇ ਜਿਲ੍ਹੇ ਦੇ ਸਬੰਧਤ ਨੋਡਲ ਅਫਸਰ ਨਾਲ ਸੰਪਰਕ ਕਰੋ।
ਕਿਰਪਾ ਕਰਕੇ 05.02.2025 ਨੂੰ ਸਵੇਰੇ : 07 ਵਜੇ ਤੋਂ ਸਾਮ 06 ਵਜੇ ਦੇ ਵਿਚ ਬਾਹਰ ਆ ਕੇ ਵੱਡੀ ਸੰਖਿਆ ਵਿੱਚ ਆਪਣੀ ਵੋਟ ਪਾਓ।

www.ceodelhi.gov.in

ਵੋਟ ਪਾਉਣ ਲਈ, ਤੁਹਾਡਾ ਨਾਮ ਵੋਟਰ ਸੂਚੀ ਵਿੱਚ ਹੋਣਾ ਲਾਜਮੀ ਹੈ।

ਕਾਲ ਸੈਂਟਰ ਨੰ. 1950,
ਹੈਲਪਲਾਈਨ ਨੰ 1800-111-400

DIP/Shabdarth/Classified/0491/24-25

## ਦੇਵੀਗੜ੍ਹ 'ਚ ਚਾਈਨਾ, ਨਾਈਲੋਨ ਤੇ ਸਿੰਥੈਟਿਕ ਡੋਰ ਦੇ 87 ਗੱਟੂ ਬਰਾਮਦ, ਨਗਰ ਪੰਚਾਇਤ ਦੀ ਟੀਮ ਵੱਲੋਂ ਅਚਨਚੇਤ ਚੈਕਿੰਗ

# ਚਾਈਨਾ, ਨਾਈਲੋਨ ਤੇ ਸਿੰਥੈਟਿਕ ਡੋਰ 'ਤੇ ਪੂਰਨ ਪਾਬੰਦੀ, ਉਲੰਘਣਾ ਕਰਨ ਉਤੇ ਕੀਤੀ ਜਾਵੇਗੀ ਸਖ਼ਤ ਕਾਨੂੰਨੀ ਕਾਰਵਾਈ: ਈ.ਓ. ਰਾਕੇਸ਼ ਕੁਮਾਰ

ਦੇਵੀਗੜ੍ਹ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਨਗਰ ਪੰਚਾਇਤ ਦੇਵੀਗੜ੍ਹ ਦੀ ਟੀਮ ਨੇ ਪਾਬੰਦੀਸ਼ੁਦਾ ਚਾਈਨਾ, ਨਾਈਲੋਨ, ਸਿੰਥੈਟਿਕ ਡੋਰ ਫੜਨ ਲਈ ਦੇਵੀਗੜ੍ਹ ਦੇ ਬਾਜ਼ਾਰ ਵਿੱਚ ਅਚਨਚੇਤ ਚੈਕਿੰਗ ਕਰਕੇ ਪਾਬੰਦੀਸ਼ੁਦਾ ਡੋਰ ਦੇ 87 ਗੱਟੂ ਬਰਾਮਦ ਕੀਤੇ। ਕਾਰਜ ਸਾਧਕ ਅਫ਼ਸਰ ਰਾਕੇਸ਼ ਅਰੋੜਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਅੱਜ ਬਾਜ਼ਾਰਾਂ ਵਿੱਚ ਚੈਕਿੰਗ ਕੀਤੀ ਗਈ ਅਤੇ ਨਾਲ ਹੀ ਲੋਕਾਂ ਤੇ ਦੁਕਾਨਦਾਰਾਂ ਨੂੰ ਅਜਿਹੀ ਪਾਬੰਦੀਸ਼ੁਦਾ ਡੋਰ ਦੀ ਵਰਤੋਂ ਵਿਰੁੱਧ ਜਾਗਰੂਕ ਵੀ ਕੀਤਾ ਗਿਆ।

ਕਾਰਜ ਸਾਧਕ ਅਫ਼ਸਰ ਨੇ ਦੱਸਿਆ ਕਿ ਪਟਿਆਲਾ ਪਿਹੋਵਾ ਰੋਡ 'ਤੇ ਜੇ.ਐਮ. ਟ੍ਰੇਡਰਜ ਤੋਂ 36 ਰੀਲਾਂ ਪਾਬੰਦੀਸ਼ੁਦਾ ਚਾਇਨਾ ਡੋਰ ਸਮੇਤ ਅਮਨਦੀਪ ਟ੍ਰੇਡਰਜ਼ ਤੋਂ 39 ਚੱਕਰੀਆਂ ਤੇ ਲੇਖਰਾਜ ਜਨਰਲ ਸਟੋਰ ਤੋਂ 12 ਚੱਕਰੀਆਂ ਪਾਬੰਦੀਸ਼ੁਦਾ ਡੋਰ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ



ਸਾਰੀ ਬਰਾਮਦਗੀ ਪੁਲਿਸ ਨੂੰ ਸੌਂਪ ਕੇ ਅਗਲੇਰੀ ਕਾਰਵਾਈ ਲਈ ਲਿਖ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਬੀ.ਐਨ.ਐਸ. ਦੀ ਧਾਰਾ 163 ਤਹਿਤ ਪਾਬੰਦੀ ਦੇ ਹੁਕਮ ਲਾਗੂ ਹਨ।

ਰਾਕੇਸ਼ ਅਰੋੜਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀ ਕੋਈ ਡੋਰ ਨਾ ਵਰਤਣ ਕਿਉਂਕਿ ਇਸ ਡੋਰ ਦੀ ਵਰਤੋਂ ਕਰਨ ਕਰਕੇ ਲੋਕਾਂ ਨਾਲ ਗੰਭੀਰ ਹਾਦਸੇ, ਮਾਸੂਮ ਪੰਛੀਆਂ ਅਤੇ ਜਾਨਵਰਾਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਇਹਨਾਂ ਹਾਦਸਿਆਂ ਤੇ ਘਟਨਾਵਾਂ ਨੂੰ ਰੋਕਣ ਲਈ ਪੰਜਾਬ ਪ੍ਰਦੂਸ਼ਣ ਬੋਰਡ ਨੇ ਨਿਰਦੇਸ਼ ਜਾਰੀ ਕਰਕੇ ਚਾਈਨਾ/ਨਾਈਲੋਨ/ਸਿੰਥੈਟਿਕ ਡੋਰ ਆਦਿ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾਈ ਹੈ।

ਕਾਰਜ ਸਾਧਕ ਅਫ਼ਸਰ ਨੇ ਦੱਸਿਆ ਕਿ ਨਾਈਲੋਨ, ਪਲਾਸਟਿਕ ਜਾਂ 'ਚਾਈਨਾ ਡੋਰ/ਮਾਂਝਾ' ਸਮੇਤ ਕਿਸੇ ਹੋਰ ਸਿੰਥੈਟਿਕ ਸਮੱਗਰੀ ਤੋਂ ਬਣੀ ਪਤੰਗ ਉਠਾਉਣ ਵਾਲੀ ਡੋਰ ਦੇ ਨਿਰਮਾਣ, ਵਿਕਰੀ, ਸਟੋਰੇਜ, ਖਰੀਦ, ਸਪਲਾਈ, ਦਰਾਮਦ ਅਤੇ ਵਰਤੋਂ 'ਤੇ ਪਾਬੰਦੀ ਦੇ ਨਾਲ-ਨਾਲ ਪਤੰਗ ਉਡਾਉਣ ਲਈ ਵਰਤੀ ਜਾਣ ਵਾਲੀ ਕੋਈ ਹੋਰ ਸਿੰਥੈਟਿਕ ਡੋਰ, ਜਿਸ 'ਤੇ ਨਾ ਗਲਣਸ਼ੀਲ ਸਿੰਥੈਟਿਕ ਪਦਾਰਥ ਦੀ ਪਰਤ ਹੋਵੇ, 'ਤੇ ਵੀ ਪੂਰਨ ਪਾਬੰਦੀ ਹੈ। ਇਸ ਲਈ ਲੋਕ ਇਸ ਨੂੰ ਨਾ ਵਰਤਣ ਅਤੇ ਜੇਕਰ ਕੋਈ ਵੇਚਦਾ ਹੈ ਤਾਂ ਉਸਦੀ ਵੀ ਸੂਚਨਾ ਦਿੱਤੀ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਪਤੰਗ ਉਡਾਉਣ ਦੀ ਇਜਾਜ਼ਤ ਸਿਰਫ਼ ਸੂਤੀ ਧਾਗੇ ਤੋਂ ਬਣੀ ਡੋਰ ਨਾਲ ਦੀ ਹੀ ਹੈ ਜੋ ਧਾਗੇ ਨੂੰ ਮਜ਼ਬੂਤੀ ਦੇਣ ਵਾਲੇ ਕਿਸੇ ਵੀ ਕੱਚ ਜਾਂ ਤਿੱਖੀ ਸਮੱਗਰੀ/ ਚਿਪਕਣ ਵਾਲੇ ਪਦਾਰਥ ਤੋਂ ਨਾ ਬਣੀ ਹੋਵੇ। ਉਨ੍ਹਾਂ ਕਿਹਾ ਕਿ ਉਲੰਘਣਾ ਕਰਨ ਵਾਲੇ ਵਿਅਕਤੀ ਵਿਰੁੱਧ ਵਾਤਾਵਰਣ (ਸੁਰੱਖਿਆ) ਐਕਟ, 1986 ਦੀ ਧਾਰਾ 5 ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ, ਉਕਤ ਐਕਟ ਦੀ ਧਾਰਾ 15 ਅਧੀਨ ਸਜ਼ਾਯੋਗ ਹੈ। ਜਿਸ ਵਿਚ 5 ਸਾਲ ਤੱਕ ਦੀ ਕੈਦ ਅਤੇ/ਜਾਂ 15 ਲੱਖ ਰੁਪਏ ਤੱਕ ਜੁਰਮਾਨਾ ਜਾਂ ਫਿਰ ਦੋਵੇਂ ਹੋ ਸਕਦੇ ਹਨ।

## ਐਸ ਐਸ ਪੀ ਬਠਿੰਡਾ ਅਮਨੀਤ ਕੌਂਡਲ ਵਲੋ ਵਧੀਆਂ ਸੇਵਾਵਾਂ ਦੇਣ ਬਦਲੇ ਐਸ. ਆਈ. ਮੋਹਨਦੀਪ ਨੂੰ ਕੀਤਾ ਗਿਆ ਸਨਮਾਨਿਤ

ਬਠਿੰਡਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਮਾਨਯੋਗ ਐਸ. ਐਸ.ਪੀ. ਬਠਿੰਡਾ ਅਮਨੀਤ ਕੌਂਡਲ ਵਲੋ ਐਸ.ਆਈ. ਮੋਹਨਦੀਪ ਸਿੰਘ ਬੰਗੀ ਚੌਂਕੀ ਇੰਚਾਰਜ ਗੋਨੇਆਣਾ ਮੰਡੀ ਨੂੰ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਕਰਕੇ ਬਠਿੰਡਾ ਵਿੱਖੇ ਰੱਖੀ ਗਈ ਪ੍ਰੇਡ ਦੌਰਾਨ ਸਨਮਾਨਿਤ ਕੀਤਾ ਗਿਆ, ਇਸ ਮੌਕੇ ਐਸ ਐਸ ਪੀ ਬਠਿੰਡਾ ਨੇ ਆਪਣੇ ਸੰਬੋਧਨ ਦੌਰਨ ਕਿਹਾ ਕਿ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨ ਵਾਲਿਆਂ ਨੂੰ ਪਹਿਲਾਂ ਵੀ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ ਅਤੇ ਆਉਣ ਵਾਲੇ ਸਮਿਆਂ ਵਿੱਚ ਵੀ ਕੀਤਾ ਜਾਂਦਾ ਰਹੇਗਾ।

ਉਹਨਾ ਨੇ ਸਨਮਾਨ ਪ੍ਰਾਪਤ ਕਰਨ ਵਾਲਿਆਂ ਨੂੰ ਬਹੁਤ ਬਹੁਤ ਵਧਾਈਆਂ ਦਿੱਤੀਆਂ।

## ਡਿਪਟੀ ਕਮਿਸ਼ਨਰ ਵੱਲੋਂ ਡਰਾਇਵਿੰਗ ਟਰੈਕ ਦਾ ਅਚਨਚੇਤ ਨਿਰੀਖਣ

# ਆਰ.ਟੀ.ਓ. ਨੂੰ ਨਿਰਦੇਸ਼, ਲੋਕਾਂ ਨੂੰ ਡਰਾਇਵਿੰਗ ਲਾਇਸੈਂਸ ਬਣਵਾਉਣ 'ਚ ਕੋਈ ਮੁਸ਼ਕਿਲ ਨਾ ਆਉਣ ਦਿੱਤੀ ਜਾਵੇ : ਡਾ. ਪ੍ਰੀਤੀ ਯਾਦਵ



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਡਰਾਇਵਿੰਗ ਟਰੈਕ ਦਾ ਜਾਇਜ਼ਾ ਲੈਂਦੇ ਹੋਏ। ਉਨ੍ਹਾਂ ਦੇ ਨਾਲ ਆਰ.ਟੀ.ਓ. ਨਮਨ ਮਾਰਕੰਨ ਵੀ ਨਜ਼ਰ ਆ ਰਹੇ ਹਨ।

ਪਟਿਆਲਾ, 4 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਅਚਨਚੇਤ ਇੱਥੇ ਨਾਭਾ ਰੋਡ 'ਤੇ ਸਥਿਤ ਡਰਾਇਵਿੰਗ ਟਰੈਕ ਦਾ ਨਿਰੀਖਣ ਕੀਤਾ। ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਇੱਥੇ ਆਪਣੇ ਲਾਇਸੈਂਸ ਬਣਵਾਉਣ ਤੇ ਡਰਾਇਵਿੰਗ ਟੈਸਟ ਦੇਣ ਆਏ ਆਮ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਤੋਂ ਫੀਡਬੈਕ ਵੀ ਹਾਸਲ ਕੀਤੀ।

ਡਾ. ਪ੍ਰੀਤੀ ਯਾਦਵ ਨੇ ਇਸ ਮੌਕੇ ਰੀਜ਼ਨਲ ਟਰਾਂਸਪੋਰਟ ਅਫ਼ਸਰ ਨਮਨ ਮਾਰਕੰਨ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਨੂੰ ਡਰਾਇਵਿੰਗ ਲਾਇਸੈਂਸ ਬਣਵਾਉਣ ਦੀਆਂ ਸੇਵਾਵਾਂ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਪ੍ਰਦਾਨ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਏਜੰਟਾਂ ਦੀ ਕੋਈ ਥਾਂ ਨਹੀਂ ਇਸ ਲਈ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਡਰਾਇਵਿੰਗ ਲਾਇਸੈਂਸ ਬਣਵਾਉਣ ਸਮੇਂ ਕੋਈ ਏਜੰਟ ਲੋਕਾਂ ਤੇ ਸਰਕਾਰੀ ਦਫ਼ਤਰਾਂ ਦੇ ਦਰਮਿਆਨ ਨਾ ਆਵੇ।

ਡਿਪਟੀ ਕਮਿਸ਼ਨਰ ਨੇ ਡਰਾਇਵਿੰਗ ਟਰੈਕ ਵਿਖੇ ਲੋਕਾਂ ਵੱਲੋਂ ਆਪਣੀ ਵਾਰੀ ਦੀ ਉਡੀਕ ਲਈ ਉਨ੍ਹਾਂ ਦੇ ਬੈਠਣ ਵਾਸਤੇ ਉਚਿਤ ਪ੍ਰਬੰਧ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਇਸ ਬਿਲਡਿੰਗ ਵਿੱਚ ਲੋਕਾਂ ਲਈ ਪੀਣ ਵਾਲੇ ਪਾਣੀ ਦੇ ਨਾਲ-ਨਾਲ ਬਾਥਰੂਮਜ ਤੇ ਆਲੇ-ਦੁਆਲੇ ਦੀ ਸਫ਼ਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਡਰਾਇਵਿੰਗ ਟਰੈਕ, ਕਿਉਂਕਿ ਲੋਕਾਂ ਦੇ ਡਰਾਇਵਿੰਗ ਲਾਇਸੈਂਸਾਂ ਲਈ ਟੈਸਟ ਦੇਣ ਦੀ ਜਗ੍ਹਾ ਹੈ, ਇਥੇ ਲੋਕਾਂ ਦੀ ਸਹੂਲਤ ਲਈ ਕੁਝ ਹੋਰ ਜ਼ਰੂਰੀ ਤੇ ਲੋੜੀਂਦੇ ਪ੍ਰਬੰਧ ਕਰਨ ਸਮੇਤ ਇਸ ਇਮਾਰਤ ਦੀ ਜ਼ਰੂਰੀ ਮੁਰੰਮਤ ਲਈ ਸਰਕਾਰ ਨੂੰ ਲਿਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਤਰਜੀਹ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਲੋਕਾਂ ਨੂੰ ਸਾਰੀਆਂ ਸਰਕਾਰੀ ਸੇਵਾਵਾਂ ਸਮਾਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਹਾਸਲ ਹੋਣ, ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਢਿਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਚਾਈਨਾ ਡੋਰ ਦਾ ਮੀਡੀਆ ਵਿੱਚ ਰੌਲਾ ਪੈਣ ਤੋਂ ਬਾਅਦ ਪੁਲਿਸ ਹੋਈ ਸਰਗਰਮ



ਚਮਕੌਰ ਸਾਹਿਬ 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚਾਈਨਾ ਡੋਰ ਵੇਚਣ ਵਾਲੇ ਤੇ ਕੀਤਾ ਪਰਚਾ ਦਰਜ ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਥਾਣੇਦਾਰ ਜਰਨੈਲ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਮਿਲੀ ਗੁਪਤ ਸੂਚਨਾ ਦੇ ਅਧਾਰ ਤੇ ਭੂਰੜੇ ਚੌਂਕ ਨੇੜੇ ਇੱਕ ਪਤੰਗਾਂ ਵਾਲੀ ਦੁਕਾਨ ਤੇ ਛਾਪਾ ਮਾਰਿਆ ਜਿੱਥੇ ਕਿ ਚਾਈਨਾ ਡੋਰ ਦੇ ਦੋ ਗੱਟੂ ਮਿਲੇ

ਤੇ ਪੁਲਿਸ ਨੇ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ, ਇਸ ਸਬੰਧੀ ਨਾਲ ਗਏ ਦੋ ਕੌਂਸਲਰ ਜਿਨਾਂ ਦੇ ਚਰਚੇ ਜਮਾਨਤ ਦੇਣ ਦੇ ਵੀ ਇੱਥੇ ਚੱਲ ਰਹੇ ਹਨ. ਉਹਨਾਂ ਵਿੱਚੋਂ ਇੱਕ ਕੌਂਸਲਰ ਨੇ ਦੱਸਿਆ ਕਿ ਮੈਂ ਕੋਈ ਜਮਾਨਤ ਨਹੀਂ ਦਿੱਤੀ ਮੈਂ ਤਾਂ ਪਹਿਲਾਂ ਹੀ ਚਾਈਨਾ ਡੋਰ ਵੇਚਣ ਵਾਲਿਆਂ ਦੇ ਖਿਲਾਫ ਸੋਸ਼ਲ ਮੀਡੀਆ ਤੇ ਵੀਡੀਓ ਪਾਈ ਹੈ. ਮੈਂ ਉਹਨਾ ਡੋਰ ਵੇਚਣ ਵਾਲਿਆਂ ਨੂੰ ਮੌਕੇ ਤੇ ਹੀ ਕਹਿ ਦਿੱਤਾ ਸੀ ਕਿ ਉਪਰੋਕਤ ਡੋਰ ਵੇਚਣ ਦਾ ਧੰਦਾ ਬੰਦ ਕਰ ਦੇਵੋ. ਜ਼ਿਕਰ ਯੋਗ ਹੈ ਕਿ ਇਸ ਤੋਂ ਪਹਿਲਾਂ ਲੱਗੀਆਂ ਖਬਰਾਂ ਦੇ ਵਿੱਚ ਉਪਰੋਕਤ ਸਬੰਧਤ ਜਗ੍ਹਾ ਤੋਂ ਇਲਾਵਾ ਹੋਰ ਕਈ ਥਾਵਾਂ ਤੇ ਚਾਈਨਾ ਡੋਰ ਵੇਚਣ ਦੇ ਚਰਚੇ ਦੱਸੇ ਗਏ ਸਨ. ਪ੍ਰੰਤੂ ਹਲੇ ਤੱਕ ਉਹਨਾਂ ਵੱਲ ਝਾਤੀ ਵੀ ਨਹੀਂ ਮਾਰੀ ਗਈ ਚਰਚਾ ਵਿੱਚ ਹੈ ਕੀ ਉਹਨਾਂ ਦੀ ਮਿਲੀ ਭੁਗਤ ਹੈ.?

ਉਧਰ ਇਸ ਸਬੰਧੀ ਡੀਐਸਪੀ ਮਨਜੀਤ ਸਿੰਘ ਔਲਖ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸਬੰਧਤ ਥਾਵਾਂ ਤੇ ਚੈਕਿੰਗ ਕੀਤੀ ਜਾ ਰਹੀ ਹੈ ਜਿੱਥੋਂ ਜਿੱਥੋਂ ਚਾਈਨਾ ਡੋਰ ਮਿਲਦੀ ਜਾਵੇਗੀ ਉਹਨਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ.

# ਨਗਰ ਪੰਚਾਇਤ ਘੱਗਾ ਦੇ ਪ੍ਰਧਾਨ ਮਿੱਠੂ ਸਿੰਘ ਦੀ ਤਾਜਪੋਸ਼ੀ ਮੌਕੇ ਸਮਾਗਮ ਕਰਵਾਇਆ



ਘੱਗਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਪੰਚਾਇਤ ਘੱਗਾ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਮਿੱਠੂ ਸਿੰਘ ਦਾ ਤਾਜਪੋਸ਼ੀ ਸਮਾਗਮ ਹਲਕਾ ਸ਼ੁਤਰਾਣਾ ਦੇ ਐਮ ਐਲ ਏ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਹੇਠ ਕਰਵਾਇਆ ਗਿਆ ?। ਇਸ ਮੌਕੇ ਕੁਲਵੰਤ ਸਿੰਘ ਬਾਜ਼ੀਗਰ ਨੇ ਨਵ ਨਿਯੁਕਤ ਪ੍ਰਧਾਨ ਮਿੱਠੂ ਸਿੰਘ ਨੂੰ ਜ਼ਿਮੇਵਾਰੀ ਸੌਂਪਦਿਆਂ ਕਸਬਾ ਘੱਗਾ ਦੇ ਵਿਕਾਸ ਕਾਰਜਾਂ ਲਈ ਸਰਕਾਰ ਪਾਸੋਂ ਵੱਧ ਤੋਂ ਵੱਧ ਗ੍ਰਾਂਟਾਂ ਦਿਵਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਕੀਤੇ ਵਾਅਦੇ ਅਨੁਸਾਰ 300 ਯੂਨਿਟ ਮੁਫ਼ਤ ਬਿਜਲੀ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦਿੱਤਾ ਹੈ ?। ਜਿਸ ਦੀ ਬਦੌਲਤ ਪੰਜਾਬ ਵਾਸੀਆਂ ਨੇ ਨਗਰ ਨਿਗਮਾਂ , ਨਗਰ ਕੌਂਸਲਾਂ, ਨਗਰ ਪੰਚਾਇਤਾਂ ਅਤੇ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾ ਕੇ ਮੋਢੀ ਬਣਾਇਆ ਹੈ। ਜਿਸ ਦੇ ਫਲਸਰੂਪ ਪੰਜਾਬ ਸਰਕਾਰ ਹੋਰ ਵੀ ਮਜ਼ਬੂਤ ਹੋਈ ਹੈ । ਇਸ ਮੌਕੇ ਨਵ ਨਿਯੁਕਤ ਪ੍ਰਧਾਨ ਮਿੱਠੂ ਸਿੰਘ, ਸੀਨੀਅਰ ਮੀਤ ਪ੍ਰਧਾਨ ਸ਼ਕਤੀ ਗੋਇਲ ਅਤੇ ਮੀਤ ਪ੍ਰਧਾਨ ਜਸਵੰਤ ਸਿੰਘ ਨੇ ਤਾਕੀਦ ਕੀਤੀ ਕਿ ਉਹ ਵੀ ਲੋਕਾਂ ਦੇ ਕੰਮ ਅਤੇ ਘੱਗਾ ਦੇ ਵਿਕਾਸ ਕਾਰਜ ਇਮਾਨਦਾਰੀ ਅਤੇ ਮਿਹਨਤ ਨਾਲ ਕਰਨਗੇ। ਇਸ ਮੌਕੇ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ, ਰਣਜੀਤ ਸਿੰਘ ਵਿਰਕ, ਲੱਕੀ ਸਿੱਧੂ, ਸ਼ਹਿਰੀ ਪ੍ਰਧਾਨ ਨੰਦ ਲਾਲ ਸ਼ਰਮਾ, ਰਾਜ ਖਾਨ, ਬੂਟਾ ਸਿੰਘ, ਮਦਨ ਲਾਲ ਗੋਇਲ ਸ਼ਹਿਰੀ ਪ੍ਰਧਾਨ ਪਾਤੜਾਂ, ਜਸਵੀਰ ਕੌਰ ਖੰਗੂੜਾ ਸਾਬਕਾ ਪ੍ਰਧਾਨ ਨਗਰ ਪੰਚਾਇਤ ਘੱਗਾ, ਪ੍ਰਿੰਸੀਪਲ ਸੁਖਜਿੰਦਰ ਕੌਰ, ਦਰਸ਼ਨ ਦਰਸੀ ,ਹਰਪਾਲ ਸਿੰਘ, ਕੁਲਦੀਪ ਕੌਰ, ਹਰਜੀਤ ਸਿੰਘ ਬਿੱਟੂ, ਗੁਰੀ ਘੱਗਾ, ਕੁਲਵਿੰਦਰ ਕੌਰ, ਤਰਵਿੰਦਰ ਸਿੰਘ, ਬਲਜੀਤ ਕੌਰ, ਹਰਮੇਲ ਸਿੰਘ, ਸੋਨੀ ਕੌਰ, ਹਰਪਾਲ ਕੌਰ ,ਚਮਨ ਲਾਲ, ਗੁਰਮੀਤ ਸਿੰਘ , ਮਨਜੀਤ ਸਿੰਘ, ਜਸਪਾਲ ਸਿੰਘ, ਅਮਨਦੀਪ ਕੌਰ , ਗੁਰਜੀਤ ਕੌਰ, ਬਿੱਟੂ ਮੈਣੀ, ਰਿੰਕੂ ਗਰਗ, ਸਤਗੁਰ ਸਿੰਘ ਸਰਪੰਚ ਧੂਹੜ , ਅਮਨ ਸਿੰਘ ਅਤੇ ਵਿੱਕੀ ਰਾਮ ਹਾਜ਼ਰ ਸਨ ।

## ਮੁੱਖ ਮੰਤਰੀ ਵੱਲੋਂ ਫਿਰੋਜ਼ਪੁਰ-ਫਾਜ਼ਿਲਕਾ ਸੜਕ 'ਤੇ ਵਾਪਰੇ ਦਰਦਨਾਕ ਸੜਕ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਫਿਰੋਜ਼ਪੁਰ-ਫਾਜ਼ਿਲਕਾ ਸੜਕ 'ਤੇ ਹੋਏ ਭਿਆਨਕ ਸੜਕ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ, ਜਿਸ ਵਿੱਚ 11 ਲੋਕਾਂ ਦੀ ਮੌਤ ਹੋ ਗਈ ਅਤੇ 15 ਜ਼ਖਮੀ ਹੋ ਗਏ ਹਨ।

ਇਸ ਦਰਦਨਾਕ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਨਾਲ ਆਪਣੀ ਦਿਲੀ ਹਮਦਰਦੀ ਸਾਂਝੀ ਕੀਤੀ ਅਤੇ ਉਨ੍ਹਾਂ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਦਾ ਬਲ ਬਖਸ਼ਣ ਅਤੇ ਵਿਛੜੀਆਂ ਰੂਹਾਂ ਦੀ ਆਤਮਕ ਸ਼ਾਂਤੀ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪ੍ਰਸ਼ਾਸਨ ਨਾਲ ਲਗਾਤਾਰ ਸੰਪਰਕ ਵਿੱਚ ਹਨ ਅਤੇ ਸਥਿਤੀ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰ ਰਹੇ ਹਨ।

# ਅੰਬੇਡਕਰ ਦੇ ਬੁੱਤ ਦੀ ਤੋੜਭੰਨ ਖਿਲਾਫ਼ ਐਸੀ ਸਮਾਜ ਸਨੌਰ ਵੱਲੋਂ ਰੋਸ ਮਾਰਚ



ਸਨੌਰ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਬੁੱਤ ਨਾਲ ਇੱਕ ਸ਼ਰਾਰਤੀ ਅਨਸਰ ਵੱਲੋਂ ਤੋੜ ਭੰਨ ਕੀਤੀ ਗਈ ਸੀ ।ਜਿਸ ਦੇ ਵਿਰੋਧ ਵਿੱਚ ਸਮੂਹ ਐਸੀ ਸਮਾਜ ਸਨੌਰ ਵੱਲੋਂ ਰੋਸ ਮਾਰਚ ਕੀਤਾ ਗਿਆ ।

ਇਹ ਰੋਸ ਮਾਰਚ ਬੱਸ ਸਟੈਂਡ ਸਨੌਰ ਤੋਂ ਸ਼ੁਰੂ ਹੋ ਕੇ ਬਾਜ਼ਾਰ ਵਿੱਚੋ ਹੁੰਦਾ ਹੋਇਆ ਬੋਲੜ ਚੌਂਕ ਵਿੱਚ ਜਾ ਕੇ ਸਮਾਪਤ ਹੋਇਆ ਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਨਾਮ ਇੱਕ ਮੰਗ ਪੱਤਰ ਭੇਜਿਆ ਗਿਆ ਅਤੇ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਇਸ ਵਿਅਕਤੀ ਦੇ ਖਿਲਾਫ ਐਨ ਐਸ ਏ ਲਗਾ ਕੇ ਦੇਸ਼ ਦਰੋਹ ਦਾ ਮੁਕਦਮਾ ਦਰਜ ਕਰਕੇ ਕਾਰਵਾਈ ਕੀਤੀ ਜਾਵੇ ।

ਇਸ ਮੌਕੇ ਤੇ ਪ੍ਰਧਾਨ ਨੰਦ ਲਾਲ ਟਾਂਕ ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਨਗਰ ਕੌਂਸਲ ਸਨੌਰ, ਵਿਕਾਸ ਅਟਵਾਲ ਐਮਸੀ ਵਾਰਡ ਨੰ2 ,ਚੌਧਰੀ ਹਰਜੀਤ ਕੁਮਾਰ ਟਾਂਕ ਭਾਰਤੀ ਵਾਲਮੀਕੀ ਧਰਮ ਸਮਾਜ ਵਾਲਮੀਕੀ ਧਰਮ ਸਮਾਜ ਸੈਂਟਰ ਬੋਡੀ ਮੈਂਬਰ ,ਸ਼ੌਕੀਨ ਸਿੰਘ ਐਮਸੀ ਵਾਰਡ ਨੰ 13 ,ਕਰਮਜੀਤ ਸਿੰਘ ਪ੍ਰਧਾਨ ਐਸਸੀ ਵਿੰਗ ਸਨੋਰ ,ਸਰਦਾਰ ਜਗਮੇਲ ਸਿੰਘ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ, ਦਰਸ਼ਨ ਸਿੰਘ ਪ੍ਰਧਾਨ ਰੋਕੀ ਅਟਵਾਲ, ਪ੍ਰਧਾਨ ਜੁਗਲ ਲਾਲ, ਪ੍ਰਧਾਨ ਰਕੇਸ਼ ਕੁਮਾਰ, ਬੱਬੂ ਸੈਕਟਰੀ ,ਵਿੱਕੀ ਅਟਵਾਲ ,ਜਸਵੀਰ ਸਿੰਘ ਨੈਨਾ ਨਰਿੰਦਰ ਪਾਲ ਹਸਨਪੁਰ ਗੁਰਜੀਤ ਸਿੰਘ ਸ਼ੰਕਰਪੁਰ ਵਿਸ਼ਾਲ ਕੁਮਾਰ ਕਰਨ ਕੁਮਾਰ ਸਰਦਾਰ ਕੁਲਦੀਪ ਸਿੰਘ ਗੋਲਡੀ ਪ੍ਰਧਾਨ ਨਰੇਸ਼ ਕੁਮਾਰ ਵਿਜੇ ਅਤੇ ਸਮੂਹ ਐਸਸੀ ਭਾਈਚਾਰੇ ਦੇ ਅਹੁਦੇਦਾਰ ਸਾਹਿਬਾਨ ਸ਼ਾਮਿਲ ਸੀ

## ਨਵ ਨਿਯੁਕਤ ਪ੍ਰਿੰਸੀਪਲ ਦਾ ਕਾਲਜ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ



ਧੂਰੀ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਨਵ ਨਿਯੁਕਤ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਦਾ ਕਾਲਜ ਵਿਦਿਆਰਥੀਆਂ ਨੇ ਬੁੱਕੇ ਦੇ ਕੇ ਨਿੱਘਾ ਸਵਾਗਤ ਕੀਤਾ ਅਤੇ ਨਾਲ ਹੀ ਵਿਦਿਆਰਥੀਆਂ ਨੇ ਕਾਲਜ ਪ੍ਰਿੰਸੀਪਲ ਨੂੰ ਭਰੋਸਾ ਦਵਾਇਆ ਕਿ ਕਾਲਜ ਦੀ ਬਿਹਤਰੀ ਲਈ ਸਮੂਹ ਵਿਦਿਆਰਥੀ ਉਨ੍ਹਾਂ ਦਾ ਹਰ ਸਮੇਂ ਸਾਥ ਦੇਣ ਲਈ ਤਿਆਰ ਹਨ।

ਕਾਲਜ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਾਲਜ ਨੂੰ ਤਰੱਕੀ ਵੱਲ ਲੈ ਕੇ ਜਾਣ ਲਈ ਮੌਜੂਦਾ ਤੇ ਸਾਬਕਾ ਵਿਦਿਆਰਥੀਆਂ ਦੇ ਸਹਿਯੋਗ ਦੀ ਭੂਮਿਕਾ ਮਹੱਤਵਪੂਰਨ ਸਥਾਨ ਰੱਖਦੀ ਹੈ। ਉਨ੍ਹਾਂ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਨੂੰ ਉੱਜਲ ਭਵਿੱਖ ਦਾ ਨਾਮ ਦਿੱਤਾ। ਇਸ ਸਮੇਂ ਸਮੂਹ ਸਟਾਫ਼ ਹਾਜ਼ਰ ਸੀ।

# ਪੀ.ਸੀ.ਐਸ ਪ੍ਰੀਖਿਆ ਦੀ ਮੁਫ਼ਤ ਕੋਚਿੰਗ ਦਾ ਸਕਰੀਨਿੰਗ ਟੈਸਟ 4 ਫਰਵਰੀ ਨੂੰ

ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਡਾ. ਪ੍ਰੀਤੀ ਯਾਦਵ ਦੀ ਰਹਿਨੁਮਾਈ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) -ਕਮ- ਸੀ.ਈ.ਓ ਅਨੁਪ੍ਰਿਤਾ ਜੌਹਲ ਦੀ ਅਗਵਾਈ ਹੇਠ ਪਟਿਆਲਾ ਜ਼ਿਲ੍ਹੇ ਦੇ ਨੌਜਵਾਨਾਂ ਲਈ ਮੁਫ਼ਤ ਕੋਚਿੰਗ ਪੀ.ਸੀ.ਐਸ. ਪ੍ਰੀਖਿਆ 2025 ਦਾ ਬੈਚ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਕੋਚਿੰਗ ਦਾ ਲਾਭ ਲੈਣ ਵਾਲੇ ਚਾਹਵਾਨ ਉਮੀਦਵਾਰ tinyurl.com/coachingpcs 2025 ਲਿੰਕ ਤੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਬੈਚ ਲਈ ਉਹੀ ਪ੍ਰਾਰਥੀ ਭਾਗ ਲੈ ਸਕਣਗੇ ਜਿਹੜੇ ਪਟਿਆਲਾ ਜ਼ਿਲ੍ਹੇ ਦੇ ਵਸਨੀਕ ਹੋਣ ਅਤੇ ਉਹਨਾਂ ਨੇ ਪੀ.ਸੀ.ਐਸ ਪ੍ਰੀਖਿਆ 2025 ਦਾ ਫਾਰਮ ਭਰਿਆ ਹੋਵੇ।

ਪੀ.ਸੀ.ਐਸ ਪ੍ਰੀਖਿਆ 2025 ਦੀ ਮੁਫ਼ਤ ਕੋਚਿੰਗ ਲੈਣ ਲਈ ਮਿਤੀ 4 ਫਰਵਰੀ 2025 ਸਵੇਰੇ 10.30 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਟਿਆਲਾ ਵਿਖੇ ਸਕਰੀਨਿੰਗ ਟੈੱਸਟ ਲਿਆ ਜਾਵੇਗਾ।

ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਦੇ ਹੈਲਪ ਲਾਈਨ ਨੰ. 9877610877 'ਤੇ ਜਾਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਟਿਆਲਾ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਜਸ਼ਨ ਇੰਟਰਟੇਨਮੈਂਟ ਨੇ ਮੇਅਰ ਕੁੰਦਨ ਗੋਗੀਆ ਨੂੰ ਕੀਤਾ ਸਨਮਾਨਿਤ



ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਜਸ਼ਨ ਇੰਟਰਟੇਨਮੈਂਟ ਵੱਲੋਂ ਹੋਟਲ ਗਰੀਨ ਪਟਿਆਲਾ ਵਿਖੇ ਬਿੱਟੂ ਰੰਧਾਵਾ ਦੀ ਸਰਪ੍ਰਸਤੀ ਹੇਠ ਪਟਿਆਲਾ ਦੇ ਨਵੇਂ ਚੁਣੇ ਗਏ ਮੇਅਰ ਸ੍ਰੀ ਕੁੰਦਨ ਗੋਗੀਆ ਜੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਇਸ ਮੌਕੇ ਤੇ ਉੱਘੇ ਗ੍ਰੀਨਮੈਨ ਸਮਾਜ ਸੇਵੀ ਸ੍ਰੀ ਭਗਵਾਨ ਦਾ ਜੁਨੇਜਾ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਕੁੰਦਨ ਗੋਗੀਆ ਜੀ ਨੇ ਕਿਹਾ ਕਿ ਪਟਿਆਲੇ ਵਿੱਚ ਵੱਧ ਤੋਂ ਵੱਧ ਵਿਕਾਸ ਕਾਰਜ ਕੀਤੇ ਜਾਣਗੇ ਅਤੇ ਕਿਸੇ ਵੀ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਜਿਸ ਵਿੱਚ ਜਸ ਧਨੋਆ ਪ੍ਰੋਡਿਊਸਰ, ਸੁਨੀਲ ਠਾਕੁਰ ਡਾਇਰੈਕਟਰ, ਸੂਰਮਾਨ ਸਿੰਗਰ, ਬਿੱਟੂ ਰੰਧਾਵਾ ਸੰਗੀਤਕਾਰ, ਨਿਕ ਮਿਊਜ਼ਿਕ ਗੀਤਕਾਰ, ਜਸਨ ਰੰਧਾਵਾ ਕਾਸਟਿੰਗ, ਪਾਰੁਲ, ਨਿਕ ਮਿਊਜ਼ਿਕ, ਅਸ਼ੋਕ ਕੁਮਾਰ, ਸ਼ਿਵਾਨੀ ਠਾਕੁਰ, ਸਾਗਰ ਰਾਠੌਰ, ਅਰਮਾਨ ਸਿੰਘ, ਵਿਜਨ ਟਰੀ, ਕੁਲਦੀਪ ਪ੍ਰੋਡਕਸ਼ਨ ਅਤੇ ਮਨੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਆਏ ਹੋਏ ਮਹਿਮਾਨਾਂ ਵੱਲੋਂ 'ਜੱਟ ਪਟਿਆਲੇ ਤੋਂ' ਪ੍ਰੋਡਕਸ਼ਨ ਦਾ ਪਹਿਲਾ ਗੀਤ ਰਿਲੀਜ਼ ਕੀਤਾ ਗਿਆ ਜੋ ਕਿ ਸਾਰਿਆਂ ਨੇ ਬਹੁਤ ਪਸੰਦ ਕੀਤਾ।

## ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵਲੋਂ ਸਿਵਲ ਸਰਜਨ ਜਗਪਾਲਇੰਦਰ ਸਿੰਘ ਸਨਮਾਨਿਤ



ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵਲੋਂ ਪਟਿਆਲਾ ਦੇ ਸਿਵਲ ਸਰਜਨ ਬਣਨ ਤੇ ਸ੍ਰੀ ਜਗਪਾਲਇੰਦਰ ਸਿੰਘ ਦਾ ਪਟਿਆਲਾ ਦੇ ਸਿਵਲ ਸਰਜਨ ਬਣਨ ਤੇ ਸਨਮਾਨਿਤ ਕੀਤਾ ਗਿਆ। ਸੋਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਗੋਇਲ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਅਤੇ ਸ੍. ਰਾਵਿੰਦਰ ਸਿੰਘ ਸਭਰਵਾਲ ਨੇ ਬੁੱਕਾ ਦੇ ਕੇ ਸਨਮਾਨਿਤ ਕੀਤਾ ਅਤੇ ਪਟਿਆਲਾ ਆਉਣ ਤੇ ਜੀ ਆਇਆ ਕਿਹਾ।

ਸਿਵਲ ਸਰਜਨ ਪਟਿਆਲਾ ਨੇ ਕਿਹਾ ਕਿ ਉਹ ਹਰ ਸਮੇਂ ਲੋਕਾਂ ਦੀ ਮਦਦ ਕਰਨਗੇ ਅਤੇ ਬੇਹਤਰ ਹੈਲਥ ਸੁਵਿਦਾ ਦਿਲਾਉਣਗੇ। ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਕਾਫੀ ਲੰਮੇ ਸਮੇਂ ਤੋਂ ਲੋਕ ਭਲਾਈ ਦੇ ਕੰਮ ਕਰ ਰਹੀ ਹੈ। ਅੱਖਾਂ ਦੇ ਕੈਂਪ, ਮੈਡੀਕਲ ਕੈਂਪ, ਖੂਨਦਾਨ ਕੈਂਪ, ਲਗਾਏ ਜਾਂਦੇ ਹਨ। ਇਸ ਅਵਸਰ ਤੇ ਡਾ. ਵਿਕਾਸ ਗੋਇਲ ਸੀਨੀਅਰ ਮੈਡੀਕਲ ਅਫਸਰ ਅਤੇ ਡਾ. ਅਸਰਫਜੀਤ ਸਿੰਘ ਚਾਹਲ ਸੀਨੀਅਰ ਮੈਡੀਕਲ ਅਫਸਰ ਵੀ ਹਾਜਰ ਸਨ।

# ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਦੇ ਸੱਦ ਬਿਜਲੀ ਬੋਰਡ ਨੂੰ ਨਿਜੀਕਰਨ ਵਿਰੁੱਧ ਰੋਸ ਰੈਲੀਆਂ




ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਦੇ ਸੱਦੇ ਤੇ ਸਬ ਡਵੀਜਨ ਅਤੇ ਡਵੀਜਨ ਪੱਧਰ ਤੇ ਚੰਡੀਗੜ੍ਹ (ਯੂ.ਟੀ.) ਬਿਜਲੀ ਬੋਰਡ ਨੂੰ ਨਿਜੀਕਰਨ ਦੇ ਵਿਰੁੱਧ ਰੋਸ ਰੈਲੀਆਂ ਕੀਤੀਆਂ ਗਈਆਂ। ਜਿਸ ਵਿੱਚ ਚੰਡੀਗੜ੍ਹ ਦੇ ਬਿਜਲੀ ਮੁਲਾਜਮਾਂ ਦੇ ਸਮਰਥਨ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦੇ ਮੈਨੇਜਮੈਂਟ ਵੱਲੋਂ ਮੁਲਾਜਮਾਂ ਦੀਆਂ ਲਾਈਆਂ ਡਿਊਟੀਆਂ ਲਾਗੂ ਨਾ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜ਼ੋ ਮੁਲਾਜਮ ਦੀਆਂ ਡਿਊਟੀਆਂ ਲਾਉਣ ਦੇ ਹੁਕਮ ਵਾਪਿਸ ਲਿਆ ਜਾਵੇ ਨਹੀਂ ਤਾਂ ਜਥੇਬੰਦੀਆਂ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।

ਜਿਸ ਦੀ ਜਿੰਮੇਵਾਰੀ ਬੋਰਡ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਹਨਾਂ ਰੈਲੀਆਂ ਵਿੱਚ ਸਰਕਲ ਪ੍ਰਧਾਨ ਹਰਜੀਤ ਸਿੰਘ, ਸਰਕਲ ਸਕੱਤਰ ਬਰੇਸ਼ ਕੁਮਾਰ, ਸਰਕਲ ਕਨਵੀਨਰ ਵਿਜੇ ਦੇਵ, ਸਾਬਕਾ ਪ੍ਰਧਾਨ ਜਤਿੰਦਰ ਸਿੰਘ ਚੱਢਾ, ਕੈਸ਼ੀਅਰ ਗੁਰਦੀਪ ਸਿੰਘ, ਇੰਦਰਜੀਤ ਸਿੰਘ ਸਹਾਇਕ ਸਕੱਤਰ, ਭਗਵਾਨ ਸਿੰਘ ਸਕੱਤਰ ਪੂਰਬ ਮੰਡਲ, ਕਰਮਜੀਤ ਸਿੰਘ ਪ੍ਰਧਾਨ ਸਬ ਅਰਬਨ ਮੰਡਲ ਨੇ ਸੰਬੋਧਨ ਕਰਦਿਆਂ ਬੋਰਡ ਦੀ ਮੈਨੇਜਮੈਂਟ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਕਰਮਚਾਰੀਆਂ ਦੀਆਂ ਲਾਈਆਂ ਡਿਊਟੀਆਂ ਰੱਦ ਕੀਤੀਆਂ ਜਾਣ ਅਤੇ ਬੋਰਡ ਦੇ ਨਿਗਮੀ ਕਰਨ ਤੇ ਨਿਜੀਕਰਨ ਦੀਆਂ ਨੀਤੀਆਂ ਰੱਦ ਕੀਤੀਆਂ ਜਾਣ।

ਟਰਮੀਨੇਟ ਕੀਤੇ ਸਾਥੀ ਬਹਾਲ ਕੀਤੇ ਜਾਣ, ਸੀ.ਐਚ.ਬੀ. ਕਾਮੇ ਰੈਗੂਲਰ ਕੀਤੇ ਜਾਣ।

## ਅਸੂਲ ਛਿੱਕੇ ਟੰਗ ਕੇ ਵੋਟਾਂ ਬਣਾਉਣ ਲਈ ਲੀਡਰ ਕਿਵੇਂ ਹਨ ਗੁਮਰਾਹ

ਚਮਕੌਰ ਸਾਹਿਬ 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

. ਬੀਤੇ ਦਿਨੀ ਸੱਤਾਧਾਰੀ ਪਾਰਟੀ ਦੇ ਇੱਕ ਆਗੂ ਨੇ ਇੱਕ ਪਾਬੰਦੀ ਸ਼ੁਦਾ ਚਾਈਨਾ ਡੋਰ ਵੇਚਣ ਵਾਲੇ ਦੀ ਜਮਾਨਤ ਵੀ ਦਿੱਤੀ. ਅਤੇ ਇੱਥੇ ਹੀ ਵੱਸ ਨਹੀਂ ਉਸ ਨੂੰ ਉਪਰੋਕਤ ਪਰਚੇ ਦੀ ਘਬਰਾਹਟ ਕਾਰਨ ਇੱਕ ਨਿਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਜਿੱਥੇ ਉਹਨਾਂ ਝੂਠੇ ਸਰਟੀਫਿਕੇਟ ਪ੍ਰਾਪਤ ਕਰਨ ਦੀ ਕੋਸ਼ਿਸ਼ ਵੀਂ ਕੀਤੀ ਦੱਸੀ ਜਾਂਦੀ ਹੈ. ਪਰੰਤੂ ਮੀਡੀਆ ਦੇ ਮਗਰ ਮਗਰ ਹੋਣ ਕਾਰਨ ਇਹ ਗੱਲ ਸਿਰੇ ਨਾ ਚੜ ਸਕੀ. ਫਿਰ ਵੀ ਵੱਡੇ ਅਧਿਕਾਰੀ ਤੇ ਜ਼ੋਰ ਪਾ ਕੇ. ਉਸ ਦੀ ਤੁਰੰਤ ਜਮਾਨਤ ਕਰਵਾ ਦਿੱਤੀ. ਇੰਜ ਹੀ ਜਦੋਂ ਚਿੱਟੇ ਦੇ ਕੇਸ ਵਿੱਚ ਬੀਤੇ ਦਿਨ ਪੁਲਿਸ ਨੇ ਛਾਪਾ ਮਾਰਿਆ ਤਾਂ ਸਬੰਧਤ ਦੋ ਔਰਤਾਂ ਨੇ ਲੜਦਿਆਂ ਇਸੇ ਕੌਂਸਲਰ ਦਾ ਨਾਮ ਲਿਆ ਜਦ ਕਿ ਉਧਰ ਇਹ ਕੌਂਸਲਰ ਸਮਾਜਿਕ ਬੁਰਾਈਆਂ ਵਿਰੁੱਧ ਲੜਨ ਦੀਆਂ ਸੋਹਾਂ ਖਾਂਦੇ ਫਿਰਦੇ ਹਨ. ਲੋਕਾਂ ਵਿੱਚ ਚਰਚਾ ਹੈ ਕੀ ਜੇਕਰ ਸਾਡੀਆਂ ਵੋਟਾਂ ਲੈ ਕੇ ਇਹਨਾਂ ਲੀਡਰਾਂ ਨੇ ਅਜਿਹੇ ਸਮਾਜ ਵਿਰੋਧੀ ਕੰਮ ਕਰਨੇ ਨੇ ਤਾਂ ਇਹਨਾਂ ਨੂੰ ਲੀਡਰ ਕਹਾਉਣ ਦਾ ਕੋਈ ਹੱਕ ਨਹੀਂ.

## ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਪੇਂਡੂ ਓਲੰਪਿਕ ਦਾ ਕੀਤਾ ਉਦਘਾਟਨ

# ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕ ਲਈ 75 ਲੱਖ ਰੁਪਏ ਦਾ ਬਜਟ ਰੱਖਿਆ, ਖੇਡਾਂ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ ਸਰਕਾਰ ਦੀ ਪ੍ਰਮੁੱਖ ਤਰਜੀਹ: ਸੌਂਦ



ਚੰਡੀਗੜ੍ਹ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਪ੍ਰਮੁੱਖ ਖੇਡ ਮੁਕਾਬਲਿਆਂ ਵਿੱਚੋਂ ਇੱਕ ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕ 2025 ਦਾ ਉਦਘਾਟਨ ਕਰਦਿਆਂ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਅੱਜ ਸਥਾਨਕ ਸਟੇਡੀਅਮ ਵਿਖੇ ਇਨ੍ਹਾਂ ਖੇਡਾਂ ਦਾ ਸ਼ਾਨਦਾਰ ਆਗਾਜ਼ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਪੰਜਾਬ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਤਾਂ ਜੋ ਪੰਜਾਬ ਨੂੰ ਦੇਸ਼ ਦੇਸ਼ ਦਾ ਮੋਹਰੀ ਸੂਬਾ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡਾਂ ਲਈ ਢੁੱਕਵਾਂ ਮਾਹੌਲ ਸਿਰਜਣ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ ਅਤੇ ਪੰਜਾਬ ਵਿੱਚ ਖੇਡਾਂ ਦੀ ਪੁਰਾਣੀ ਸ਼ਾਨ ਨੂੰ ਮੁੜ ਬਹਾਲ ਕਰਨਾ ਸਰਕਾਰ ਦੀ ਪ੍ਰਮੁੱਖ ਤਰਜੀਹ ਰਹੀ ਹੈ।

ਮੰਤਰੀ ਸੌਂਦ ਨੇ ਇਹ ਵੀ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਇਹ ਇਤਿਹਾਸਕ ਖੇਡਾਂ ਕਰਵਾਉਣ ਲਈ 75 ਲੱਖ ਰੁਪਏ ਦਾ ਬਜਟ ਰੱਖਿਆ ਹੈ, ਜਿਸ ਨਾਲ ਸੂਬੇ ਵਿੱਚ ਖੇਡਾਂ ਅਤੇ ਖਿਡਾਰੀਆਂ ਨੂੰ ਕਾਫ਼ੀ ਲਾਭ ਮਿਲੇਗਾ।

ਉਨ੍ਹਾਂ ਆਸ ਪ੍ਰਗਟਾਈ ਕਿ ਇਹ ਸਮਾਗਮ ਸੂਬੇ ਭਰ ਵਿੱਚ ਖੇਡ ਸੱਭਿਆਚਾਰ ਸਥਾਪਤ ਕਰਨ ਵਿੱਚ ਸਕਾਰਾਤਮਕ ਯੋਗਦਾਨ ਪਾਵੇਗਾ, ਜਿਸ ਨਾਲ ਸੂਬੇ ਦੇ ਹਰ ਕੋਨੇ ਤੋਂ ਪ੍ਰਤਿਭਾ ਉਭਰ ਕੇ ਸਾਹਮਣੇ ਆਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਵੱਲੋਂ ਓਲੰਪਿਕ ਅਤੇ ਹੋਰ ਕੌਮਾਂਤਰੀ ਮੁਕਾਬਲਿਆਂ ਵਿੱਚ ਤਗਮੇ ਹਾਸਲ ਕਰਨ ਵਾਲੇ ਐਥਲੀਟਾਂ ਨੂੰ ਦਿੱਤੇ ਜਾਂਦੇ ਨਕਦ ਇਨਾਮਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ।

ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਕਰਵਾਈਆਂ ਜਾ ਰਹੀਆਂ ÷ਖੇਡਾ ਵਤਨ ਪੰਜਾਬ ਦੀਆਂ÷ ਦੇ ਸਲਾਨਾ ਸਮਾਗਮ ਨੂੰ ਨੌਜਵਾਨਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਜਲਦ ਹੀ ਪ੍ਰਸਿੱਧ ਪੇਂਡੂ ਓਲੰਪਿਕ ਵਿੱਚ ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ।

# ਵਿਅਕਤੀਗਤ ਅਤੇ ਤਨਖਾਹਧਾਰਕਾਂ ਲਈ ਟੈਕਸ ਦਰ, ਚਾਰਜਸ ਤੇ ਸੈਸ ਸਮੇਤ ਵੱਧ ਤੋਂ ਵੱਧ 30% ਤੱਕ ਰੱਖੀ ਜਾਵੇ : ਡਾ. ਸੀ.ਏ. ਪਰਦੀਪ ਗੋਇਲ ਅਤੇ ਐਡਵੋਕੇਟ ਦੀਪੀਕਾ ਪਰਦੀਪ ਗੋਇਲ

**ਬਰਨਾਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

4 ਫਰਵਰੀ 2025 ਨੂੰ ਕੇਂਦਰ ਸਰਕਾਰ ਦੁਆਰਾ ਪੇਸ਼ ਹੋਣ ਜਾ ਰਹੇ ਬਜ਼ਟ ਦੇ ਸਬੰਧੀ ਟੈਕਸ ਲਾਅਰ ਆਪਣੀ ਕੀ ਸੋਚ ਰੱਖਦੇ ਹਨ, ਜਾਂ ਉਹ ਆਮ ਕਰਦਾਤਾਵਾਂ ਲਈ ਸਰਕਾਰ ਤੋਂ ਕੀ ਚਾਹੁੰਦੇ ਹਨ, ਇਸ ਸਬੰਧੀ ਸਾਡੀ ਟੀਮ ਵੱਲੋਂ ਬਰਨਾਲਾ ਸ਼ਹਿਰ ਦੇ ਮੰਨੇ-ਪ੍ਰਮੰਨੇ ਟੈਕਸ ਲਾਅਰ ਅਤੇ ਐਸ.ਜੀ.ਪੀ.ਸੀ.ਸ੍ਰੀ ਅੰਮ੍ਰਿਤਸਰ ਦੇ ਲੀਗਲ ਅਡਵਾਇਜ਼ਰ (ਟੈਕਸੇਸ਼ਨ) ਡਾ. ਸੀ.ਏ. ਪਰਦੀਪ ਗੋਇਲ (ਐਮ.ਕੌਮ., ਐਫ.ਸੀ.ਏ., ਐਲ.ਐਲ.ਐਮ.(ਗੋਲਡ ਮੈਡਲਿਸਟ), ਪੀ.ਐਚ.ਡੀ. ਲਾਅ) ਅਤੇ ਉਹਨਾਂ ਦੇ ਧਰਮਪਤਨੀ ਐਡਵੋਕੇਟ ਦੀਪੀਕਾ ਪਰਦੀਪ ਗੋਇਲ (ਐਮ.ਏ., ਐਮ.ਫਿਲ.(ਇੰਗ.), ਐਲ.ਐਲ.ਬੀ.) ਨਾਲ ਅੱਜ ਉਹਨਾਂ ਦੇ ਦਫਤਰ ਵਿਖੇ ਜਾਕੇ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਜਿਸ ਵਿੱਚ ਉਹਨਾਂ ਨੇ ਬਜਟ ਸਬੰਧੀ ਬਹੁਤ ਅਹਿਮ ਜਾਣਕਾਰੀ ਦਿੱਤੀ ਅਤੇ ਕਰਦਾਤਾਵਾਂ ਲਈ ਮੰਗਾਂ ਸਬੰਧੀ ਖੁੱਲਕੇ ਚਰਚਾ ਕੀਤੀ।

ਹਿੰਦੋਸਤਾਨ ਵਿੱਚ ਪਹਿਲਾ ਇਨਕਮ ਟੈਕਸ ਐਕਟ ਅਜ਼ਾਦੀ ਤੋਂ ਪਹਿਲਾ ਸੰਨ 1922 'ਚ ਬਣਿਆ ਅਤੇ ਫਿਰ ਅਜ਼ਾਦੀ ਤੋਂ ਬਾਅਦ ਸੰਨ 1961 ਵਿੱਚ ਬਣਿਆ। ਉਸਤੋਂ ਬਾਅਦ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਸਾਲ ਦਰ ਸਾਲ ਇਸ ਵਿੱਚ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ, ਪਰ ਸੋਧਾਂ ਤੋਂ ਬਾਅਦ ਵੀ ਇਹ ਸਰਲ ਬਣਨ ਦੀ ਜਗ੍ਹਾਂ, ਹੋਰ ਵੀ ਵੱਧ ਗੁੰਝਲਦਾਰ ਬਣਦਾ ਗਿਆ। ਸ੍ਰੀ ਗੋਇਲ ਨੇ ਕਿਹਾ ਕਿ ਮਾਣਯੋਗ ਫਾਈਨਾਂਸ ਮਨਿਸਟਰ ਸ੍ਰੀਮਤੀ ਨਿਰਮਲਾ ਸੀਤਾਰਮਨ ਦੁਆਰਾ ਕਿਹਾ ਜਾ ਰਿਹਾ ਹੈ ਕਿ, ਇਸ ਵਾਰ ਦਾ ਬਜਟ ਹੁਣ ਤੱਕ ਦੇ ਪੇਸ਼ ਹੋਏ ਸਾਰੇ ਬਜ਼ਟਸ ਨਾਲੋਂ ਵੱਖਰਾ ਹੋਵੇਗਾ, ਕਿਉਂਕਿ ਉਹਨਾਂ ਦੁਆਰਾ ਇਸ ਨੂੰ ਸਰਲ ਬਣਾਇਆ ਜਾ ਰਿਹਾ ਹੈ। ਇਸ ਲਈ ਇਹ ਵੀ ਹੋ ਸਕਦਾ ਹੈ ਇਸ ਬਜ਼ਟ ਦਾ ਨਾਮ ਡਾਇਰੈਕਟ ਟੈਕਸ ਰੱਖਿਆ ਜਾਵੇ।

ਅੱਗੇ ਉਹਨਾਂ ਨੇ ਕਿਹਾ ਕਿ ਪੁਰਾਣੀ ਟੈਕਸ ਪ੍ਰਣਾਲੀ ਅਧੀਨ 80ਸੀ ਵਿੱਚ ਡੇਢ ਲੱਖ ਰੁ. ਇਨਵੈਸਟ ਕਰਨ ਤੇ ਟੈਕਸ ਕਟੌਤੀ 'ਚ ਛੋਟ, ਅਪਾਹਿਜ਼ਾਂ ਨੂੰ 80ਯੂ ਵਿੱਚ ਇੱਕ ਲੱਖ ਪੰਜੀ ਹਜਾਰ ਰੁ. ਦੀ ਟੈਕਸ ਕਟੌਤੀ 'ਚ ਛੋਟ, ਜਾਂ ਫਿਰ ਮੈਡੀਕਲ ਖਰਚ ਜਾਂ ਮੈਡੀਕਲ ਇੰਸ਼ੋਰੈਂਸ ਤੇ ਵੀ ਪੰਜਾਹ ਹਜਾਰ ਰੁ. ਟੈਕਸ ਕਟੌਤੀ 'ਚ ਛੋਟ, ਤਨਖਾਹ 'ਚ, ਹਾਊਸ ਅਲਾਉਂਸ ਆਦਿ ਚ ਕਾਫੀ ਕਟੌਤੀ 'ਚ ਛੋਟ ਮਿਲ ਜਾਂਦੀ ਸੀ। ਪਰ ਸਰਕਾਰ ਦੀ ਨਵੀਂ ਟੈਕਸ ਪ੍ਰਣਾਲੀ ਅਧੀਨ ਟੈਕਸ ਕਟੌਤੀ 'ਚ ਮਿਲ ਰਹੀ ਛੋਟ ਦੀ ਦਰ ਨੂੰ ਵਧਾਉਂਦੇ ਹੋਏ ਸੱਤ ਲੱਖ ਰੁ. ਤੱਕ ਕਰ ਦਿੱਤਾ। ਪਰ ਹੋਰ ਕਿਸੇ ਵੀ ਪ੍ਰਕਾਰ ਦੀ ਛੋਟ ਦੇਣਾ ਬੰਦ ਕਰ ਦਿੱਤਾ ਗਿਆ।

ਉਹਨਾਂ ਦੱਸਿਆ ਕਿ ਨਾਨ-ਕਾਰਪੋਰੇਟ ਕਰਦਾਤਾ ਜਾਂ ਫਿਰ ਨਾਨ-ਕਾਰਪੋਰੇਟ ਬਾਡੀਜ਼ ਜਾਂ ਲੋਕਲ ਅਥਾਰਟੀਜ਼ ਜਿਵੇਂ ਕਿ ਨਗਰ-ਪਾਲਿਕਾ ਜਾਂ ਫਿਰ ਪਾਰਟਨਰਸ਼ਿਪ ਫਰਮਾਂ ਉਪਰ ਸਭ ਤੋਂ ਵੱਧ ਟੈਕਸ ਦਰ 30% ਦੀ ਹੈ, ਜਿਸਤੋਂ ਬਿਨ੍ਹਾਂ ਚਾਰਜਸ ਅਤੇ ਸੈਸ ਲੱਗਣ ਤੋਂ ਬਾਅਦ ਇਹ ਦਰ 35% ਤੱਕ ਪਹੁੰਚ ਜਾਂਦੀ ਹੈ। ਜਦਕਿ ਕੰਪਨੀਜ਼ ਵਿੱਚ ਟੈਕਸ ਦਰ 22% ਅਤੇ ਨਵੀਆਂ ਕੰਪਨੀਜ਼ ਲਈ ਟੈਕਸ ਦਰ 15% ਕਰ ਦਿੱਤੀ ਗਈ ਹੈ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਨਾਨ-ਕਾਰਪੋਰੇਟ ਕਰਦਾਤਾਵਾਂ ਲਈ 35% ਦੀ ਦਰ ਨੂੰ ਘਟਾਕੇ 25% (ਸਮੇਤ ਚਾਰਜਸ ਅਤੇ ਸੈਸ) ਤੱਕ ਲੈ ਕੇ ਆਇਆ ਜਾਵੇ। ਇਸੇ ਤਰ੍ਹਾਂ ਵਿਅਕਤੀਗਤ ਅਤੇ ਤਨਖਾਹ ਧਾਰਕਾਂ ਲਈ ਵੀ ਟੈਕਸ ਦਰ ਚਾਰਜਸ ਅਤੇ ਸੈਸ ਮਿਲਾਕੇ ਵੱਧ ਤੋਂ ਵੱਧ 30% ਤੱਕ ਰੱਖੀ ਜਾਵੇ।

ਅਗਲੀ ਮੰਗ ਉਹਨਾਂ ਕਿਹਾ ਕਿ



ਹਾਊਸ ਲੋਨ ਵਿੱਚ ਵੱਧ ਤੋਂ ਵੱਧ ਦੋ ਲੱਖ ਰੁ. ਤੱਕ ਵਿਆਜ ਦੀ ਛੋਟ ਦੀ ਇਜਾਜਤ ਹੈ। ਪਹਿਲਾ ਜਮੀਨ ਦੀ ਖਰੀਦ ਅਤੇ ਉਸਾਰੀ ਸਸਤੀ ਸੀ, ਪਰ ਹੁਣ ਜਮੀਨ ਦੇ ਰੇਟਾਂ ਦੇ ਨਾਲ-ਨਾਲ ਉਸਾਰੀ ਵੀ ਬਹੁਤ ਮਹਿੰਗੀ ਹੋ ਗਈ ਹੈ। ਅਗਰ ਅੱਜ ਦੇ ਸਮੇਂ ਵਿੱਚ ਕੋਈ ਵੀ ਵਿਅਕਤੀ ਉਸਾਰੀ ਲਈ ਪੰਜਾਹ ਲੱਖ ਰੁ. ਦਾ ਲੋਨ ਲੈਂਦਾ ਹੈ ਤਾਂ 10-11% ਦੀ ਦਰ ਦੇ ਹਿਸਾਬ ਨਾਲ, ਉਸ ਉਪਰ ਪੰਜ ਲੱਖ ਰੁ. ਤੱਕ ਦਾ ਵਿਆਜ ਬਣ ਜਾਦਾ ਹੈ। ਸੋ, ਦੋ ਲੱਖ ਰੁ. ਤੱਕ ਵਿਆਜ ਛੋਟ ਦੀ ਇਜਾਜਤ ਬਹੁਤ ਪੁਰਾਣੀ ਹੈ। ਇਸ ਲਈ ਇਸਨੂੰ ਵਧਾਕੇ ਮੈਟਰੋ ਸ਼ਹਿਰਾਂ ਲਈ ਘੱਟੋ-ਘੱਟ ਦਸ ਲੱਖ ਤੱਕ ਅਤੇ ਛੋਟੇ ਸ਼ਹਿਰਾਂ ਲਈ ਘੱਟੋ-ਘੱਟ ਪੰਜ ਲੱਖ ਤੱਕ ਕੀਤਾ ਜਾਵੇ। ਅਜਿਹਾ ਕਰਨ ਨਾਲ ਸਭ ਤੋਂ ਵੱਡਾ ਫਾਇਦਾ ਇਹ ਹੋਵੇਗਾ ਕਿ ਵਪਾਰ ਜਾਂ ਤਨਖਾਹ 'ਚੋ ਹੋਣ ਵਾਲੀ ਆਮਦਨ ਵਿੱਚੋ ਪੰਜ ਲੱਖ ਵਿਆਜ ਦਾ ਹੋਣ ਵਾਲਾ ਘਾਟਾ, ਐਡਜੈਂਸਟ ਹੋ ਜਾਵੇਗਾ।

ਪੁਰਾਣੀ ਟੈਕਸ ਪ੍ਰਣਾਲੀ ਅਧੀਨ ਅਪਾਹਿਜ਼ ਵਿਅਕਤੀਆਂ ਨੂੰ 80ਯੂ ਤਹਿਤ ਇੱਕ ਲੱਖ ਪੰਜੀ ਹਜਾਰ ਰੁ. ਦੀ ਟੈਕਸ ਕਟੌਤੀ 'ਚ ਛੋਟ ਮਿਲਦੀ ਸੀ, ਪਰ ਨਵੀ ਟੈਕਸ ਪ੍ਰਣਾਲੀ ਸਕੀਮ ਅਧੀਨ ਇਸ ਛੋਟ ਨੂੰ ਖਤਮ ਕਰ ਦਿੱਤਾ ਗਿਆ ਹੈ। ਜਦਕਿ ਅੱਜ ਦੇ ਸਮੇਂ ਵਿੱਚ ਇੱਕ ਅਪਾਹਿਜ ਵਿਅਕਤੀ ਨੂੰ ਨਵੀ ਤਕਨੀਕ ਦੇ ਸਾਧਨਾ ਨੂੰ ਵਰਤਣ ਲਈ ਉਚ ਸਾਧਨਾ ਅਤੇ ਇੱਕ ਅਸਿਸਟੈਂਟ ਦੀ ਲੋੜ ਪੈਂਦੀ ਹੈ। ਜਿਸ ਕਾਰਨ ਉਹਨਾ ਦਾ ਰੋਜ਼ਮਰਾ ਦਾ ਖਰਚਾ ਵਧ ਗਿਆ ਹੈ। ਸੋ, ਸਰਕਾਰ ਵੱਲੋ ਨਵੀ ਟੈਕਸ ਪ੍ਰਣਾਲੀ ਅਧੀਨ ਖਤਮ ਕੀਤੀ ਗਈ 80ਯੂ ਟੈਕਸ ਕਟੌਤੀ ਦੀ ਛੋਟ ਨੂੰ ਮੁੜ ਲਾਗੂ ਕੀਤਾ ਜਾਵੇ ਨਾਲ ਜੀ 40-80% ਤੱਕ ਅਪਾਹਿਜ ਵਿਅਕਤੀ ਲਈ ਛੋਟ ਦੀ ਸੀਮਾ ਨੂੰ ਢਾਈ ਲੱਖ ਤੇ 80% ਤੋਂ ਉਪਰ ਅਪਾਹਿਜ ਵਿਅਕਤੀਆਂ ਲਈ ਪੰਜ ਲ਼ੱਖ ਤੋਂ ਉਪਰ ਦੀ ਛੋਟ ਮਿਲਣੀ ਚਾਹੀਦੀ ਹੈ। ਅਗਲੀ ਮੰਗ ਅਧੀਨ ਉਹਨਾਂ ਕਿਹਾ ਕਿ ਸਰਕਾਰ ਵੱਲੋ ਸਾਲ 2020 'ਚ ਫੇਸ-ਲੈਸ ਅਸੈਸਮੈਂਟ ਪ੍ਰਣਾਲੀ ਲਾਗੂ ਕੀਤੀ ਗਈ ਸੀ। ਜਿਸ ਤਹਿਤ ਕਿਸੇ ਵੀ ਕਰਦਾਤਾ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸਦਾ ਕੇਸ ਕਿਥੇ ਜਾਂ ਕਿਸ ਅਥਾਰਟੀ ਕੋਲ ਲੱਗਾ ਹੈ। ਸਾਲ 2020 'ਚ ਹੀ ਸੀ.ਆਈ.ਟੀ. ਅਪੀਲ ਵੀ ਫੇਸ-ਲੈਸ ਹੋ ਗਈ। ਇਸ ਨਾਲ ਭ੍ਰਿਸ਼ਟਾਚਾਰ ਵਿੱਚ ਕਮੀ ਆਈ, ਹਰ ਕੇਸ ਦਾ ਇਮਾਨਦਾਰੀ ਨਾਲ ਹੱਲ ਹੋ ਰਿਹਾ ਹੈ। ਪਰ ਇਥੇ ਸਮੱਸਿਆ ਇਹ ਆਈ ਹੈ ਕਿ ਟੈਕਸ ਅਸੈਸਮੈਂਟ ਵਿੱਚ ਤਾਂ ਸਮਾਂ ਸੀਮਾਂ ਲਾਗੂ ਹੈ, ਪਰ ਸੀ.ਆਈ.ਟੀ. ਅਪੀਲ ਨੂੰ ਹੱਲ ਕਰਨ ਦੀ ਕੋਈ ਸਮਾਂ ਸੀਮਾਂ ਨਹੀ ਹੈ, ਜਿਸ ਕਾਰਨ ਕਰਦਾਤਾ ਦਾ ਕੇਸ ਲਟਕਦਾ ਰਹਿੰਦਾ ਹੈ ਅਤੇ ਕਰਦਾਤਾਂ ਤੇ ਟੈਕਸ, ਵਿਆਜ ਅਤੇ ਪਲੈਨਟੀ ਦੀ ਤਲਵਾਰ ਲਟਕਦੀ ਰਹਿੰਦੀ ਹੈ। ਇਥੇ ਇਹ ਵੀ ਵਿਸ਼ੇਸ਼ ਜਿਕਰਯੋਗ ਹੈ ਕਿ ਸਾਲ 2019 ਤੋਂ ਲੈਕੇ ਸਾਲ 2025 ਤੱਕ ਦੀਆਂ ਅਪੀਲਾ ਅਜੇ ਤੱਕ ਪੈਂਡਿੰਗ ਪਈਆਂ ਹਨ। ਇਸ ਲਈ ਉਹਨਾਂ ਸਰਕਾਰ ਨੂੰ ਮੰਗ ਕੀਤੀ ਕਿ ਜਿਸ ਤਰ੍ਹਾਂ ਅਸੈਸਮੈਂਟ ਦੀ ਸਮਾਂ ਸੀਮਾ ਨਿਸਚਿਤ ਹੈ, ਉਸੇ ਤਰ੍ਹਾ ਹੀ ਸੀ.ਆਈ.ਟੀ. ਅਪੀਲ ਨੂੰ ਹੱਲ ਕਰਨ ਲਈ ਇੱਕ ਸਾਲ ਜਾਂ ਡੇਢ ਸਾਲ ਦੀ ਸਮਾਂ ਨਿਸਚਿਤ ਕੀਤਾ ਜਾਣਾ ਚਾਹੀਦਾ ਹੈ।

ਮਹੱਤਵਪੂਰਨ ਮੰਗ ਉਹਨਾਂ ਨੇ ਲਘੂ ਉਦਯੋਗਪਤੀਆਂ ਲਈ ਕੀਤੀ, ਜਿਸ ਤਹਿਤ ਉਹਨਾਂ ਦੱਸਿਆ ਕਿ ਲਘੂ ਉਦਯੋਗਪਤੀ ਦੋ ਕਰੋੜ ਤੱਕ ਸੇਲ ਬਿਨਾ ਕਿਤਾਬਾ ਬਣਾਏ ਅਤੇ ਬਿਨਾ ਆਡਿਟ ਕਰਵਾਏ ਕਰ ਸਕਦੇ ਹਨ। ਪਰੰਤੂ ਐਮ.ਐਸ.ਐਮ.ਈ. ਐਕਟ ਅਧੀਨ ਲਘੂ ਉਦਯੋਗ ਦੀ ਲਿਮਟ ਪੰਜ ਕਰੋੜ ਤੱਕ ਦੀ ਹੈ ਅਤੇ ਇਨਕਮ ਟੈਕਸ ਦੇ ਸੈਕਸ਼ਨ 44ਏ.ਡੀ. ਤਹਿਤ ਲਿਮਟ ਦੋ ਕਰੋੜ ਤੱਕ ਦੀ ਹੈ। ਸੋ, ਇਸਨੂੰ ਵੀ ਬਦਲਕੇ ਪੰਜ ਕਰੋੜ ਕਰ ਦਿੱਤਾ ਜਾਵੇ ਤਾਂ ਕਿ ਐਮ.ਐਸ.ਐਮ.ਈ. ਐਕਟ ਅਤੇ ਇਨਕਮ ਟੈਕਸ ਦੇ ਸੈਕਸਨ ਵਿੱਚ ਸੇਲ ਦੀ ਇਹ ਸੀਮਾ ਬਰਾਬਰ ਹੋ ਜਾਵੇ।

ਅਗਲੀ ਮੰਗ ਅਧੀਨ ਉਹਨਾ ਕਿਹਾ ਕਿ ਇਨਕਮ ਟੈਕਸ ਦੇ ਸੈਕਸ਼ਨ 43ਬੀ.ਐਚ. ਅਧੀਨ ਅਗਰ ਤੁਸੀਂ ਕੋਈ ਵੀ ਸਮਾਨ ਕਿਸੇ ਐਮ.ਐਸ.ਐਮ.ਈ. ਲਘੂ-ਉਦਯੋਗੀ ਤੋਂ ਖਰੀਦ ਦੇ ਹੋ ਤਾਂ ਉਸਦੀ ਅਦਾਇਗੀ 15 ਦਿਨ ਜਾਂ ਫਿਰ 45 ਦਿਨ ਦੇ ਅੰਦਰ-ਅੰਦਰ ਕਰਨੀ ਬਣਦੀ ਹੈ। ਪਰ ਇਥੇ ਸਮੱਸਿਆ ਇਹ ਆਉਦੀ ਹੈ ਕਿ ਅਗਰ ਖਰੀਦਕਰਤਾ ਵੀ ਲਘੂ-ਉਦਯੋਗੀ ਹੈ ਤਾਂ ਉਸ ਲਈ 15 ਜਾਂ 45 ਦਿਨ ਵਿੱਚ ਅਦਾਇਗੀ ਕਰਨਾ ਮੁਸਕਿਲ ਹੋ ਜਾਦਾ ਹੈ। ਇਸ ਦੇ ਹੱਲ ਲਈ ਅਗਰ ਖਰੀਦਕਰਤਾ ਅਤੇ ਵੇਚਕਰਤਾ ਦੋਨੋ ਹੀ ਲਘੂ-ਉਦਯੋਗੀ ਹਨ ਤਾਂ ਉਹਨਾਂ ਲਈ 15 ਜਾਂ 45 ਦਿਨ ਵਾਲੀ ਸ਼ਰਤ ਖਤਮ ਕਰ ਦਿੱਤੀ ਜਾਵੇ ਜਾਂ ਫਿਰ ਇਸਨੂੰ ਇਨਕਮ ਟੈਕਸ ਭਰਨ ਦੀ ਤਾਰੀਖ ਜੋ ਕਿ 31 ਜੁਲਾਈ ਜਾਂ ਆਡਿਟ ਕੇਸਾ ਲਈ 31 ਅਕਤੂਬਰ ਤੱਕ ਹੁੰਦੀ ਹੈ, ਤੱਕ ਕਰ ਦੇਣਾ ਚਾਹੀਦਾ ਹੈ।

ਅੰਤ ਵਿੱਚ ਉਹਨਾਂ ਨੇ ਪੂੰਜੀ ਲਾਭ (ਕੈਪੀਟਲ ਗੇਨ) ਬਾਰੇ ਕਿਹਾ ਕਿ ਅਗਰ ਕੋਈ ਕਰਦਾਤਾ ਆਪਣੀ ਲੈਂਡ/ ਬਿਲਡਿੰਗ ਪ੍ਰਾਪਰਟੀ ਵੇਚਦਾ ਹੈ ਤਾਂ ਉਸਨੂੰ ਤਕਰੀਬਨ 22-23% ਟੈਕਸ ਭਰਨਾ ਪੈਂਦਾ ਸੀ, ਜੋ ਹੁਣ ਘਟਕੇ 12.5% ਰਹਿ ਗਿਆ ਹੈ। ਪਰ ਉਸ ਟੈਕਸ ਨੂੰ ਬਚਾਉਣ ਲਈ ਪ੍ਰਾਪਰਟੀ ਵੇਚਣ ਦੇ ਛੇ ਮਹੀਨੇ ਦੇ ਅੰਦਰ-ਅੰਦਰ ਸੈਕਸਨ 54ਈ.ਸੀ. ਅਧੀਨ ਕੈਪੀਟਲ ਬੋਂਡ ਲੈਣੇ ਪੈਂਦੇ ਸਨ। ਜਿਸ ਤਹਿਤ ਕੈਪੀਟਲ ਬੋਂਡ ਪੰਜਾਹ ਲੱਖ ਤੋਂ ਵੱਧ ਦੇ ਨਹੀਂ ਲੈ ਸਕਦੇ। ਪਰ ਹੁਣ ਪ੍ਰਾਪਰਟੀ ਦੇ ਰੇਟ ਅਤੇ ਕਲੈਕਟਰ ਰੇਟ ਵੱਧ ਗਏ ਹਨ, ਜਿਸ ਕਾਰਨ ਸੇਲ ਕੀਮਤ ਵੀ ਵਧ ਗਈ ਹੈ, ਸੋ, ਹੁਣ ਕੈਪੀਟਲ ਬੋਂਡ ਦੀ ਸੀਮਾ ਨੂੰ ਪੰਜਾਹ ਲੱਖ ਤੋਂ ਵਧਾਕੇ ਦੋ ਕਰੋੜ ਤੱਕ ਕੀਤਾ ਜਾਵੇ।

ਇਸ ਤਰ੍ਹਾਂ ਡਾ. ਸੀ.ਏ. ਪਰਦੀਪ ਗੋਇਲ ਅਤੇ ਐਡਵੋਕੇਟ ਦੀਪੀਕਾ ਪਰਦੀਪ ਗੋਇਲ ਜੀ ਨੇ ਬਹੁਤ ਹੀ ਮਹੱਤਵਪੂਰਨ ਮੁੱਦਿਆਂ ਬਾਰੇ ਵਿਸਤਾਰਪੂਰਵਕ ਚਰਚਾ ਕੀਤੀ ਅਤੇ ਆਸ ਕੀਤੀ ਕਿ ਕੇਂਦਰ ਸਰਕਾਰ ਨਵੇਂ ਪੇਸ਼ ਹੋਣ ਜਾ ਰਹੇ ਬਜਟ ਵਿੱਚ ਇਹਨਾਂ ਮੁੱਦਿਆ ਨੂੰ ਜਰੂਰ ਸਾਮਿਲ ਕਰੇਗੀ।

# ਐਨ ਆਰ ਆਈ ਸ. ਅਵਤਾਰ ਸਿੰਘ ਔਜਲਾ ਵੱਲੋਂ ਸਰਕਾਰੀ ਹਾਈ ਸਮਾਰਟ ਸਕੂਲ ਖੁਰਦ ਨੂੰ 30 ਨਵੇਂ ਡੈਸਕ ਭੇਂਟ ਕੀਤੇ



**ਮਲੇਰਕੋਟਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਨੋ ਦਿਨ ਤਰੱਕੀ ਦੀਆਂ ਨਵੀਆਂ ਪੁਲੰਗਾਂ ਪੁੱਟ ਰਹੇ ਸਰਕਾਰੀ ਹਾਈ ਸਮਾਰਟ ਸਕੂਲ ਖੁਰਦ ਨੂੰ ਐਨ.ਆਰ.ਆਈ. ਸ. ਅਵਤਾਰ ਸਿੰਘ ਔਜਲਾ ਅਤੇ ਉਨਾਂ ਦੇ ਸਪੁੱਤਰ ਸ. ਜਗਦੀਪ ਸਿੰਘ ਔਜਲਾ ਪਿੰਡ ਖੁਰਦ ਵੱਲੋਂ ਸਮਾਰਟ ਰੂਮਾਂ ਦੀ ਦਿੱਖ ਨੂੰ ਬਿਹਤਰ ਬਣਾਉਣ ਲਈ 30 ਨਵੇਂ ਡੈਸਕ ਦਾਨ ਕੀਤੇ ਗਏ। ਸ. ਅਵਤਾਰ ਸਿੰਘ ਨੇ ਦੱਸਿਆ ਕਿ ਉਹ ਇਸੇ ਸਕੂਲ ਦੇ ਵਿਦਿਆਰਥੀ ਰਹੇ ਹਨ ਤੇ ਲੰਮੇ ਸਮੇਂ ਤੋਂ ਆਸਟਰੇਲੀਆ ਵਿਖੇ ਰਹਿ ਰਹੇ ਹਨ। ਪ੍ਰੰਤੂ ਉਹ ਸੋਸ਼ਲ ਮੀਡੀਆ ਰਾਹੀਂ ਸਕੂਲ ਨਾਲ ਜੁੜੇ ਹੋਏ ਹਨ ਅਤੇ ਫੇਸਬੁੱਕ ਉੱਤੇ ਸਕੂਲ ਦੀਆਂ ਗਤੀਵਿਧੀਆਂ ਦੇਖਦੇ ਰਹਿੰਦੇ ਹਨ।

ਉਹਨਾਂ ਅੱਗੇ ਦੱਸਿਆ ਕਿ ਸਕੂਲ ਦੇ ਹੈਡਮਾਸਟਰ ਸ਼੍ਰੀ ਸੱਜਾਦ ਅਲੀ ਗੌਰੀਆ ਵੱਲੋਂ ਸਕੂਲ ਨੂੰ ਬਿਹਤਰ ਬਣਾਉਣ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਤੋਂ ਪ੍ਰਭਾਵਿਤ ਹੋ ਕੇ ਸਕੂਲ ਦੇ ਸਮਾਰਟ ਰੂਮਾਂ ਲਈ ਲਗਭਗ 60 ਹਜਾਰ ਰੁਪਏ ਦੀ ਕੀਮਤ ਦੇ 30 ਡੈਸਕ ਭੇਂਟ ਕੀਤੇ ਹਨ। ਸਕੂਲ ਦੇ ਹੈਡਮਾਸਟਰ ਸੱਜਾਦ ਅਲੀ ਗੌਰੀਆ ਨੇ ਸ. ਅਵਤਾਰ ਸਿੰਘ ਔਜਲਾ ਅਤੇ ਸ. ਜਗਦੀਪ ਸਿੰਘ ਔਜਲਾ ਸਮੇਤ ਪਹੁੰਚੇ ਹੋਏ ਸਾਰੇ ਪਤਵੰਤਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਯਾਦਗਾਰੀ ਸਨਮਾਨ ਚਿੰਨ ਭੇਂਟ ਕੀਤਾ ਗਿਆ। ਉਹਨਾਂ ਅੱਗੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਕੂਲ ਦਾ ਸਮੂਹ ਸਟਾਫ ਨਿਰੰਤਰ ਯਤਨਸ਼ੀਲ਼ ਰਹਿੰਦਾ ਹੈ। ਸਕੂਲ ਦੇ ਸਾਬਕਾ ਵਿਦਿਆਰਥੀਆਂ ਨਾਲ ਅਸੀਂ ਹਮੇਸ਼ਾ ਰਾਬਤੇ ਵਿੱਚ ਰਹਿੰਦੇ ਹਾਂ।ਸ. ਅਵਤਾਰ ਸਿੰਘ ਜੀ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਡੈਸਕ ਭੇਂਟ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਹਨਾਂ ਉਮੀਦ ਜਤਾਈ ਕਿ ਭਵਿੱਖ ਵਿੱਚ ਵੀ ਸ.ਅਵਤਾਰ ਸਿੰਘ ਵਾਂਗ ਹੋਰ ਪਤਵੰਤੇ ਸਕੂਲ ਨਾਲ ਜੁੜੇ ਰਹਿਣਗੇ ਅਤੇ ਆਪਣਾ ਯੋਗਦਾਨ ਪਾਉਂਦੇ ਰਹਿਣਗੇ।

ਉਪਰੋਕਤ ਤੋਂ ਇਲਾਵਾ ਇਸ ਸਮੇਂ ਸ. ਹਰਪ੍ਰੀਤ ਸਿੰਘ ਪੰਚ, ਸ.ਲਾਡੀ ਬੋਪਾਰਾਏ, ਸ. ਤਰਨਵੀਰ ਸਿੰਘ ਧਾਲੀਵਾਲ, ਸ.ਜਸਪ੍ਰੀਤ ਸਿੰਘ ਐਚ ਡੀ ਐਫ ਸੀ, ਸ.ਹਰਜਿੰਦਰ ਸਿੰਘ ਧਾਲੀਵਾਲ, ਸ. ਗੁਰਜੀਤ ਸਿੰਘ, ਸ.ਦਲਬਾਰਾ ਸਿੰਘ, ਸ਼੍ਰੀ ਟਿਮਿਸ਼ ਬੱਤਾ, ਸ.ਰਮਨਦੀਪ ਸਿੰਘ, ਸ਼੍ਰੀਮਤੀ ਗਗਨਦੀਪ ਕੌਰ,ਸਿ ?ਫਾਲੀ ਜੈਨ ਅਤੇ ਸ.ਕੁਲਦੀਪ ਸਿੰਘ ਹਾਜ਼ਰ ਸਨ।

# ਰੂਪਨਗਰ ਪੁਲਿਸ ਨੇ ਚਾਈਨਾ ਡੋਰ ਦੀ ਵਰਤੋਂ ਕਰਨ ਵਾਲਿਆਂ ਸ਼ਨਾਖਤ ਕਰਨ ਲਈ ਡਰੋਨ ਰਾਹੀਂ ਚੈਕਿੰਗ ਕੀਤੀ



**ਚਮਕੌਰ ਸਾਹਿਬ 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਸੰਤ ਪੰਚਮੀ ਦੇ ਤਿਉਹਾਰ ਤੇ ਵਰਤੀ ਜਾਂਦੀ ਚਾਈਨਾ ਡੋਰ ਨੂੰ ਨੱਥ ਪਾਉਣ ਲਈ ਰੂਪਨਗਰ ਪੁਲਿਸ ਪੂਰੀ ਤਰ੍ਹਾਂ ਮੁਸ਼ਤੈਦ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਰੂਪਨਗਰ ਸ. ਰਾਜਪਾਲ ਸਿੰਘ ਗਿੱਲ ਨੇ ਦੱਸਿਆ ਕਿ ਬਸੰਤ ਪੰਚਮੀ ਦੇ ਤਿਉਹਾਰ ਤੱਕ ਨਿਰੰਤਰ ਮੁਹਿੰਮ ਚਲਾਈ ਜਾਵੇਗੀ ਅਤੇ ਚਾਈਨਾ ਡੋਰ ਦੀ ਵਰਤੋਂ ਕਰਨ ਵਾਲਿਆਂ ਉਤੇ ਡਰੋਣ ਰਾਹੀਂ ਰੱਖੀ ਨਜ਼ਰ ਜਾਵੇਗੀ ਤੇ ਫੜੇ ਜਾਣ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡੀਐੱਸਪੀ ਰੂਪਨਗਰ ਸ. ਰਾਜਪਾਲ ਸਿੰਘ ਗਿੱਲ ਨੇ ਮੀਡੀਆ ਦੇ ਰੁਬਰੂ ਹੁੰਦਿਆਂ ਕਿਹਾ ਕਿ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਸ਼੍ਰੀ ਗੌਰਵ ਯਾਦਵ ਦੀਆਂ ਹਦਾਇਤਾਂ ਉਤੇ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਦੀ ਅਗਵਾਈ ਹੇਠ ਚਾਈਨਾ ਡੋਰ ਦੀ ਵਰਤੋਂ ਕਰਨ, ਸਟੋਰ ਕਰਨ ਜਾਂ ਵੇਚਣ ਵਾਲਿਆਂ ਤੇ ਸਖ਼ਤ ਕਾਰਵਾਈ ਕਰਨ ਲਈ ਤਿਆਰ ਬਰ ਤਿਆਰ ਹੈ। ਇਸ ਮੰਤਵ ਲਈ ਡੀਐੱਸਪੀ ਸ.ਰਾਜਪਾਲ ਸਿੰਘ ਗਿੱਲ ਨੇ ਸ਼ਹਿਰ ਵਿੱਚ ਵੱਖ-ਵੱਖ ਥਾਵਾਂ ਤੇ ਚੈਕਿੰਗ ਕਰਨ ਦੇ ਲਈ ਪੁਲਿਸ ਵਿਭਾਗ ਦੇ ਮੁਲਾਜ਼ਮਾਂ ਦੀਆਂ ਵੱਖ- ਵੱਖ ਟੀਮਾਂ ਦਾ ਗਠਨ ਵੀ ਕੀਤਾ।

ਉਨ੍ਹਾਂ ਕਿਹਾ ਕਿ ਬਸੰਤ ਪੰਚਮੀ ਤੱਕ ਸ਼ਹਿਰ ਵਿੱਚ ਜਿੱਥੇ ਵੀ ਪਤੰਗ ਉੱਡਣਗੇ, ਉੱਥੇ ਹੀ ਡਰੋਨ ਕੈਮਰਿਆਂ ਨਾਲ ਨਿਗਰਾਨੀ ਰੱਖੀ ਜਾਵੇਗੀ ਕਿ ਕੌਣ ਚਾਈਨਾ ਡੋਰ ਇਸਤੇਮਾਲ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਦੀ ਵਰਤੋਂ ਕਰਨ ਵਾਲਾ ਬੱਚਾ ਜੇਕਰ ਨਾਬਾਲਿਗ ਪਾਇਆ ਜਾਂਦਾ ਹੈ ਤਾਂ ਉਸਦੇ ਮਾਪਿਆਂ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਡੀਐੱਸਪੀ ਨੇ ਕਿਹਾ ਕਿ ਇਸ ਖਿਲਾਫ ਬਣਦੀਆਂ ਧਰਾਵਾਂ ਦੇ ਨਾਲ ਨਾਲ ਇਰਾਦਾ ਕਤਲ ਦੇ ਮਾਮਲੇ ਵੀ ਦਰਜ ਕੀਤੇ ਜਾਣਗੇ।

ਉਨ੍ਹਾਂ ਆਮ ਲੋਕਾਂ ਨੂੰ ਵੀ ਚਾਈਨਾ ਡੋਰ ਨਾਲ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਲਈ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ ਹੈ ਕਿਉਂਕਿ ਇਸ ਨਾਲ ਆਮ ਲੋਕਾਂ ਤੋਂ ਇਲਾਵਾ ਬੱਚਿਆਂ ਅਤੇ ਪੰਛੀਆਂ ਨੂੰ ਜਾਨੀ ਨੁਕਸਾਨ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਇਹ ਚਾਈਨਾ ਡੋਰ ਵਾਤਾਵਰਨ ਲਈ ਵੀ ਨੁਕਸਾਨਦਾਇਕ ਹੈ।

ਇਸ ਮੌਕੇ ਐਸਐੱਚਓ ਸ. ਸਿਮਰਨਜੀਤ ਸਿੰਘ ਅਤੇ ਪੁਲਿਸ ਵਿਭਾਗ ਦੇ ਹੋਰ ਉੱਚ ਅਧਿਕਾਰੀ ਵੀ ਹਾਜ਼ਰ ਸਨ।

# ਰਾਜਿੰਦਰ ਨਗਰ ਵਿੱਚ ਸਾਂਸਦ ਰਾਘਵ ਚੱਢਾ ਦਾ ਸ਼ਾਨਦਾਰ ਸਵਾਗਤ, 'ਰਾਜਿੰਦਰ ਨਗਰ ਮੇਰੀ ਜਨਮ ਭੂਮੀ ਵੀ ਮੇਰੀ ਕਰਮ ਭੂਮੀ ਵੀ', 'ਆਪ' ਦੀ ਇਤਿਹਾਸਕ ਜਿੱਤ ਲਈ ਮੰਗਿਆ ਅਸ਼ੀਰਵਾਦ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ-ਜਿਵੇਂ ਦਿੱਲੀ ਵਿਧਾਨ ਸਭਾ ਚੋਣਾਂ 2025 ਨੇੜੇ ਆ ਰਹੀਆਂ ਹਨ, ਰਾਜਧਾਨੀ ਵਿੱਚ ਚੋਣ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਸ਼ੁੱਕਰਵਾਰ ਨੂੰ ਰਾਜੇਂਦਰ ਨਗਰ ਵਿਧਾਨ ਸਭਾ ਹਲਕੇ ਵਿੱਚ ਰੋਡ ਸ਼ੋਅ ਕੀਤਾ ਅਤੇ ਪਾਰਟੀ ਉਮੀਦਵਾਰ ਦੁਰਗੇਸ਼ ਪਾਠਕ ਲਈ ਸਮਰਥਨ ਮੰਗਿਆ। ਇਸ ਦੌਰਾਨ ਸਮੁੱਚੇ ਇਲਾਕੇ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਰਾਘਵ ਚੱਢਾ ਨੇ ਕਿਹਾ ਕਿ ਇਹ ਉਹੀ ਸੀਟ ਹੈ ਜਿੱਥੋਂ ਉਨ੍ਹਾਂ ਵਿਧਾਇਕ ਬਣ ਕੇ ਜਨਤਾ ਦੀ ਸੇਵਾ ਕੀਤੀ ਸੀ ਅਤੇ ਇਸ ਵਾਰ ਉਹ ਦੁਰਗੇਸ਼ ਪਾਠਕ ਲਈ ਜਨਤਾ ਤੋਂ ਵੋਟਾਂ ਮੰਗਣ ਆਏ ਹਨ। ਤੁਹਾਨੂੰ ਦੱਸ ਦੇਈਏ ਕਿ ਰਾਘਵ ਚੱਢਾ ਸਾਲ 2020 ਵਿੱਚ ਰਾਜੇਂਦਰ ਨਗਰ ਵਿਧਾਨ ਸਭਾ ਸੀਟ ਤੋਂ ਵਿਧਾਇਕ ਰਹਿ ਚੁੱਕੇ ਹਨ।

**ਰਾਜਿੰਦਰ ਨਗਰ 'ਚ ਰੋਡ ਸ਼ੋਅ ਵਿੱਚ ਲੋਕਾਂ ਦੀ ਭਾਰੀ ਭੀੜ, ਕਈ ਥਾਂ -ਥਾਂ 'ਤੇ ਹੋਈ ਫੁੱਲਾਂ ਦੀ ਵਰਖਾ**

ਰਾਜਿੰਦਰ ਨਗਰ ਵਿਧਾਨ ਸਭਾ ਹਲਕੇ ਦੀਆਂ ਸੜਕਾਂ ਆਮ ਆਦਮੀ ਪਾਰਟੀ ਦੇ ਝੰਡਿਆਂ ਅਤੇ ਵਰਕਰਾਂ ਦੇ ਨਾਅਰਿਆਂ ਨਾਲ ਗੂੰਜ ਰਹਿਆਂ ਸਨ। ਇਸ ਰੋਡ ਸ਼ੋਅ ਦੌਰਾਨ ਸੰਸਦ ਮੈਂਬਰ ਰਾਘਵ ਚੱਢਾ ਨੂੰ ਮਿਲਣ ਲਈ ਲੋਕਾਂ ਦੀ ਭੀੜ ਇਕੱਠੀ ਹੋਈ। ਸਥਾਨਕ ਲੋਕਾਂ ਨੇ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਨਾਲ ਸਵਾਗਤ ਕੀਤਾ ਅਤੇ 'ਝਾੜੂ' ਦੇ ਸਮਰਥਨ 'ਚ ਨਾਅਰੇਬਾਜ਼ੀ ਕੀਤੀ। ਰੋਡ ਸ਼ੋਅ ਦੌਰਾਨ ਉਨ੍ਹਾਂ 'ਤੇ ਕਈ ਵਾਰ ਫੁੱਲਾਂ ਦੀ ਵਰਖਾ ਕੀਤੀ ਗਈ, ਲੋਕ ਆਪਣੇ ਪੁਰਾਣੇ ਵਿਧਾਇਕ ਨੂੰ ਮਿਲਣ ਲਈ ਉਤਾਵਲੇ ਨਜ਼ਰ ਆਏ। ਸੰਸਦ ਮੈਂਬਰ ਰਾਘਵ ਚੱਢਾ ਨੇ ਰਾਜਿੰਦਰ ਨਗਰ ਦੇ ਲੋਕਾਂ ਨਾਲ ਬੜੇ ਪਿਆਰ ਨਾਲ ਮੁਲਾਕਾਤ ਕੀਤੀ, ਬਜ਼ੁਰਗਾਂ ਦੇ ਪੈਰ ਛੂ ਕੇ ਜਿੱਤ ਲਈ ਉਨ੍ਹਾਂ ਦਾ ਅਸ਼ੀਰਵਾਦ ਲਿਆ। ਰਾਘਵ ਚੱਢਾ ਨੇ ਦੱਸਿਆ ਕਿ ਇਸ ਰੋਡ ਸ਼ੋਅ ਵਿੱਚ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। 'ਆਪ' ਸਮਰਥਕਾਂ ਨੇ ਝਾੜੂ ਲਹਿਰਾਉਂਦੇ ਹੋਏ 'ਪੰਜ ਸਾਲ ਕੇਜਰੀਵਾਲ' ਅਤੇ 'ਝਾੜੂ ਚਲੇਗੀ' ਦੇ ਨਾਅਰੇ ਲਾਏ।

ਰਾਘਵ ਚੱਢਾ ਨੇ ਕਿਹਾ, ਰਾਜਿੰਦਰ ਨਗਰ ਮੇਰੀ ਜਨਮ ਭੂਮੀ ਹੈ, ਮੇਰੀ ਕਰਮ ਭੂਮੀ ਹੈ ਅਤੇ ਇਹ ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਇੱਥੇ ਦੁਬਾਰਾ ਆਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਅੱਗੇ ਕਿਹਾ, ਇਹ ਉਹ ਸੀਟ ਹੈ ਜਿਸ ਨੇ ਮੈਨੂੰ ਵਿਧਾਇਕ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਸੀ।

ਅੱਜ ਮੈਂ ਦੁਰਗੇਸ਼ ਪਾਠਕ ਲਈ ਵੋਟਾਂ ਮੰਗਣ ਆਇਆ ਹਾਂ। ਜਦੋਂ 2025 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣਗੇ ਤਾਂ ਇਹ ਸੀਟ ਸਾਡੀ ਪਹਿਲੀ ਜਿੱਤ ਹੋਵੇਗੀ।

ਰਾਘਵ ਚੱਢਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਟਰਾਂਸਪੋਰਟ



ਵਰਗੀਆਂ ਬੁਨਿਆਦੀ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ ਹਨ ਅਤੇ ਇਹ ਸਭ ਉਦੋਂ ਹੀ ਸੰਭਵ ਹੋਇਆ ਜਦੋਂ ਜਨਤਾ ਨੇ ਕੇਜਰੀਵਾਲ ਸਰਕਾਰ ਨੂੰ ਪੂਰਨ ਬਹੁਮਤ ਦਿੱਤਾ। ਉਨ੍ਹਾਂ ਕਿਹਾ ਕਿ ਇਸ ਖੇਤਰ ਦੇ ਲੋਕ ਜਾਣਦੇ ਹਨ ਕਿ ਦਿੱਲੀ ਵਿੱਚ 'ਆਪ' ਸਰਕਾਰ ਨੇ ਕਿੰਨੇ ਕੰਮ ਕੀਤੇ ਹਨ ਅਤੇ ਬਾਕੀ ਪਾਰਟੀਆਂ ਦੀਆਂ ਸਰਕਾਰਾਂ ਨੇ ਸਿਰਫ਼ ਵਾਅਦੇ ਹੀ ਕੀਤੇ ਪਰ ਪੂਰੇ ਨਹੀਂ ਕੀਤੇ। ਜਨਤਾ ਨੂੰ ਅਪੀਲ ਕਰਦੇ ਹੋਏ ਸੰਸਦ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਦਿੱਲੀ ਦੇ ਵਿਕਾਸ ਦੀ ਇਹ ਰਫਤਾਰ ਜਾਰੀ ਰਹੇ ਤਾਂ ਦੁਰਗੇਸ਼ ਪਾਠਕ ਨੂੰ ਆਪਣਾ ਸਮਰਥਨ ਦਿਓ।

ਰਾਘਵ ਚੱਢਾ ਨੇ ਦੁਰਗੇਸ਼ ਪਾਠਕ ਨੂੰ ਮਜ਼ਬੂਤ ਆਗੂ ਦੱਸਦਿਆਂ ਕਿਹਾ ਕਿ ਉਹ ਪਾਰਟੀ ਦੇ ਸੀਨੀਅਰ ਆਗੂਆਂ ਵਿੱਚੋਂ ਇੱਕ ਹਨ ਅਤੇ ਸ਼ੁਰੂ ਤੋਂ ਹੀ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ, ÷ਦੁਰਗੇਸ਼ ਪਾਠਕ ਜ਼ਮੀਨੀ ਪੱਧਰ ਦੇ ਆਗੂ ਹਨ, ਜੋ ਹਰ ਔਖੀ ਘੜੀ ਵਿੱਚ ਪਾਰਟੀ ਅਤੇ ਜਨਤਾ ਦੇ ਨਾਲ ਖੜ੍ਹੇ ਹਨ।÷ ਉਨ੍ਹਾਂ ਕਿਹਾ ਕਿ ਮੈਂ ਭਰੋਸਾ ਦਿਵਾਉਂਦਾ ਹਾਂ ਕਿ ਰਾਜਿੰਦਰ ਨਗਰ ਦੇ ਲੋਕਾਂ ਨੂੰ ਇੱਕ ਅਜਿਹਾ ਵਿਧਾਇਕ ਮਿਲੇਗਾ ਜੋ ਦਿਨ ਰਾਤ ਉਨ੍ਹਾਂ ਦੀ ਸੇਵਾ ਕਰੇਗਾ। ਅਸੀਂ ਹਰ ਘਰ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਹਾਂ ਅਤੇ ਇਸ ਵਿਕਾਸ ਨੂੰ ਹੋਰ ਅੱਗੇ ਲੈ ਕੇ ਜਾਵਾਂਗੇ।

ਇਸ ਦੇ ਨਾਲ ਹੀ ਰਾਜਿੰਦਰ ਨਗਰ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੁਰਗੇਸ਼ ਪਾਠਕ ਨੇ ਕਿਹਾ ਕਿ ਭਾਈ ਰਾਘਵ ਚੱਢਾ ਜੀ ਦੇ ਆਉਣ ਨਾਲ ਰਾਜਿੰਦਰ ਨਗਰ ਵਿਧਾਨ ਸਭਾ ਵਿੱਚ ਇੱਕ ਵੱਖਰਾ ਹੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਲੋਕਾਂ ਦੀ ਇਹ ਭੀੜ ਪੂਰੇ ਜੋਸ਼ ਨਾਲ ਰਾਜਿੰਦਰ ਨਗਰ ਵਿਧਾਨ ਸਭਾ ਦੀਆਂ ਸੜਕਾਂ 'ਤੇ ਉਤਰੀ ਅਤੇ ਪ੍ਰਸਿੱਧ ਸੰਸਦ ਮੈਂਬਰ ਰਾਘਵ ਚੱਢਾ ਜੀ ਦੇ ਆਉਣ ਨਾਲ ਸਾਡਾ ਉਤਸ਼ਾਹ ਵੀ ਦੁੱਗਣਾ ਹੋ ਗਿਆ। ਰਾਘਵ ਚੱਢਾ ਅਤੇ ਦੁਰਗੇਸ਼ ਪਾਠਕ ਦਾ ਕਾਫਲਾ ਜਦੋਂ ਰਾਜਿੰਦਰ ਨਗਰ ਦੀਆਂ ਗਲੀਆਂ ਵਿੱਚ ਨਿਕਲਿਆ ਤਾਂ ਲੋਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਰੋਡ ਸ਼ੋਅ ਦੌਰਾਨ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ ਅਤੇ ਹਰ ਕੋਈ ਆਪਣੇ ਨੇਤਾ ਨੂੰ ਨੇੜਿਓਂ ਦੇਖਣ ਅਤੇ ਸੁਣਨ ਲਈ ਉਤਾਵਲਾ ਸੀ।

**ਆਪ ਦਾ ਮਾਡਲ ਮੁਫਤ ਖੋਰੀ ਨਹੀਂ, ਜਨਤਾ ਦਾ ਮਾਡਲ**

ਰਾਘਵ ਚੱਢਾ ਨੇ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦੇ ਹੋਏ ਕਿਹਾ ਕਿ ਇਹ ਸਰਕਾਰ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਨਹੀਂ ਸਗੋਂ ਵਿਕਾਸ ਦੇ ਨਾਂ 'ਤੇ ਵੋਟਾਂ ਮੰਗਦੀ ਹੈ। ਉਨ੍ਹਾਂ ਕਿਹਾ, ÷ਆਪ ਦਾ ਮਾਡਲ ਮੁਫਤ ਦਾ ਨਹੀਂ, ਸਗੋਂ ਜਨਤਾ ਦਾ ਮਾਡਲ ਹੈ। ਅਸੀਂ ਜੋ ਵੀ ਦਿੰਦੇ ਹਾਂ, ਉਹ ਜਨਤਾ ਦੇ ਪੈਸੇ ਨਾਲ ਜਨਤਾ ਲਈ ਹੁੰਦਾ ਹੈ। ਅਸੀਂ ਦਿੱਲੀ ਦੇ ਸਰਕਾਰੀ ਸਕੂਲਾਂ ਨੂੰ ਸ਼ਾਨਦਾਰ ਬਣਾਇਆ, ਮੁਹੱਲਾ ਕਲੀਨਿਕ ਖੋਲ੍ਹੇ, ਔਰਤਾਂ ਦਾ ਮੁਫਤ ਬੱਸ ਸਫਰ ਕੀਤਾ ਅਤੇ 24 ਘੰਟੇ ਮੁਫਤ ਬਿਜਲੀ ਦਿੱਤੀ। ਇਹ ਸਭ ਇਸ ਲਈ ਸੰਭਵ ਹੋਇਆ ਕਿਉਂਕਿ ਦਿੱਲੀ ਦੇ ਲੋਕਾਂ ਨੇ ਸਾਨੂੰ ਮੌਕਾ ਦਿੱਤਾ।

ਉਨ੍ਹਾਂ ਭਾਜਪਾ ਅਤੇ ਕਾਂਗਰਸ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਵਿਰੋਧੀ ਧਿਰ ਕੋਲ ਕੋਈ ਠੋਸ ਏਜੰਡਾ ਨਹੀਂ ਹੈ, ਉਹ ਸਿਰਫ਼ ਦੋਸ਼ ਲਾਉਣ ਵਿੱਚ ਰੁੱਝੇ ਹੋਏ ਹਨ। ਰਾਘਵ ਚੱਢਾ ਨੇ ਕਿਹਾ, ਜਦੋਂ ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਬਿਜਲੀ ਮੁਫ਼ਤ ਕੀਤੀ ਸੀ, ਤਾਂ ਉਨ੍ਹਾਂ ਨੇ ਕਿਹਾ ਸੀ ਕਿ ਇਹ ਰੇਵੜੀਆਂ ਹਨ ਪਰ ਜਦੋਂ ਵੱਡੇ ਉਦਯੋਗਪਤੀਆਂ ਦੇ ਲੱਖਾਂ ਕਰੋੜਾਂ ਦੇ ਕਰਜ਼ੇ ਮੁਆਫ਼ ਕੀਤੇ ਜਾਂਦੇ ਹਨ, ਕੀ ਇਹ ਮੁਫ਼ਤ ਨਹੀਂ ਹੈ? ਲੋਕ ਹੁਣ ਸਮਝ ਗਏ ਹਨ ਕਿ ਕੌਣ ਉਨ੍ਹਾਂ ਲਈ ਕੰਮ ਕਰਦਾ ਹੈ ਅਤੇ ਕੌਣ ਜੁਮਲੇ ਕਹਿੰਦਾ ਹੈ।

ਸੰਸਦ ਮੈਂਬਰ ਰਾਘਵ ਚੱਢਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਵਿੱਚ ਮਦਦ ਕਰਨ।

ਉਨ੍ਹਾਂ ਕਿਹਾ ਕਿ ਜੇਕਰ ਮੁੜ 'ਆਪ' ਦੀ ਸਰਕਾਰ ਬਣੀ ਤਾਂ ਆਉਣ ਵਾਲੇ ਪੰਜ ਸਾਲਾਂ ਵਿੱਚ ਦਿੱਲੀ ਦਾ ਹੋਰ ਵੀ ਵਿਕਾਸ ਹੋਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਝਾੜੂ ਦਾ ਬਟਨ ਦਬਾਓ ਅਤੇ ਦਿੱਲੀ ਨੂੰ ਹੋਰ ਅੱਗੇ ਵਧਾਓ। ਵਿਕਾਸ ਦੀ ਰਾਜਨੀਤੀ ਵਿੱਚ ਵਿਸ਼ਵਾਸ ਰੱਖਣ ਵਾਲੇ ਆਮ ਆਦਮੀ ਪਾਰਟੀ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਦਿੱਲੀ ਦੇ ਲੋਕ ਇੱਕ ਵਾਰ ਫਿਰ ਆਮ ਆਦਮੀ ਪਾਰਟੀ ਨੂੰ 62 ਤੋਂ ਵੱਧ ਸੀਟਾਂ ਜਿੱਤ ਕੇ ਸੱਤਾ ਵਿੱਚ ਲਿਆਉਣਗੇ।

# ਅਸੀਂ ਪੈਸੇ ਨਹੀਂ ਪਿਆਰ ਵੰਡਦੇ ਹਾਂ, ਅਸੀਂ ਲੋਕਾਂ ਦੇ ਪਿਆਰ ਅਤੇ ਸਮਰਥਨ ਨਾਲ ਜਿੱਤਦੇ ਹਾਂ: ਮੁੱਖ ਮੰਤਰੀ ਮਾਨ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿੱਚ ਆਪਣਾ ਪ੍ਰਚਾਰ ਜਾਰੀ ਰਖਦਿਆਂ, ਕੋਂਡਲੀ, ਰੋਹਤਾਸ ਨਗਰ ਅਤੇ ਗੋਕਲਪੁਰ ਵਿੱਚ ਤਿੰਨ ਰੋਡ ਸ਼ੋਅ ਦੀ ਅਗਵਾਈ ਕੀਤੀ, ਅਤੇ ਬਦਰਪੁਰ ਵਿੱਚ ਦੋ ਜਨ ਸਭਾਵਾਂ ਨੂੰ ਸੰਬੋਧਨ ਕੀਤਾ। ਇਸ ਮੁਹਿੰਮ ਨੇ ਸਾਫ਼-ਸੁਥਰੇ ਸ਼ਾਸਨ, ਵਿਕਾਸ ਅਤੇ ਜਵਾਬਦੇਹੀ ਪ੍ਰਤੀ 'ਆਪ' ਦੀ ਵਚਨਬੱਧਤਾ ਨੂੰ ਉਜਾਗਰ ਕੀਤਾ, ਜਿਸ ਵਿੱਚ ਮੁੱਖ ਮੰਤਰੀ ਮਾਨ ਨੇ ਸਿੱਧੇ ਤੌਰ 'ਤੇ ਵੋਟਰਾਂ ਦੀਆਂ ਮੁੱਦਿਆਂ ਨੂੰ ਸੰਬੋਧਿਤ ਕੀਤਾ ਅਤੇ ਵਿਰੋਧੀ ਪਾਰਟੀਆਂ ਦੀਆਂ ਰਾਜਨੀਤਿਕ ਚਾਲਾਂ ਦਾ ਪਰਦਾਫਾਸ਼ ਕੀਤਾ। ਕੋਂਡਲੀ ਵਿੱਚ ਬੋਲਦੇ ਹੋਏ ਮੁੱਖ ਮੰਤਰੀ ਮਾਨ ਨੇ 'ਆਪ' ਨੂੰ ਨਿਸ਼ਾਨਾ ਬਣਾਉਣ ਲਈ ਭਾਜਪਾ ਦੁਆਰਾ ਕੀਤੇ ਗਏ ਉਲੰਘਣਾਵਾਂ ਨੂੰ ਨਜ਼ਰਅੰਦਾਜ਼ ਕਰਨ ਲਈ ਚੋਣ ਕਮਿਸ਼ਨ (53) ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਬੇਸ਼ਰਮੀ ਨਾਲ ਪੈਸੇ, ਜੈਕਟਾਂ, ਜੁੱਤੀਆਂ ਅਤੇ ਸਾੜੀਆਂ ਵੰਡ ਰਹੇ ਹਨ, ਫਿਰ ਵੀ ਚੋਣ ਕਮਿਸ਼ਨ ਨੇ ਦਿੱਲੀ ਵਿੱਚ ਮੇਰੇ ਨਿਵਾਸ ਕਪੂਰਥਲਾ ਹਾਊਸ 'ਤੇ ਛਾਪਾ ਮਾਰਿਆ। ਉਨ੍ਹਾਂ ਨੂੰ ਕੁਝ ਨਹੀਂ ਮਿਲਿਆ ਕਿਉਂਕਿ ਅਸੀਂ ਪੈਸੇ ਨਹੀਂ ਵੰਡਦੇ, ਅਸੀਂ ਪਿਆਰ ਵੰਡਦੇ ਹਾਂ। ਇਸ ਪਿਆਰ ਨਾਲ, ਅਸੀਂ ਜਿੱਤਦੇ ਹਾਂ,

'ਆਪ' ਦੀ ਸਾਫ਼-ਸੁਥਰੀ ਰਾਜਨੀਤੀ ਨੂੰ ਉਜਾਗਰ ਕਰਦੇ ਹੋਏ, ਮਾਨ ਨੇ 'ਆਪ' ਦੀਆਂ ਲੋਕ-ਪੱਖੀ ਨੀਤੀਆਂ ਦੀ ਭਾਜਪਾ ਦੀਆਂ ਸ਼ੋਸ਼ਣਕਾਰੀ ਰਣਨੀਤੀਆਂ ਨਾਲ ਤੁਲਨਾ ਕੀਤੀ ਅਤੇ ਕਿਹਾ ਕਿ ÷ਇਥੇ ਦੋ ਪੱਖ ਹਨ- ਇਕ।ਉਹ ਜੋ ਸਿੱਖਿਆ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ, ਅਤੇ ਦੂਜੇ ਉਹ ਜੋ ਨਫ਼ਰਤ ਅਤੇ ਵੰਡ 'ਤੇ ਵਧਦੇ-ਫੁੱਲਦੇ ਹਨ। ਦਿੱਲੀ ਨੂੰ ਦੁਸ਼ਮਣੀ ਨਾਲੋਂ ਸਿੱਖਿਆ ਅਤੇ ਪ੍ਰਚਾਰ ਦੀ ਬਜਾਏ ਤਰੱਕੀ ਨੂੰ ਚੁਣਨਾ ਚਾਹੀਦਾ ਹੈ। ਰੋਹਤਾਸ ਨਗਰ ਵਿਖੇ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਵਿਕਾਸ ਅਤੇ ਇਮਾਨਦਾਰੀ ਦੇ 'ਆਪ' ਦੇ ਟਰੈਕ ਰਿਕਾਰਡ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕ ਕਹਿ ਰਹੇ ਹਨ, 'ਫਿਰ ਲਿਆਵਾਂਗੇ ਕੇਜਰੀਵਾਲ' ਕਿਉਂਕਿ ਉਹ ਤੁਹਾਡਾ ਭਰਾ ਹੈ, ਤੁਹਾਡਾ ਪੁੱਤ ਹੈ ਅਤੇ ਹਮੇਸ਼ਾ ਤੁਹਾਡੇ ਲਈ ਕੰਮ ਕੀਤਾ ਹੈ। ਜਦੋਂ ਭਾਜਪਾ ਤੁਹਾਡੀ ਵੋਟ ਖਰੀਦਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਉਨ੍ਹਾਂ ਤੋਂ ਪੈਸੇ ਲੈ ਲਓ ਪਰ ਬਟਨ 'ਝਾੜੂ' ਦਾ ਦਬਾਓ! ਗੋਕਲਪੁਰ ਵਿੱਚ ਜਨਤਾ ਨੂੰ ਸੰਬੋਧਨ ਕਰਦੇ ਹੋਏ ਮਾਨ ਨੇ ਉਨ੍ਹਾਂ ਦੇ ਭਾਰੀ ਸਮਰਥਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ÷ਸਾਡਾ ਚੋਣ ਚਿੰਨ੍ਹ ਝਾੜੂ ਹੈ ਅਤੇ ਤੁਸੀਂ ਜਾਣਦੇ ਹੋ ਕਿ ਇਹ



ਗੰਦਗੀ ਸਾਫ਼ ਕਰਨ ਦਾ ਕੰਮ ਕਰਦਾ ਹੈ। ਭਾਜਪਾ ਤੁਹਾਡੇ ਟੈਕਸ ਦੇ ਪੈਸੇ ਦਾ ਇਸਤੇਮਾਲ ਆਪਣੇ ਦੋਸਤਾਂ ਲਈ ਕਰਦੀ ਹੈ, ਜਦੋਂ ਕਿ 'ਆਪ' ਹਰ ਪੈਸੇ ਨੂੰ ਜਨਤਕ ਭਲਾਈ ਵਿੱਚ ਵਾਪਸ ਨਿਵੇਸ਼ ਕਰਦੀ ਹੈ। ਬਦਰਪੁਰ ਵਿਖੇ ਮਾਨ ਨੇ 'ਆਪ' ਨੇਤਾਵਾਂ ਦੇ ਨਾਲ ਮਹਾਂਕੁੰਭ ਵਿੱਚ ਵਾਪਰੀ ਘਟਨਾ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਸ਼ਰਧਾਲੂਆਂ ਲਈ ਮੌਨ ਰਖਿਆ।

ਉਨ੍ਹਾਂ ਦਿੱਲੀ ਦੇ ਲੋਕਾਂ ਦੀ ਪ੍ਰਸ਼ੰਸਾ ਕੀਤੀ ਅਤੇ ਵੰਡਪਾਊ ਰਾਜਨੀਤੀ 'ਤੇ ਅਲੋਚਨਾ ਕਰਦਿਆਂ ਕਿਹਾ ਕਿ ਦਿੱਲੀ ਭਾਰਤ ਦਾ ਦਿਲ ਹੈ, ਜਿੱਥੇ ਪੂਰਾ ਦੇਸ਼ ਇੱਕ ਛੱਤ ਹੇਠ ਰਹਿੰਦਾ ਹੈ। ਭਾਜਪਾ ਦੀ ਜਾਤੀ ਅਤੇ ਫਿਰਕੂ ਰਾਜਨੀਤੀ ਇੱਥੇ ਕੰਮ ਨਹੀਂ ਕਰੇਗੀ। ਮਾਨ ਨੇ 'ਆਪ' ਦੇ ਸ਼ਾਸਨ ਮਾਡਲ 'ਤੇ ਵੀ ਜ਼ੋਰ ਦਿੱਤਾ, ਦਿੱਲੀ ਦੀਆਂ ਸਫਲਤਾਵਾਂ ਤੋਂ ਪ੍ਰੇਰਿਤ ਹੋ ਕੇ ਪੰਜਾਬ ਵਿੱਚ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੁਣ 850 ਚਾਲੂ ਮੁਹੱਲਾ ਕਲੀਨਿਕ ਹਨ ਅਤੇ 90% ਘਰਾਂ ਨੂੰ ਮੁਫ਼ਤ ਬਿਜਲੀ ਆਉਂਦੀ ਹੈ। ਅਸੀਂ ਕਿਸਾਨਾਂ ਅਤੇ ਵਸਨੀਕਾਂ ਨੂੰ ਮੁਫਤ ਬਿਜਲੀ ਪ੍ਰਦਾਨ ਕਰਦੇ ਹੋਏ ਸਰਕਾਰੀ ਉੱਦਮਾਂ ਨੂੰ ਲਾਭਦਾਇਕ ਬਣਾਇਆ ਹੈ। ਇਹ ਸਾਫ਼ ਇਰਾਦਿਆਂ ਦੀ ਸ਼ਕਤੀ ਹੈ। ਮਾਨ ਨੇ ਭਾਜਪਾ ਦੀ ਰਣਨੀਤੀ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਉਹ ਪੈਸੇ ਅਤੇ ਹੋਰ ਚੀਜ਼ਾਂ ਦੇ ਕੇ ਵੋਟਰਾਂ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਜਾਂਚ ਤੋਂ ਬਚ ਰਹੇ ਹਨ। ਉਹ ਸੋਸ਼ਲ ਮੀਡੀਆ 'ਤੇ ਖੁੱਲ੍ਹੇਆਮ ਐਲਾਨ ਕਰਦੇ ਹਨ, ਪਰ ਚੋਣ ਕਮਿਸ਼ਨ ਨੇ ਇਸ ਦੀ ਬਜਾਏ, ਉਨ੍ਹਾਂ ਦੀ ਬੇਬੁਨਿਆਦ ਸ਼ਿਕਾਇਤ 'ਤੇ ਮੇਰੇ ਘਰ 'ਤੇ ਛਾਪਾ ਮਾਰਿਆ। ਮਾਨ ਨੇ ਦਿੱਲੀ ਵਾਸੀਆਂ ਨੂੰ 'ਆਪ' ਨੂੰ ਚੁਣਨ ਦੀ ਆਪਣੀ ਵਿਰਾਸਤ ਨੂੰ ਜਾਰੀ ਰੱਖਣ ਦੀ ਅਪੀਲ ਕਰਦਿਆਂ ਕਿਹਾ ÷5 ਫਰਵਰੀ ਨੂੰ, ਝਾੜੂ ਦਾ ਬਟਨ ਦਬਾਉਣ ਤੋਂ ਬਾਅਦ ਤੁਹਾਡੀ ਜ਼ਿੰਮੇਵਾਰੀ ਖਤਮ ਅਤੇ ਸਾਡੀ ਜ਼ਿੰਮੇਵਾਰੀ ਸ਼ੁਰੂ ਹੋ ਜਾਵੇਗੀ। ਦਿੱਲੀ ਉਨ੍ਹਾਂ ਨੇਤਾਵਾਂ ਦੀ ਹੱਕਦਾਰ ਹੈ ਜੋ ਤੁਹਾਡੇ ਅਧਿਕਾਰਾਂ ਲਈ ਲੜਨ। 'ਅਪਣੇ ਅਤੇ ਅਪਣੇ ਬੱਚਿਆਂ ਦੇਬਿਹਤਰ ਭਵਿੱਖ ਲਈ ਆਪ ਨੂੰ ਵੋਟ ਪਾਓ।

# ਟੀ. ਬੀ. ਨੂੰ ਖਤਮ ਕਰਨ ਲਈ ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਲਿਆ ਪ੍ਰਣ



**ਸੁਨਾਮ, 4 ਫਰਵਰੀ/**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚੋ ਟੀਬੀ ਨੂੰ ਖਤਮ ਕਰਨ ਲਈ 100 ਦਿਨ ਟੀ ਬੀ ਮੁਕਤ ਅਭਿਆਨ ਜਾਰੀ ਹੈ ਜਿਸ ਤਹਿਤ ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੇ ਅਧਕਾਰਿਆ ਕਰਮਚਾਰੀਆਂ ਨੂੰ ਲੋਕਾ ਵਿੱਚ ਟੀ ਬੀ ਬਾਰੇ ਜਾਗਰੂਕਤਾ ਵਧਾਉਣ ਲਈ, ਪ੍ਰਭਾਵਿਤ ਲੋਕਾਂ ਅਤੇ ਪਰਿਵਾਰਾਂ ਨੂੰ ਸਿਹਤਮੰਦ, ਸਤਿਕਾਰ ਵਾਲਾ ਜੀਵਨ ਜਿਉਣ ਲਈ ਉੱਚ ਗੁਣਵੱਤਾ ਦੀ ਦੇਖਭਾਲ, ਚੁਣੇ ਹੋਏ ਪ੍ਰਤੀਨਿਧਾਂ, ਸਰਕਾਰੀ ਸੰਸਥਾਵਾ ਅਤੇ ਸਾਰੇ ਭਾਗੀਦਾਰਾ ਨਾਲ ਮਿਲਕੇ ਕੰਮ ਕਰਨ, ਭਾਰਤ ਨੂੰ ਟੀ ਬੀ ਮੁਕਤ ਬਣਨ ਵਿੱਚ ਯੋਗਦਾਨ ਪਾਉਣ ਲਈ ਪ੍ਰਣ ਕੀਤਾ ਗਿਆ।

ਡਾ. ਸੰਜੇ ਕਾਮਰਾ ਨੇ ਦੱਸਿਆ ਕਿ ਇਹ ਮੁਹਿੰਮ ਤਹਿਤ ਜਿਲ੍ਹਾ ਸੰਗਰੂਰ ਵਿੱਚ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਜਿਸ ਅਨੁਸਾਰ ਸਿਹਤ ਵਿਭਾਗ ਦੇ ਫੀਲਡ ਸਟਾਫ ਵਲੋ ਘਰ ਘਰ ਜਾ ਕੇ ਟੀ ਬੀ ਦੇ ਸ਼ੱਕੀ ਮਰੀਜ਼ਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾਕਟਰ ਵਿਨੋਦ ਕੁਮਾਰ, ਜਿਲ੍ਹਾ ਟੀ ਬੀ ਅਫਸਰ ਡਾਕਟਰ ਨੈਨਸੀ ਤੋ ਇਲਾਵਾ ਟੀ ਬੀ ਪ੍ਰੋਗਰਾਮ ਦਾ ਸਮੂਹ ਸਟਾਫ ਹਾਜ਼ਰ ਸੀ।

# ਪਾਵਰਕੌਮ ਦੇ ਇੰਜਨੀਅਰਾਂ ਵੱਲੋਂ ਸੂਬੇ ਭਰ 'ਚ ਰੈਲੀਆਂ

**ਪਟਿਆਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰਕੌਮ ਦੇ ਇੰਜਨੀਅਰਾਂ ਨੇ ਕੇਂਦਰ ਸਰਕਾਰ 'ਤੇ ਮੁਨਾਫੇ ਵਿੱਚ ਚੱਲ ਰਹੇ ਬਿਜਲੀ ਵਿਭਾਗ ਚੰਡੀਗੜ੍ਹ ਨੂੰ ਸਾਰੀਆਂ ਪ੍ਰਕਿਰਿਆਵਾਂ ਨੂੰ ਕਥਿਤ ਨਜ਼ਰ-ਅੰਦਾਜ਼ ਕਰ ਕੇ ਹੱਥਾਂ ਵਿੱਚ ਦੇਣ ਦੇ ਫ਼ੈਸਲੇ ਦੇ ਵਿਰੋਧ 'ਚ ਅੱਜ ਰੋਸ ਰੈਲੀਆਂ ਕੀਤੀਆਂ। ਇਸ ਸੱਦੇ ਤਹਿਤ ਪੀਐੱਸਪੀਸੀਐੱਲ ਦੇ ਪਾਵਰ ਜੂਨੀਅਰ ਇੰਜਨੀਅਰਾਂ ਤੇ ਪਦਉਨਤ ਇੰਜਨੀਅਰਾਂ ਵੱਲੋਂ ਅੱਜ ਪਟਿਆਲਾ ਸਥਿਤ ਪਾਵਰਕੌਮ ਦੇ ਮੁੱਖ ਦਫਤਰ ਅੱਗੇ ਵੀ ਰੈਲੀ ਕੀਤੀ ਗਈ।

ਜਥੇਬੰਦੀ ਦੇ ਸੂਬਾਈ ਪ੍ਰਧਾਨ ਇੰਜਨੀਅਰ ਪਰਮਜੀਤ ਸਿੰਘ ਖੱਟੜਾ ਅਤੇ ਸੂਬਾ ਜਨਰਲ ਸਕੱਤਰ ਇੰਜਨੀਅਰ ਦਵਿੰਦਰ ਸਿੰਘ ਨੇ ਅੱਜ ਇੱਥੇ ਦੱਸਿਆ



ਕਿ ਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਆਫ ਇਲੈਕਟਰੀਸਿਟੀ ਐਂਪਲਾਈਜ਼ ਐਂਡ ਇੰਜਨੀਅਰਜ਼ ਦੇ ਬੈਨਰ ਹੇਠ ਦੇਸ਼ ਦੇ ਬਿਜਲੀ ਕਰਮਚਾਰੀ ਅਤੇ ਇੰਜਨੀਅਰ ਨਿੱਜੀਕਰਨ ਦੀਆਂ ਇਨ੍ਹਾਂ ਪਹਿਲਕਦਮੀਆਂ ਖ਼ਿਲਾਫ਼ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਯੂਟੀ ਪ੍ਰਸ਼ਾਸਨ ਚੰਡੀਗੜ੍ਹ ਅਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਬਿਜਲੀ ਵਿਭਾਗਾਂ ਦੇ ਨਿੱਜੀਕਰਨ ਦੇ ਫ਼ੈਸਲੇ ਕਾਰਨ 80 ਹਜ਼ਾਰ ਪੱਕੇ/ਸਥਾਈ ਅਤੇ 50 ਹਜ਼ਾਰ ਆਊਟਸੋਰਸ ਕਰਮਚਾਰੀਆਂ ਸਮੇਤ 1.65 ਕਰੋੜ ਖਪਤਕਾਰ ਪ੍ਰਭਾਵਿਤ ਹੋਣਗੇ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਬਿਜਲੀ ਵਿਭਾਗ 2019-20 ਵਿੱਚ 365 ਕਰੋੜ, 2021 ਵਿੱਚ 225 ਕਰੋੜ, 2021-22 ਵਿੱਚ 261 ਕਰੋੜ ਦੇ ਸਾਲਾਨਾ ਮੁਨਾਫੇ ਨਾਲ ਇੱਕ ਮਿਸਾਲੀ ਵਿਭਾਗ ਹੈ। ਇਸ ਵੱਲੋਂ ਕੁੱਲ ਤਕਨੀਕੀ ਅਤੇ ਵਪਾਰਕ ਘਾਟੇ ਨੂੰ 10 ਫੀਸਦ ਤੋਂ ਘੱਟ ਰੱਖਿਆ ਹੈ ਕਿ ਕੌਮੀ ਔਸਤ 15 ਫੀਸਦ ਤੋਂ ਵੱਧ ਹੈ।

ਚੰਡੀਗੜ੍ਹ ਬਿਜਲੀ ਵਿਭਾਗ ਨੂੰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਘੱਟ ਕੀਮਤ ਵਾਲੀ ਹਾਈਡਰੋ ਪਾਵਰ ਨੂੰ ਯਕੀਨੀ ਬਣਾਉਣਾ) ਤੋਂ ਅਨੁਕੂਲ ਲੰਬੀ ਮਿਆਦ ਦੀ ਊਰਜਾ ਵੰਡ ਦਿੱਤੀ ਗਈ ਹੈ ਅਤੇ ਨਾਲ ਹੀ ਘੱਟ ਕੀਮਤ ਵਾਲੀ ਬਿਜਲੀ ਯਕੀਨੀ ਬਣਾਉਣ ਲਈ ਕੇਂਦਰੀ ਸੈਕਟਰ ਜਨਰੇਸ਼ਨ ਸਟੇਸ਼ਨਾਂ ਤੋਂ ਵੀ ਅਲਾਟਮੈਂਟ ਦਿੱਤੀ ਗਈ ਹੈ। ਚੰਡੀਗੜ੍ਹ ਬਿਜਲੀ ਵਿਭਾਗ ਦਾ ਟੈਰਿਫ ਲਗਪਗ 4.50 ਰੁਪਏ ਪ੍ਰਤੀ ਯੂਨਿਟ ਹੈ ਜੋ ਦੇਸ਼ ਵਿੱਚ ਸਭ ਤੋਂ ਘੱਟ ਹੈ।

**ਬਿਜਲੀ ਮੁਲਾਜ਼ਮਾਂ ਸਬੰਧੀ ਟਰਾਂਸਫਰ ਸਕੀਮ ਤਿਆਰ ਨਾ ਕੀਤੇ ਜਾਣ ਦਾ ਦਾਅਵਾ**

ਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਆਫ ਇਲੈਕਟਰੀਸਿਟੀ ਐਂਪਲਾਈਜ਼ ਐਂਡ ਇੰਜਨੀਅਰਜ਼ ਦੇ ਆਗੂਆਂ ਨੇ ਦੋਸ਼ ਲਾਇਆ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਯੂਟੀ ਬਿਜਲੀ ਵਿਭਾਗ ਦੇ ਕਰਮਚਾਰੀਆਂ ਸਬੰਧੀ ਕੋਈ ਟਰਾਂਸਫਰ ਸਕੀਮ ਤਿਆਰ ਨਹੀਂ ਕੀਤੀ ਗਈ ਹੈ, ਜਿੱਥੇ ਪਹਿਲਾਂ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਕਰਮਚਾਰੀਆਂ ਅਨੁਸਾਰ ਮੰਨਿਆ ਜਾਂਦਾ ਸੀ। ਹੁਣ ਨਿੱਜੀਕਰਨ ਦੇ ਇਸ ਕਦਮ ਨਾਲ ਉਨ੍ਹਾਂ ਨੂੰ ਅਚਾਨਕ ਨਿੱਜੀ ਖੇਤਰ ਦੇ ਕਾਮਿਆਂ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ, ਜੋ ਕਿ ਬਿਜਲੀ ਐਕਟ 2003 ਦੀ ਉਲੰਘਣਾ ਹੈ ਅਤੇ ਮੁਲਾਜ਼ਮਾਂ ਦੇ ਹਿੱਤਾਂ ਨਾਲ ਘੋਰ ਧੱਕਾ ਕੀਤਾ ਜਾ ਰਿਹਾ ਹੈ।

# ਜੇਲ੍ਹ 'ਚ ਬੰਦ ਯੂਪੀ ਦੇ ਵਿਧਾਇਕ ਅੱਬਾਸ ਅੰਸਾਰੀ ਨੂੰ ਜਾਨ ਦਾ ਖ਼ਤਰਾ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਕਾਬਲੇ ਦੇ ਡਰ ਤੋਂ ਉੱਤਰ ਪ੍ਰਦੇਸ਼ ਦੇ ਵਿਧਾਇਕ ਅੱਬਾਸ ਅੰਸਾਰੀ ਨੇ ਅੱਜ ਸੁਪਰੀਮ ਕੋਰਟ ਤੋਂ ਮੰਗ ਕੀਤੀ ਕਿ ਗੈਂਗਸਟਰ ਐਕਟ ਤਹਿਤ ਦਰਜ ਇਕ ਕੇਸ ਦੀ ਹੇਠਲੀ ਅਦਾਲਤ 'ਚ ਚੱਲ ਰਹੀ ਸੁਣਵਾਈ ਦੌਰਾਨ ਉਸ ਨੂੰ ਵਰਚੁਅਲੀ ਪੇਸ਼ੀ ਭੁਗਤਣ ਦੀ ਇਜਾਜ਼ਤ ਦਿੱਤੀ ਜਾਵੇ। ਗੈਂਗਸਟਰ ਤੋਂ ਸਿਆਸਤਦਾਨ ਬਣੇ ਮਰਹੂਮ ਮੁਖਤਾਰ ਅੰਸਾਰੀ ਦੇ ਪੁੱਤਰ ਅੱਬਾਸ ਅੰਸਾਰੀ ਵੱਲੋਂ ਪੇਸ਼ ਹੋਏ ਵਕੀਲ ਕਪਿਲ ਸਿੱਬਲ ਨੇ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਐੱਨ ਕੋਟਿਸ਼ਵਰ ਸਿੰਘ ਦੇ ਬੈਂਚ ਨੂੰ ਸੂਚਿਤ ਕੀਤਾ ਕਿ ਅੰਸਾਰੀ ਪਹਿਲਾਂ ਕਾਸਗੰਜ ਜੇਲ੍ਹ ਤੋਂ ਵਰਚੁਅਲੀ ਪੇਸ਼ੀ ਭੁਗਤਦਾ ਸੀ ਪਰ ਹੁਣ ਇਹ ਸਹੂਲਤ ਬੰਦ ਕਰ ਦਿੱਤੀ ਗਈ ਹੈ। ਸਿੱਬਲ ਨੇ ਕਿਹਾ, "ਕ੍ਰਿਪਾ ਕਰ ਕੇ ਮੈਨੂੰ ਅਦਾਲਤੀ ਕਾਰਵਾਈ ਵਿੱਚ ਵੀਡੀਓ ਕਾਨਫ਼ਰੰਸਿੰਗ ਰਾਹੀ ਪੇਸ਼ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਅੱਜਕੱਲ੍ਹ ਜੇਲ੍ਹ ਤੇ ਅਦਾਲਤ ਵਿਚਾਲੇ ਕਾਫੀ ਕੁਝ ਵਾਪਰ ਰਿਹਾ ਹੈ। ਜੇਲ੍ਹ ਤੋਂ ਅਦਾਲਤ ਤੱਕ ਲਿਜਾਂਦੇ ਹੋਏ ਲੋਕਾਂ ਨੂੰ ਕਤਲ ਕਰ ਦਿੱਤਾ ਜਾਂਦਾ ਹੈ।"

# ਧਰਤ ਸੁਹਾਵੀ ਤਾਲ ਸੁਹਾਵਾ

*ਪੰਜਾਬ 'ਚ ਜ਼ਮੀਨਦੋਜ਼ ਪਾਣੀ ਦੇ ਡਿੱਗਦੇ ਪੱਧਰ ਤੇ ਗੰਦਲੇਪਨ ਲਈ ਸਿਰਫ਼ ਕਿਸਾਨਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਪੰਜਾਬ 'ਚ ਕਿਸਾਨਾਂ ਦੇ ਕਰੀਬ 14 ਲੱਖ ਟਿਊਬਵੈੱਲ ਹਨ ਜਦਕਿ ਗ਼ੈਰ ਖੇਤੀ ਖੇਤਰ 'ਚ 25 ਲੱਖ ਟਿਊਬਵੈੱਲ ਹਨ...*

• ਡਾ. ਰਣਜੀਤ ਸਿੰਘ
94170-87328

ਹੁਣ ਤਕ ਪੰਜਾਬ 'ਚ ਜ਼ਮੀਨਦੋਜ਼ ਪਾਣੀ ਦਾ ਪੱਧਰ ਡਿੱਗਣ ਬਾਰੇ ਹੀ ਚਰਚਾ ਹੁੰਦੀ ਸੀ ਪਰ ਭਾਰਤ ਸਰਕਾਰ ਦੀ ਇਕ ਰਿਪੋਰਟ ਅਨੁਸਾਰ ਪੰਜਾਬ ਦੇ ਪਾਣੀ 'ਚ ਧਾਤਾਂ ਦੀ ਮਾਤਰਾ ਸਾਰੇ ਦੇਸ਼ ਨਾਲੋਂ ਵੱਧ ਹੈ। ਪੰਜਾਬ ਕੋਲ ਦੇਸ਼ ਦਾ ਸਿਰਫ਼ ਦੋ ਫ਼ੀਸਦੀ ਰਕਬਾ ਹੈ ਪਰ ਇਥੋਂ ਦਾ 88 ਫ਼ੀਸਦੀ ਪਾਣੀ ਭਾਰੀਆਂ ਧਾਤਾਂ ਨਾਲ ਭਰਿਆ ਹੋਇਆ ਹੈ। ਦੇਸ਼ ਦੇ 2,430 ਪਿੰਡ ਅਜਿਹੇ ਪਾਣੀ ਵਾਲੇ ਹਨ। ਇਨ੍ਹਾਂ ਵਿੱਚੋਂ 2139 ਪਿੰਡ ਇਕੱਲੇ ਪੰਜਾਬ 'ਚ ਹਨ। ਉਹ ਪੰਜਾਬ, ਜਿਸ ਨੂੰ ਆਪਣੇ ਪਾਣੀਆਂ ਉੱਤੇ ਮਾਣ ਸੀ ਅੱਜ ਇਸ ਦਾ ਅੰਮ੍ਰਿਤ ਵਰਗਾ ਪਵਿੱਤਰ ਪਾਣੀ ਬੁਰੀ ਤਰ੍ਹਾਂ ਗੰਧਲਾ ਹੋ ਚੁੱਕਾ ਹੈ।





## ਪਵਿੱਤਰਤਾ 'ਚ ਘੁਲੀ ਜ਼ਹਿਰ

### ਪਾਣੀ ਦੀ ਬੇਰਹਿਮੀ ਨਾਲ ਵਰਤੋਂ

ਹੁਣ ਤਕ ਅਸੀਂ ਪਾਣੀ ਦੇ ਡਿੱਗ ਰਹੇ ਪੱਧਰ ਤੇ ਗੰਧਲੇਪਨ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਸਾਂ ਪਰ ਹੁਣ ਸਮਾਂ ਆ ਗਿਆ ਹੈ ਕਿ ਪਾਣੀ ਸਬੰਧੀ ਗੰਭੀਰ ਚਿੰਤਨ ਕੀਤਾ ਜਾਵੇ। ਪੰਜਾਬ ਦੀ ਧਰਤੀ ਸੇਂਜੂ ਹੋਣ ਕਰਕੇ ਕਿਸਾਨਾਂ ਵੱਲੋਂ ਪਾਣੀ ਦੀ ਵਰਤੋਂ 'ਚ ਵਾਧਾ ਹੋਇਆ ਹੈ ਪਰ ਇਹ ਵੀ ਸੋਚਣਾ ਚਾਹੀਦਾ ਹੈ ਕਿ ਉਹ ਪਾਣੀ ਦੀ ਵਰਤੋਂ ਅੰਨ ਦੀ ਪੈਦਾਵਾਰ ਲਈ ਕਰਦਾ ਹੈ। ਖੇਤਾਂ ਵਿੱਚੋਂ ਪਾਣੀ ਦਾ ਕੁਝ ਹਿੱਸਾ ਮੁੜ ਧਰਤੀ 'ਚ ਰੀਚਾਰਜ ਹੋ ਜਾਂਦਾ ਹੈ ਤੇ ਕੁਝ ਉਪਜ ਦੇ ਰੂਪ 'ਚ ਵਾਪਸ ਆਉਂਦਾ ਹੈ ਪਰ ਸਾਡੇ ਘਰਾਂ ਤੇ ਸ਼ਹਿਰਾਂ 'ਚ ਜਿਸ ਬੇਰਹਿਮੀ ਨਾਲ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ ਉਸ ਵੱਲ ਕਿਸੇ ਦਾ ਧਿਆਨ ਨਹੀਂ ਗਿਆ। ਪੰਜਾਬ 'ਚ ਕਿਸਾਨਾਂ ਦੇ ਕਰੀਬ 14 ਲੱਖ ਟਿਊਬਵੈੱਲ ਹਨ ਤੇ ਇਹ ਉਦੋਂ ਹੀ ਚੱਲਦੇ ਹਨ ਜਦੋਂ ਲੋੜ ਹੋਵੇ ਪਰ ਗ਼ੈਰ ਖੇਤੀ ਖੇਤਰ 'ਚ 25 ਲੱਖ ਟਿਊਬਵੈੱਲ ਹਨ ਤੇ ਉਹ ਹਮੇਸ਼ਾ ਚੱਲਦੇ ਹਨ।

ਸ਼ਹਿਰਾਂ ਤੇ ਕਸਬਿਆਂ ਦੇ ਪਾਰਕਾਂ 'ਚ ਲੱਗੀਆਂ ਟੂਟੀਆਂ ਕਦੇ ਬੰਦ ਨਹੀਂ ਹੁੰਦੀਆਂ। ਰੋਜ਼ ਸਵੇਰੇ ਘਰਾਂ ਅੱਗੇ ਕਾਰਾਂ ਧੋਈਆਂ ਜਾਂਦੀਆਂ ਹਨ ਤੇ ਘਰਾਂ ਦੇ ਵਿਹੜੇ ਵੀ ਪਾਣੀ ਨਾਲ ਹੀ ਧੋਤੇ ਜਾਂਦੇ ਹਨ। ਗੁਸਲਖ਼ਾਨਿਆਂ 'ਚ ਟੂਟੀਆਂ ਖੁੱਲ੍ਹੀਆਂ ਰਹਿੰਦੀਆਂ ਹਨ। ਕੋਈ ਸਮਾਂ ਸੀ ਜਦੋਂ ਵਿਅਕਤੀ ਇਕ ਬਾਲਟੀ ਨਾਲ ਨਹਾ ਲੈਂਦੇ ਸਨ ਪਰ ਹੁਣ ਬੇਰਹਿਮੀ ਨਾਲ ਗੁਸਲਖ਼ਾਨੇ ਵਿਚ ਅਤੇ ਫਲੱਸ਼ ਲਈ ਪਾਣੀ ਵਰਤਿਆ ਜਾਂਦਾ ਹੈ। ਨਹਾਉਣ ਤੇ ਕੱਪੜੇ ਧੋਣ ਲਈ ਵਰਤੇ ਜਾਂਦੇ ਸਾਬਣ, ਬਰਤਣ ਸਾਫ਼ ਕਰਨ ਵਾਲੇ ਰਸਾਇਣ ਤੇ ਹੋਰ ਗੰਦ-ਮੰਦ ਸਭ ਪਾਣੀ ਵਿਚ ਰਲਦੇ ਹਨ।

### ਸਿਰਫ਼ ਕਿਰਸਾਨੀ ਹੀ ਜ਼ਿੰਮੇਵਾਰ ਨਹੀਂ

ਪੰਜਾਬ ਵਿਚ ਬਹੁਤ ਘੱਟ ਅਜਿਹੇ ਕਾਰਖ਼ਾਨੇ ਹਨ, ਜਿਹੜੇ ਵਰਤਣ ਨਾਲ ਗੰਦੇ ਹੋਏ ਪਾਣੀ ਨੂੰ ਸਾਫ਼ ਕਰਦੇ ਹਨ। ਇਨ੍ਹਾਂ ਕਾਰਖ਼ਾਨਿਆਂ ਦੀਆਂ ਧਾਤਾਂ ਤੇ ਰਸਾਇਣ ਪਾਣੀ ਵਿਚ ਰਲਦੇ ਹਨ। ਲੁਧਿਆਣੇ ਵਿੱਚੋਂ ਲੰਘਦਾ ਬੁੱਢਾ ਦਰਿਆ ਹੁਣ ਗੰਦਾ ਨਾਲਾ ਬਣ ਚੁੱਕਾ ਹੈ। ਸਾਰੇ ਸ਼ਹਿਰਾਂ, ਕਸਬਿਆਂ ਦੇ ਸੀਵਰੇਜ ਦਾ ਪਾਣੀ ਵੀ ਬਿਨਾਂ ਸਾਫ਼ ਕੀਤਿਆਂ ਧਰਤੀ ਹੇਠਲੇ ਪਾਣੀ ਵਿਚ ਮਿਲ ਰਿਹਾ ਹੈ। ਦੇਸ਼ ਵਿਚ 'ਸਵੱਛ ਭਾਰਤ ਮੁਹਿੰਮ' ਹੇਠ ਹਰੇਕ ਘਰ 'ਚ ਪਾਖ਼ਾਨੇ ਬਣਾਏ ਗਏ ਹਨ। ਇਨ੍ਹਾਂ ਪਾਖ਼ਾਨਿਆਂ ਦਾ ਸਾਰਾ ਮਲ-ਮੂਤਰ ਧਰਤੀ ਹੇਠਲੇ ਪਾਣੀ ਵਿਚ ਰਲਦਾ ਹੈ। ਇਹ ਸਕੀਮ ਤਾਂ ਵਧੀਆ ਹੈ ਪਰ ਮਲ-ਮੂਤਰ ਨੂੰ ਧਰਤੀ ਹੇਠਲੇ ਪਾਣੀ ਨਾਲ ਮਿਲਣ ਤੋਂ ਰੋਕਣਾ ਵੀ ਬੇਹੱਦ ਜ਼ਰੂਰੀ ਹੈ। ਕਿਸਾਨਾਂ ਵੱਲੋਂ ਵਰਤੀਆਂ ਜਾਂਦੀਆਂ ਰਸਾਇਣਕ ਖਾਦ ਤੇ ਕੀਟ ਨਾਸ਼ਕਾਂ ਦਾ ਬਹੁਤ ਘੱਟ ਹਿੱਸਾ ਜ਼ਮੀਨਦੋਜ਼ ਪਾਣੀ ਵਿਚ ਜਾਂਦਾ ਹੈ ਕਿਉਂਕਿ ਖਾਦਾਂ ਦੀ ਵਰਤੋਂ ਬੂਟੇ ਕਰ ਲੈਂਦੇ ਹਨ ਤੇ ਜ਼ਹਿਰਾਂ ਮਿੱਥੇ ਹੋਏ ਸਮੇਂ ਤੋਂ ਬਾਅਦ ਬੇਅਸਰ ਹੋ ਜਾਂਦੀਆਂ ਹਨ।

ਖੇਤੀ ਰਸਾਇਣਾਂ ਨਾਲ ਜੇ ਵਾਤਾਵਰਨ ਖ਼ਰਾਬ ਵੀ ਹੁੰਦਾ ਹੈ ਤਾਂ ਉਸ ਤੋਂ ਕਿਤੇ ਵੱਧ ਕਿਸਾਨਾਂ ਦੀਆਂ ਫ਼ਸਲਾਂ ਵਾਤਾਵਰਨ ਨੂੰ ਸ਼ੁੱਧ ਕਰਦੀਆਂ ਹਨ। ਵਪਾਰੀ ਵੀ ਵੱਡੇ ਪੱਧਰ 'ਤੇ ਖੇਤੀ ਉਪਜ ਵਿਚ ਰਸਾਇਣਾਂ ਦੀ ਵਰਤੋਂ ਕਰ ਰਹੇ ਹਨ। ਫਲਾਂ ਨੂੰ ਰਸਾਇਣਾਂ ਨਾਲ ਪਕਾਇਆ ਜਾਂਦਾ ਹੈ। ਦਾਲਾਂ ਪਾਲਿਸ਼ ਕੀਤੀਆਂ ਜਾਂਦੀਆਂ ਹਨ। ਉਪਜ ਵਿਚ ਮਿਲਾਵਟ ਕੀਤੀ ਜਾਂਦੀ ਹੈ। ਨਕਲੀ ਦੁੱਧ, ਪਨੀਰ ਤੇ ਖੋਇਆ ਬਣਾਇਆ ਜਾਂਦਾ ਹੈ। ਇਹ ਚੀਜ਼ਾਂ ਮਨੁੱਖੀ ਸਿਹਤ ਉੱਪਰ ਕਿਤੇ ਜ਼ਿਆਦਾ ਮਾਰੂ ਅਸਰ ਪਾ ਰਹੀਆਂ ਹਨ। ਉਨ੍ਹਾਂ ਨੂੰ ਮਨੁੱਖੀ ਸਿਹਤ ਨਾਲ ਖੇਡਣ ਦਾ ਕੋਈ ਹੱਕ ਨਹੀਂ ਹੈ।

> **ਖੇਤੀ ਜ਼ਹਿਰਾਂ ਦੀ ਲੋੜ ਅਨੁਸਾਰ ਵਰਤੋਂ**
>
> *ਕਿਸਾਨਾਂ ਨੂੰ ਚਾਹੀਦਾ ਹੈ ਕਿ ਲੋੜ ਤੋਂ ਵੱਧ ਰਸਾਇਣਾਂ ਦੀ ਵਰਤੋਂ ਨਾ ਕੀਤੀ ਜਾਵੇ। ਕਈ ਕਿਸਾਨ ਸਿਫ਼ਾਰਸ਼ ਤੋਂ ਵੱਧ ਯੂਰੀਏ ਦੀ ਵਰਤੋਂ ਕਰਦੇ ਹਨ। ਲੋੜ ਤੋਂ ਵੱਧ ਵਰਤੋਂ ਝਾੜ 'ਤੇ ਮਾੜਾ ਅਸਰ ਪਾਉਂਦੀ ਹੈ। ਖੇਤੀ ਜ਼ਹਿਰਾਂ ਦੀ ਵਰਤੋਂ ਮਾਹਿਰਾਂ ਦੀ ਸਲਾਹ ਨਾਲ ਹੀ ਕਰਨੀ ਚਾਹੀਦੀ ਹੈ। ਪਿਛਲੇ ਦੋ ਸਾਲਾਂ ਤੋਂ ਨਰਮਾ ਪੱਟੀ ਵਿਚ ਚਿੱਟੀ ਮੱਖੀ ਦੀ ਰੋਕਥਾਮ ਸੰਯੁਕਤ ਕੀਟ ਪ੍ਰਬੰਧ ਰਾਹੀਂ ਬਹੁਤ ਘੱਟ ਮਾਤਰਾ ਵਿਚ ਜ਼ਹਿਰਾਂ ਦੀ ਵਰਤੋਂ ਨਾਲ ਕੀਤੀ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਜੈਵਿਕ ਖੇਤੀ ਸਬੰਧੀ ਖੋਜ ਲਈ ਇਕ ਵੱਖਰਾ ਵਿਭਾਗ ਬਣਾਇਆ ਗਿਆ ਹੈ। ਇਸੇ ਤਰ੍ਹਾਂ ਝੋਨੇ ਦੀਆਂ ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ, ਜਿਹੜੀਆਂ ਸਿਰਫ਼ ਤਿੰਨ ਮਹੀਨੇ ਵਿਚ ਤਿਆਰ ਹੋ ਜਾਂਦੀਆਂ ਹਨ। ਕਿਸਾਨਾਂ ਨੂੰ ਚਾਹੀਦਾ ਹੈ ਕਿ ਲੋੜ ਤੋਂ ਵੱਧ ਪਾਣੀ ਦੀ ਵਰਤੋਂ ਨਾ ਕੀਤੀ ਜਾਵੇ ਸਗੋਂ ਵਿਗਿਆਨਕ ਸਿੰਚਾਈ ਢੰਗਾਂ ਨੂੰ ਅਪਣਾ ਕੇ ਪਾਣੀ ਦੀ ਬੱਚਤ ਕਰਨੀ ਜ਼ਿਆਦਾ ਬਿਹਤਰ ਹੈ।*



### ਸਮੂਹਿਕ ਉਪਰਾਲਿਆਂ ਦੀ ਲੋੜ

ਪੰਜਾਬ ਵਿਚ ਮੋਟਰ ਗੱਡੀਆਂ ਦੀ ਗਿਣਤੀ ਦੂਜੇ ਸੂਬਿਆਂ ਦੇ ਮੁਕਾਬਲੇ ਕਿਤੇ ਜ਼ਿਆਦ ਹੈ। ਡੀਜ਼ਲ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਬਹੁਤੇ ਘਰਾਂ, ਵਾਹਨਾਂ, ਦਫ਼ਤਰਾਂ ਤੇ ਦੁਕਾਨਾਂ 'ਚ ਕਈ-ਕਈ ਏਅਰ ਕੰਡੀਸ਼ਨਰ ਲੱਗੇ ਹੋਏ ਹਨ। ਇਨ੍ਹਾਂ ਕਾਰਨ ਪ੍ਰਦੂਸ਼ਣ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬੀ ਔਰਤਾਂ ਤੇ ਮਰਦ ਸਾਰੇ ਸੂਬਿਆਂ ਤੋਂ ਵੱਧ ਬਣ-ਠਣ ਕੇ ਰਹਿਣ 'ਚ ਵਿਸ਼ਵਾਸ ਰੱਖਦੇ ਹਨ। ਹਾਰ-ਸ਼ਿੰਗਾਰ ਦੀਆਂ ਬਹੁਤੀਆਂ ਵਸਤਾਂ ਵਿਚ ਰਸਾਇਣ ਹੀ ਹੁੰਦੇ ਹਨ। ਪਲਾਸਟਿਕ ਦੀ ਵੀ ਸਭ ਤੋਂ ਵੱਧ ਵਰਤੋਂ ਇਥੇ ਹੀ ਹੁੰਦੀ ਹੈ। ਸਾਰੀਆਂ ਇਮਾਰਤਾਂ ਉੱਤੇ ਮਹਿੰਗੇ ਤੋਂ ਮਹਿੰਗੇ ਪੇਂਟ ਕੀਤੇ ਜਾਂਦੇ ਹਨ। ਇਨ੍ਹਾਂ ਸਭਨਾਂ ਵਿਚ ਜ਼ਹਿਰੀਲੇ ਤੱਤ ਹੁੰਦੇ ਹਨ। ਇਹ ਜ਼ਹਿਰੀਲੇ ਤੱਤ ਪਾਣੀ, ਧਰਤੀ ਅਤੇ ਵਾਤਾਵਰਨ ਵਿਚ ਮਿਲ ਕੇ ਇਨ੍ਹਾਂ ਨੂੰ ਪ੍ਰਦੂਸ਼ਤ ਕਰ ਰਹੇ ਹਨ।

ਪੰਜਾਬ ਦੇ ਪਾਣੀ ਅਤੇ ਵਾਤਾਵਰਨ ਨੂੰ ਬਚਾਉਣਾ ਪੰਜਾਬ ਵਾਸੀਆਂ ਦੀ ਸਮੂਹਿਕ ਜ਼ਿੰਮੇਵਾਰੀ ਹੈ। ਸਿਰਫ਼ ਕਿਸਾਨਾਂ ਦੇ ਸਿਰ ਪ੍ਰਦੂਸ਼ਣ ਦੀ ਜ਼ਿੰਮੇਵਾਰੀ ਮੜ੍ਹ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਜੇ ਸਿਰਫ਼ ਕਿਸਾਨ ਹੀ ਇਸ ਵਰਤਾਰੇ ਲਈ ਜ਼ਿੰਮੇਵਾਰ ਹੁੰਦੇ ਤਾਂ ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਦੇ ਪਾਣੀ ਦੀ ਸਥਿਤੀ ਵੀ ਪੰਜਾਬ ਵਾਲੀ ਹੀ ਹੋਣੀ ਸੀ ਪਰ ਅਜਿਹਾ ਨਹੀਂ ਹੋਇਆ। ਇਸ ਲਈ ਇਕੱਲੇ ਕਿਸਾਨ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਅਤੇ ਸਾਰਿਆਂ ਨੂੰ ਮਿਲ ਕੇ ਇਸ ਦੀ ਜ਼ਿੰਮੇਵਾਰੀ ਵੀ ਲੈਣੀ ਪਵੇਗੀ ਅਤੇ ਮੁਕਤੀ ਦੇ ਉਪਰਾਲੇ ਵੀ ਸਮੂਹਿਕ ਤੌਰ 'ਤੇ ਕਰਨੇ ਪੈਣਗੇ।

### ਸਰਕਾਰ ਵੀ ਪਛਾਣੇ ਆਪਣੀ ਜ਼ਿੰਮੇਵਾਰੀ

ਪਾਣੀ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਅਤੇ ਇਸ ਦੀ ਵਰਤੋਂ ਘੱਟ ਕਰਨ ਲਈ ਜਿਥੇ ਸਰਕਾਰੀ ਤੰਤਰ ਦੀ ਜ਼ਿੰਮੇਵਾਰੀ ਹੈ ਉਥੇ ਸਾਰੇ ਨਾਗਰਿਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਸਮੱਸਿਆ ਦੇ ਹੱਲ ਲਈ ਪੂਰਾ ਯੋਗਦਾਨ ਪਾਉਣ। ਲੋਕਰਾਜ ਵਿਚ ਸਰਕਾਰ ਨਾਲੋਂ ਵੱਧ ਜ਼ਿੰਮੇਵਾਰੀ ਲੋਕਾਂ ਦੀ ਹੁੰਦੀ ਹੈ। ਫੈਕਟਰੀ ਮਾਲਕ ਸੁਲਝੇ ਹੋਏ ਵਿਅਕਤੀ ਹੁੰਦੇ ਹਨ,। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਫੈਕਟਰੀ 'ਚ ਵਰਤੇ ਜਾਂਦੇ ਪਾਣੀ ਨੂੰ ਸ਼ੁੱਧ ਕਰ ਕੇ ਨਹਿਰਾਂ, ਦਰਿਆਵਾਂ ਅਤੇ ਹੋਰ ਕੁਦਰਤੀ ਵਸੀਲਿਆਂ 'ਚ ਮਿਲਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪ੍ਰਦੂਸ਼ਣ ਦੀ ਰੋਕਥਾਮ ਲਈ ਬਣੇ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਵਾਏ। ਖ਼ੁਸ਼ਕਿਸਮਤੀ ਨਾਲ ਇਕ ਇਮਾਨਦਾਰ ਅਫ਼ਸਰ ਇਸ ਸਮੇਂ ਇਸ ਦਾ ਮੁਖੀ ਹੈ। ਜੇ ਹੁਣ ਵੀ ਅਜਿਹਾ ਨਾ ਹੋਇਆ ਤਾਂ ਫਿਰ ਕਦੇ ਨਹੀਂ ਹੋ ਸਕੇਗਾ।

ਸ਼ਹਿਰਾਂ ਦੀਆਂ ਕਾਰਪੋਰੇਸ਼ਨਾਂ ਤੇ ਕਮੇਟੀਆਂ ਨੂੰ ਸੀਵਰੇਜ ਦੇ ਪਾਣੀ ਨੂੰ ਸ਼ੁੱਧ ਕਰਨ ਲਈ ਰੀ-ਟਰੀਟਮੈਂਟ ਪਲਾਂਟ ਲਗਾਉਣੇ ਚਾਹੀਦੇ ਹਨ। ਸ਼ੁੱਧ ਕੀਤਾ ਇਹ ਪਾਣੀ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਇਸੇ ਤਰ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਰਨਾ ਚਾਹੀਦਾ ਹੈ। ਕਿਸੇ ਵੀ ਪਿੰਡ ਜਾਂ ਸ਼ਹਿਰ ਦਾ ਗੰਦਾ ਪਾਣੀ ਦਰਿਆਵਾਂ ਤੇ ਹੋਰ ਕੁਦਰਤੀ ਵਸੀਲਿਆਂ 'ਚ ਨਹੀਂ ਜਾਣਾ ਚਾਹੀਦਾ। ਸਰਕਾਰ ਦਾ ਫ਼ਰਜ਼ ਹੈ ਕਿ ਪਹਿਲ ਦੇ ਆਧਾਰ 'ਤੇ ਪਾਣੀ ਸ਼ੁੱਧ ਕਰਨ ਦੇ ਪਲਾਂਟ ਲਗਾਏ ਜਾਣ। ਆਮ ਲੋਕਾਂ ਦਾ ਵੀ ਫ਼ਰਜ਼ ਹੈ ਕਿ ਪਾਣੀ ਦੀ ਵਰਤੋਂ ਸਿਰਫ਼ ਜ਼ਰੂਰਤ ਅਨੁਸਾਰ ਹੀ ਕੀਤੀ ਜਾਵੇ। ਘਰ ਦੇ ਗੰਦ-ਮੰਦ ਨੂੰ ਸੀਵਰੇਜ ਦੇ ਪਾਣੀ 'ਚ ਨਾ ਪਾਇਆ ਜਾਵੇ। ਘਰਾਂ ਵਿਚ ਵੀ ਰਸਾਇਣਾਂ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਪਲਾਸਟਿਕ ਦੀ ਵਰਤੋਂ ਉੱਪਰ ਕਾਨੂੰਨੀ ਤੌਰ 'ਤੇ ਪਾਬੰਦੀ ਲਗਾਈ ਗਈ ਹੈ ਇਸ ਸਬੰਧੀ ਕਾਨੂੰਨ ਨੂੰ ਅਮਲੀ ਰੂਪ 'ਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਆਓ, ਆਪਣੇ ਫ਼ਰਜ਼ਾਂ ਨੂੰ ਪਛਾਣੀਏ ਤੇ ਪਾਣੀ ਦੀ ਸ਼ੁੱਧਤਾ ਕਾਇਮ ਰੱਖਣ 'ਚ ਯੋਗਦਾਨ ਪਾਈਏ। ਜੇ ਅਜਿਹਾ ਨਾ ਕੀਤਾ ਗਿਆ ਤਾਂ ਇਕ ਦਿਨ ਸਾਨੂੰ ਬੋਤਲਾਂ ਦੇ ਪਾਣੀ ਉੱਤੇ ਨਿਰਭਰ ਹੋਣਾ ਪਵੇਗਾ। •

---



# ਬਹਾਰ ਰੁੱਤੇ ਭਿੰਡੀ ਦੀ ਸਫਲ ਕਾਸ਼ਤ

*ਭਿੰਡੀ ਦੀ ਕਾਸ਼ਤ ਮਾਰਚ ਦੇ ਅਖ਼ੀਰ ਤਕ ਕੀਤੀ ਜਾ ਸਕਦੀ ਹੈ ਤੇ ਇਹ ਹਰ ਤਰ੍ਹਾਂ ਦੀ ਜ਼ਮੀਨ 'ਤੇ ਉਗਾਈ ਜਾ ਸਕਦੀ ਹੈ। ਰੇਤਲੀ ਮੈਰਾ ਤੋਂ ਮੈਰਾ ਜ਼ਮੀਨ ਇਸ ਦੀ ਕਾਸ਼ਤ ਲਈ ਢੁੱਕਵੀਂ ਹੈ।*

• ਮਮਤਾ ਪਾਠਕ, ਰੂਮਾ ਦੇਵੀ
94630-35028

ਭਿੰਡੀ ਬਹਾਰ ਰੁੱਤ ਦੀ ਮਹੱਤਵਪੂਰਨ ਸਬਜ਼ੀ ਹੈ। ਇਸ ਰੁੱਤ ਵਿਚ ਇਸ ਉੱਪਰ ਪੀਲੀਏ ਰੋਗ ਦਾ ਹਮਲਾ ਘੱਟ ਹੁੰਦਾ ਹੈ। ਭਿੰਡੀ ਦੀ ਸਫਲ ਪੈਦਾਵਾਰ ਲਈ ਲੰਬੇ ਗਰਮ ਤੇ ਸਿਲ੍ਹੇ ਮੌਸਮ ਦੀ ਲੋੜ ਹੁੰਦੀ ਹੈ। ਭਿੰਡੀ ਦੇ ਬੀਜ ਦੀ ਪੁੰਗਰਨ ਸ਼ਕਤੀ ਤਾਪਮਾਨ 'ਤੇ ਨਿਰਭਰ ਕਰਦੀ ਹੈ, ਜਿਹੜੇ ਕਿ 20 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੋਂ ਥੱਲੇ ਨਹੀਂ ਪੁੰਗਰਦੇ ਅਤੇ ਪੁੰਗਰਨ ਵਾਸਤੇ ਢੁੱਕਵਾਂ ਤਾਪਮਾਨ 29 ਡਿਗਰੀ ਸੈਂਟੀਗ੍ਰੇਡ ਚਾਹੀਦਾ ਹੈ। ਭਿੰਡੀ ਹਰ ਤਰ੍ਹਾਂ ਦੀ ਜ਼ਮੀਨ 'ਤੇ ਉਗਾਈ ਜਾ ਸਕਦੀ ਹੈ। ਰੇਤਲੀ ਮੈਰਾ ਤੋਂ ਮੈਰਾ ਜ਼ਮੀਨ ਇਸ ਕਾਸ਼ਤ ਲਈ ਢੁੱਕਵੀਂ ਹੈ। ਭਿੰਡੀ ਹਲਕੀ ਤੇਜ਼ਾਬੀ ਜ਼ਮੀਨ ਨੂੰ ਸਹਿਣ ਦੀ ਸਮਰਥਾ ਰੱਖਦੀ ਹੈ।

> **ਬਿਜਾਈ ਦਾ ਸਮਾਂ**
>
> ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ ਵਿਚ ਬਹਾਰ ਰੁੱਤ 'ਚ ਭਿੰਡੀ ਦੀ ਬਿਜਾਈ ਮਾਰਚ ਮਹੀਨੇ ਦੇ ਅਖ਼ੀਰ ਤਕ ਵੱਟਾਂ ਉੱਪਰ ਕੀਤੀ ਜਾ ਸਕਦੀ ਹੈ। ਇਕ ਏਕੜ ਵਾਸਤੇ 8 ਤੋਂ 10 ਕਿੱਲੋ ਬੀਜ ਕਾਫ਼ੀ ਹੈ। ਕਤਾਰ ਤੋਂ ਕਤਾਰ ਦਾ ਫ਼ਾਸਲਾ 45 ਸੈਂਟੀਮੀਟਰ ਤੇ ਬੂਟਿਆਂ ਵਿਚਕਾਰ ਫ਼ਾਸਲਾ 15 ਸੈਂਟੀਮੀਟਰ ਹੋਣਾ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ 'ਚ ਭਿਉਂ ਲਿਆ ਜਾਵੇ ਤਾਂ ਬੀਜ ਅਗੇਤਾ ਤੇ ਇਕ-ਸਾਰ ਉੱਗਦਾ ਹੈ।

### ਉੱਨਤ ਕਿਸਮਾਂ

**ਪੰਜਾਬ ਸੁਹਾਵਣੀ** : ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਹੁੰਦੇ ਹਨ ਤੇ ਇਸ ਦੀ ਡੰਡੀ ਉੱਤੇ ਜਾਮਣੀ ਰੰਗ ਦੇ ਡੱਬ ਹੁੰਦੇ ਹਨ। ਇਸ ਕਿਸਮ ਦੇ ਪੱਤੇ ਡੂੰਘੇ ਕੱਟਵੇਂ, ਗੂੜ੍ਹੇ ਹਰੇ ਰੰਗ ਦੇ ਅਤੇ ਕਿਨਾਰੇ ਦੰਦਿਆਂ ਵਾਲੇ ਹੁੰਦੇ ਹਨ। ਇਸ ਕਿਸਮ ਦੇ ਪੱਤਿਆਂ, ਤਣੇ ਤੇ ਡੰਡੀ ਉੱਤੇ ਲੂੰ ਹੁੰਦੇ ਹਨ। ਇਸ ਦੇ ਫਲ ਦਰਮਿਆਨੇ ਲੰਬੇ, ਗੂੜ੍ਹੇ ਹਰੇ, ਨਰਮ ਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਇਹ ਕਿਸਮ ਪੀਲੀਏ ਰੋਗ ਨੂੰ ਸਹਿਣ ਦੇ ਸਮਰੱਥ ਹੈ। ਇਸ ਦਾ ਔਸਤ ਝਾੜ 49 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ-8** : ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ 'ਤੇ ਜਾਮਣੀ ਰੰਗ ਦੇ ਡੱਬ ਹੁੰਦੇ ਹਨ। ਇਸ ਦੇ ਫਲ ਪਤਲੇ, ਲੰਬੇ, ਗੂੜ੍ਹੇ ਹਰੇ ਰੰਗ ਦੇ ਅਤੇ ਪੰਜ ਨੁਕਰਾਂ ਵਾਲੇ ਹੁੰਦੇ ਹਨ। ਇਹ ਕਿਸਮ ਪੀਲੀਏ ਰੋਗ ਨੂੰ ਸਹਿਣ ਦੇ ਸਮਰੱਥ ਹੈ। ਇਹ ਕਿਸਮ ਫਲ-ਛੇਦਕ ਸੁੰਡੀ ਦੇ ਹਮਲੇ ਨੂੰ ਕੁਝ ਹੱਦ ਤੱਕ ਸਹਾਰ ਸਕਦੀ ਹੈ। ਔਸਤ ਝਾੜ 55 ਕੁਇੰਟਲ ਹੈ।

**ਪੰਜਾਬ ਪਦਮਨੀ** : ਇਸ ਦੇ ਫਲ ਤੇਜ਼ੀ ਨਾਲ ਵਧਦੇ ਹਨ। ਫਲ ਗੂੜ੍ਹੇ ਹਰੇ, ਪਤਲੇ, ਲੰਬੇ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ, ਜੋ ਕਾਫ਼ੀ ਦੇਰ ਤਕ ਨਰਮ ਰਹਿੰਦੇ ਹਨ। ਇਸ ਕਿਸਮ ਨੂੰ ਪੀਲੀਏ ਦੀ ਬਿਮਾਰੀ ਘੱਟ ਲੱਗਦੀ ਹੈ। ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ-7** : ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ 'ਤੇ ਜਾਮਨੀ ਰੰਗ ਦੇ ਡੱਬ ਹੁੰਦੇ ਹਨ। ਪੱਤਿਆਂ, ਤਣੇ ਅਤੇ ਡੰਡੀ ਉੱਪਰ ਲੂੰ ਹੁੰਦੇ ਹਨ। ਇਸ ਕਿਸਮ ਦੇ ਫਲ ਦਰਮਿਆਨੇ ਲੰਬੇ, ਹਰੇ, ਨਰਮ ਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਫਲ ਦੀ ਨੋਕ ਖੁੰਢੀ ਹੁੰਦੀ ਹੈ। ਇਹ ਕਿਸਮ ਵੀ ਪੀਲੀਏ ਨੂੰ ਸਹਿਣ ਦੇ ਸਮਰੱਥ ਹੈ। ਔਸਤ ਝਾੜ 45 ਕੁਇੰਟਲ ਹੈ।

### ਨਦੀਨਾਂ ਦੀ ਰੋਕਥਾਮ

ਨਦੀਨਾਂ ਦੀ ਰੋਕਥਾਮ ਲਈ 3 ਤੋਂ 4 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਬੀਜ ਉੱਗਣ ਤੋਂ 2 ਹਫ਼ਤੇ ਬਾਅਦ ਕਰੋ। ਇਸ ਪਿੱਛੋਂ ਪੰਦਰਾਂ-ਪੰਦਰਾਂ ਦਿਨ ਬਾਅਦ ਗੋਡੀ ਕਰਦੇ ਰਹੋ। ਨਦੀਨਾਂ ਦੀ ਰੋਕਥਾਮ ਵਾਸਤੇ ਦਵਾਈਆਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਫ਼ਸਲ ਬੀਜਣ ਤੋਂ 4 ਦਿਨ ਪਹਿਲਾਂ ਇਕ ਲਿਟਰ ਬਾਸਾਲਿਨ 45 ਈਸੀ ਦਾ ਪ੍ਰਤੀ ਏਕੜ ਛਿੜਕਾਅ ਕਰੋ ਤੇ ਇਸ ਪਿੱਛੋਂ ਖੇਤ ਵਿਚ ਹੋਰ ਜ਼ਰੂਰ ਫੇਰੋ। ਜੇ ਉਕਤ ਦਵਾਈ ਨਾ ਮਿਲੇ ਤਾਂ 2 ਲਿਟਰ ਲਾਸੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ ਇਕ ਦਿਨ ਬਾਅਦ ਛਿੜਕੋ। ਦਵਾਈ ਨੂੰ 200-225 ਲਿਟਰ ਪਾਣੀ ਵਿਚ ਘੋਲ ਕੇ ਇਕਸਾਰ ਸਪਰੇਅ ਕਰੋ। ਜੇ ਇਸ ਪਿੱਛੋਂ ਵੀ ਖੇਤ 'ਚ ਕਾਫ਼ੀ ਨਦੀਨ ਹੋਣ ਤਾਂ ਬਿਜਾਈ ਤੋਂ 60 ਦਿਨ ਬਾਅਦ ਇਕ ਗੋਡੀ ਕਰੋ। ਸਟੌਂਪ 30 ਈਸੀ ਇਕ ਲਿਟਰ ਪ੍ਰਤੀ ਏਕੜ ਜਾਂ 750 ਮਿਲੀਲਿਟਰ ਪ੍ਰਤੀ ਏਕੜ (ਬਿਜਾਈ ਤੋਂ ਇਕ ਦਿਨ ਪਿੱਛੋਂ)+ਇਕ ਗੋਡੀ ਨਦੀਨਾਂ ਦੀ ਰੋਕਥਾਮ ਕਰਨ ਲਈ ਕਾਰਗਰ ਹੈ। ਇਸ ਤੋਂ ਇਲਾਵਾ ਲਾਸੋ 50 ਈਸੀ 2 ਲਿਟਰ ਪ੍ਰਤੀ ਏਕੜ ਬਿਜਾਈ ਤੋਂ ਇਕ ਦਿਨ ਬਾਅਦ ਵਰਤੀ ਜਾ ਸਕਦੀ ਹੈ।

> **ਸਿੰਚਾਈ**
>
> ਬਿਜਾਈ ਠੀਕ ਵੱਤਰ ਵਾਲੀ ਜ਼ਮੀਨ 'ਚ ਕਰੋ। ਗਰਮੀਆਂ 'ਚ ਪਹਿਲਾ ਪਾਣੀ 4-5 ਦਿਨ ਬਾਅਦ ਤੇ ਫਿਰ 6-7 ਦਿਨ ਦੇ ਵਕਫ਼ੇ 'ਤੇ ਲਾਓ। ਫ਼ਸਲ ਨੂੰ ਕੁੱਲ 10 ਤੋਂ 12 ਪਾਣੀਆਂ ਦੀ ਲੋੜ ਪੈਂਦੀ ਹੈ।

### ਖਾਦਾਂ

ਬਿਜਾਈ ਤੋਂ ਪਹਿਲਾ ਜ਼ਮੀਨ ਦੀ ਮਿੱਟੀ ਪਰਖ ਕਰਵਾ ਲੈਣੀ ਚਾਹੀਦੀ ਹੈ। ਖੇਤ ਦੀ ਤਿਆਰੀ ਵੇਲੇ 15-20 ਟਨ ਰੂੜੀ ਖੇਤ ਵਿਚ ਪਾਓ। ਭਰਪੂਰ ਫ਼ਸਲ ਲਈ 36 ਕਿੱਲੋ ਨਾਈਟ੍ਰੋਜਨ (80 ਕਿੱਲੋ ਯੂਰੀਆ) ਪ੍ਰਤੀ ਏਕੜ ਆਮ ਜ਼ਮੀਨਾਂ ਵਾਸਤੇ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਅੱਧੀ ਨਾਈਟ੍ਰੋਜਨ ਬਿਜਾਈ ਵੇਲੇ ਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ ਪਾਓ।

### ਤੁੜਾਈ

ਕਿਸਮ ਅਤੇ ਮੌਸਮ ਮੁਤਾਬਕ ਭਿੰਡੀ ਦੀ ਫ਼ਸਲ 45 ਤੋਂ 50 ਦਿਨਾਂ ਵਿਚ ਤੋੜਨ ਲਈ ਤਿਆਰ ਹੋ ਜਾਂਦੀ ਹੈ। ਛੋਟੀ ਤੇ ਨਰਮ ਭਿੰਡੀ ਵੱਡੀ ਭਿੰਡੀ ਦੇ ਮੁਕਾਬਲੇ ਜ਼ਿਆਦਾ ਮਹਿੰਗੀ ਵਿਕਦੀ ਹੈ। ਜਦੋਂ ਭਿੰਡੀ ਕਰੀਬ ਦਸ ਸੈਂਟੀਮੀਟਰ ਲੰਬੀ ਹੋਵੇ ਤਾਂ ਤੋੜ ਲੈਣੀ ਚਾਹੀਦੀ ਹੈ। ਆਮ ਤੌਰ 'ਤੇ 10 ਤੋਂ 12 ਤੁੜਾਈਆਂ ਕੀਤੀਆਂ ਜਾ ਸਕਦੀਆਂ ਹਨ। •

---

*ਮਿੱਤਰ ਕੀੜਿਆਂ ਦੁਆਰਾ ਹਾਨੀਕਾਰਕ ਕੀੜਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕਦਾ ਹੈ। ਮਿੱਤਰ ਕੀੜੇ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਨੂੰ ਨਸ਼ਟ ਕਰਨ ਤੇ ਕੁਦਰਤ 'ਚ ਸਮਤੋਲ ਬਣਾਈ ਰੱਖਣ 'ਚ ਮਦਦ ਕਰਦੇ ਹਨ...*

# ਦੁਸ਼ਮਣ ਕੀੜਿਆਂ ਦੇ ਦੁਸ਼ਮਣ ਪਰਭਕਸ਼ੀ ਕੀੜੇ



• ਰਾਬਿੰਦਰ ਕੌਰ, ਪੀਐੱਸ ਸ਼ੇਰਾ
98888-83969

ਪੰਜਾਬ ਵਿਚ ਕਣਕ, ਸਿਆਲੂ ਮੱਕੀ, ਬਹਾਰ ਰੁੱਤ ਦੀ ਮੱਕੀ, ਸਰ੍ਹੋਂ, ਸੂਰਜਮੁਖੀ, ਅਲਸੀ, ਛੋਲੇ ਆਦਿ ਹਾੜ੍ਹੀ ਦੀਆਂ ਮੁੱਖ ਫ਼ਸਲਾਂ ਹਨ। ਇਨ੍ਹਾਂ ਫ਼ਸਲਾਂ 'ਤੇ ਕਈ ਦੁਸ਼ਮਣ ਕੀੜਿਆਂ ਦਾ ਹਮਲਾ ਹੁੰਦਾ ਹੈ, ਜਿਨ੍ਹਾਂ ਵਿੱਚੋਂ ਚਿਤਕਬਰੀ ਭੂੰਡੀ, ਸਲੇਟੀ ਸੁੰਡੀ, ਰਾਇਆ ਦਾ ਚੇਪਾ, ਕੁਤਰਾ, ਬੰਦ ਗੋਭੀ ਦੀ ਸੁੰਡੀ, ਪੱਤੇ ਦਾ ਸੁਰੰਗੀ ਕੀੜਾ, ਹਰਾ ਤੇ ਕਾਲਾ ਚੇਪਾ, ਅਮਰੀਕਨ ਸੁੰਡੀ, ਤੰਬਾਕੂ ਸੁੰਡੀ ਆਦਿ ਮੁੱਖ ਹਾਨੀਕਾਰਕ ਕੀੜੇ ਹਨ। ਇਨ੍ਹਾਂ ਕੀੜਿਆਂ ਦੇ ਹੱਲੇ ਕਾਰਨ ਫ਼ਸਲ ਦੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਜੈਵਿਕ ਰੋਕਥਾਮ ਅਜਿਹਾ ਢੰਗ ਹੈ ਜਿਸ ਨਾਲ ਹਾਨੀਕਾਰਕ ਕੀੜਿਆਂ ਦੀ ਮਿੱਤਰ ਕੀੜਿਆਂ ਰਾਹੀਂ ਰੋਕਥਾਮ ਕੀਤੀ ਜਾਂਦੀ ਹੈ। ਮਿੱਤਰ ਕੀੜਿਆਂ ਦੁਆਰਾ ਹਾਨੀਕਾਰਕ ਕੀੜਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕਦਾ ਹੈ।

ਮਿੱਤਰ ਕੀੜੇ ਫ਼ਸਲਾਂ ਦੇ ਹਾਨੀਕਾਰਕ ਕੀੜਿਆਂ ਨੂੰ ਨਸ਼ਟ ਕਰਨ ਤੇ ਕੁਦਰਤ 'ਚ ਸੰਤੁਲਨ ਬਣਾਉਣ 'ਚ ਮਦਦ ਕਰਦੇ ਹਨ ਪਰ ਸਾਡੀਆਂ ਕਈ ਗਤੀਵਿਧੀਆਂ, ਜਿਵੇਂ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਇਸ ਸੰਤੁਲਨ ਨੂੰ ਵਿਗਾੜ ਦਿੰਦੀ ਹੈ। ਕੀਟਨਾਸ਼ਕਾਂ ਦੇ ਵਾਤਾਵਰਨ ਉੱਪਰੇ ਮਾੜੇ ਅਸਰ ਨੂੰ ਧਿਆਨ 'ਚ ਰੱਖਦੇ ਹੋਏ ਮਿੱਤਰ ਕੀੜਿਆਂ ਦੀ ਮਹੱਤਤਾ ਤੇ ਉਨ੍ਹਾਂ ਦੀ ਪਛਾਣ ਹੋਣੀ ਬਹੁਤ ਜ਼ਰੂਰੀ ਹੈ।

### ਪਰਭਕਸ਼ੀ ਕੀੜੇ

ਮਿੱਤਰ ਕੀੜੇ ਦੁਸ਼ਮਣ ਕੀੜੇ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਮਾਰ ਦਿੰਦੇ ਹਨ ਤੇ ਖਾ ਜਾਂਦੇ ਹਨ।

**ਗਰੀਨ ਲੇਸ ਵਿੰਗ** : ਇਹ ਚੇਪੇ, ਤੇਲੇ ਤੇ ਹੋਰ ਨਰਮ ਕੀੜਿਆਂ ਨੂੰ ਖਾਣ ਵਾਲਾ ਪਰਭਕਸ਼ੀ ਕੀੜਾ ਹੈ। ਇਸ ਦੇ ਬਾਲਗ ਨਰਮ, ਪਤਲੇ ਤੇ ਹਰੇ ਹੁੰਦੇ ਹਨ। ਇਨ੍ਹਾਂ ਦੇ ਖੰਭ ਪਾਰਦਰਸ਼ੀ, ਚਮਕੀਲੇ, ਪਤਲੇ ਤੇ ਨਾੜੀਦਾਰ ਹੁੰਦੇ ਹਨ। ਇਹ ਆਪਣੇ ਹਲਕੇ ਪੀਲੇ ਜਾਂ ਹਰੇ ਰੰਗ ਦੇ ਆਂਡੇ ਪੱਤਿਆਂ ਉੱਤੇ ਲੰਬੀਆਂ ਡੰਡੀਆਂ ਦੇ ਸਿਰਿਆਂ 'ਤੇ ਦਿੰਦੇ ਹਨ। ਇਸ ਦਾ ਲਾਰਵਾ ਕਿਸ਼ਤੀ ਵਰਗਾ, ਹਰਾ ਜਾਂ ਪੀਲਾ ਹੁੰਦਾ ਹੈ, ਜਿਸ ਉੱਪਰ ਗੂੜ੍ਹੇ ਭੂਰੇ ਰੰਗ ਦੇ ਦਾਗ਼ ਹੁੰਦੇ ਹਨ। ਇਸ ਦੇ ਧੜ ਤੇ ਪੇਟ ਉੱਪਰ ਵਾਲ ਹੁੰਦੇ ਹਨ। ਲਾਰਵੇ ਦੁਸ਼ਮਣ ਕੀੜਿਆਂ ਨੂੰ ਖਾ ਕੇ ਉਨ੍ਹਾਂ ਨੂੰ ਖ਼ਤਮ ਕਰ ਦਿੰਦੇ ਹਨ।

**ਲੇਡੀ ਬਰਡ ਭੂੰਡੀਆਂ** : ਇਹ ਭੂੰਡੀਆਂ ਤੇ ਇਨ੍ਹਾਂ ਦੀਆਂ ਸੁੰਡੀਆਂ ਕਣਕ ਤੇ ਸਰ੍ਹੋਂ ਉੱਤੇ ਚੇਪੇ ਨੂੰ ਖਾਂਦੀਆਂ ਹਨ। ਇਹ ਭੂੰਡੀਆਂ ਗੋਲ ਜਾਂ ਲੰਬੂਤਰੇ ਆਕਾਰ ਦੀਆਂ ਹੁੰਦੀਆਂ ਹਨ। ਬਾਲਗ ਭੂੰਡੀਆਂ ਦੇ ਖੰਭ ਚਮਕਦਾਰ, ਲਾਲ, ਪੀਲੇ ਜਾਂ ਸੰਤਰੀ ਹੁੰਦੇ ਹਨ। ਇਨ੍ਹਾਂ ਦੀਆਂ ਸੁੰਡੀਆਂ ਲੰਬੀਆਂ ਤੇ ਚਪਟੀਆਂ ਹੁੰਦੀਆਂ ਹਨ ਜਿਨ੍ਹਾਂ ਉੱਤੇ ਛੋਟੇ-ਛੋਟੇ ਕੰਡੇ ਹੁੰਦੇ ਹਨ। ਇਨ੍ਹਾਂ ਦੀਆਂ ਕਈ ਪ੍ਰਜਾਤੀਆਂ ਵੱਖ-ਵੱਖ ਅਕਾਰਾਂ ਤੇ ਰੰਗਾਂ ਦੀਆਂ ਹੁੰਦੀਆਂ ਹਨ।

**ਸੱਤ-ਟਿਮਕਣਿਆਂ ਵਾਲੀ ਭੂੰਡੀ** : ਇਹ ਭੂੰਡੀਆਂ ਮਟਰ ਦੇ ਅੱਧੇ ਬੀਜ ਵਰਗੀਆਂ, ਪੀਲੇ-ਭੂਰੇ ਤੋਂ ਲਾਲ ਰੰਗ ਦੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਉੱਪਰਲੇ ਦੋਵੇਂ ਖੰਭ ਸਖ਼ਤ ਤੇ ਉਨ੍ਹਾਂ ਉੱਪਰ ਸੱਤ ਕਾਲੇ ਟਿਮਕਣੇ ਹੁੰਦੇ ਹਨ। ਮਾਦਾ ਭੂੰਡੀ ਪੱਤਿਆਂ ਦੇ ਹੇਠ ਲੰਬੂਤਰੇ ਤੇ ਪੀਲੇ ਰੰਗ ਦੇ ਆਂਡੇ ਦਿੰਦੀ ਹੈ। ਆਂਡਿਆਂ ਵਿੱਚੋਂ ਕਾਲੇ ਰੰਗ ਦੇ ਲੰਬੇ, ਅੱਗੋਂ ਤੇ ਪਿੱਛੋਂ ਪਤਲੇ ਤੇ ਵਿਚਕਾਰੋਂ ਮੋਟੇ ਲਾਰਵੇ ਨਿਕਲਦੇ ਹਨ, ਜਿਨ੍ਹਾਂ ਦੀਆਂ ਤਿੰਨ ਜੋੜੇ ਲੱਤਾਂ ਹੁੰਦੀਆਂ ਹਨ।

**ਤਿੰਨ ਧਾਰੀ ਭੂੰਡੀ** : ਬਾਲਗ ਭੂੰਡੀਆਂ ਦਾ ਸਿਰ ਪੀਲਾ ਹੁੰਦਾ ਹੈ। ਇਸ ਦੇ ਉੱਪਰਲੇ ਖੰਭ ਹਲਕੇ ਪੀਲੇ ਤੇ ਉਨ੍ਹਾਂ 'ਤੇ ਤਿੰਨ ਲੰਬੀਆਂ ਕਾਲੀਆਂ ਧਾਰੀਆਂ ਹੁੰਦੀਆਂ ਹਨ। ਇਸ ਦੀਆਂ ਸੁੰਡੀਆਂ ਸਲੇਟੀ ਰੰਗ ਦੀਆਂ ਹੁੰਦੀਆਂ ਹਨ ਤੇ ਇਨ੍ਹਾਂ ਦੇ ਸਰੀਰ ਦੇ ਦੋਵੇਂ ਪਾਸੇ ਕੰਡੇ ਹੁੰਦੇ ਹਨ।

**ਵਿੰਗੀਆਂ ਧਾਰੀਆਂ ਵਾਲੀ ਭੂੰਡੀ** : ਇਸ ਪ੍ਰਜਾਤੀ ਦੀਆਂ ਬਾਲਗ ਭੂੰਡੀਆਂ ਗੋਲਾਕਾਰ ਹੁੰਦੀਆਂ ਹਨ। ਇਨ੍ਹਾਂ ਦਾ ਸਿਰ ਪੀਲਾ ਹੁੰਦਾ ਹੈ ਤੇ ਉੱਪਰਲੇ ਖੰਭ ਸੰਤਰੀ, ਹਲਕੇ ਲਾਲ, ਪੀਲੇ ਜਾਂ ਗੁਲਾਬੀ ਹੁੰਦੇ ਹਨ। ਖੰਭਾਂ ਉੱਪਰ ਕਾਲੇ ਰੰਗ ਦੀਆਂ ਵਿੰਗੀਆਂ-ਟੇਢੀਆਂ ਧਾਰੀਆਂ ਤੇ ਦੋ ਟਿਮਕਣੇ ਹੁੰਦੇ ਹਨ। ਇਨ੍ਹਾਂ ਦੇ ਕੋਏ ਪੀਲੇ ਰੰਗ ਦੇ ਹੁੰਦੇ ਹਨ, ਜਿਨ੍ਹਾਂ ਉੱਪਰ ਕਾਲੇ ਚਟਾਖ਼ ਹੁੰਦੇ ਹਨ।

**ਪੀਲੀਆਂ ਧਾਰੀਆਂ ਵਾਲੀ ਸਿਰਫਿੜ ਮੱਖੀ** : ਇਸ ਦਾ ਬਾਲਗ ਸ਼ਹਿਦ ਦੀ ਮੱਖੀ ਵਰਗਾ ਹੁੰਦਾ ਹੈ ਪਰ ਇਸ ਦੇ ਸਿਰਫ਼ ਦੋ ਖੰਭ ਹੁੰਦੇ ਹਨ। ਸਰੀਰ 'ਤੇ ਪੀਲੀਆਂ, ਕਾਲੀਆਂ ਜਾਂ ਚਿੱਟੀਆਂ ਧਾਰੀਆਂ ਹੁੰਦੀਆਂ ਹਨ। ਬਾਲਗ ਬੂਟਿਆਂ ਦੇ ਪਰਾਗ-ਕਣ, ਫੁੱਲਾਂ ਦਾ ਰਸ ਤੇ ਚੇਪਿਆਂ ਰਾਹੀਂ ਛੱਡਿਆ ਸ਼ਹਿਦ-ਬੂੰਦਾਂ ਖਾਂਦੇ ਹਨ। ਇਸ ਮੱਖੀ ਨੂੰ ਚੇਪੇ ਦੇ ਝੁੰਡਾਂ ਉੱਪਰ ਉਡਾਰੀ ਲਾਉਂਦੇ ਦੇਖਿਆ ਜਾ ਸਕਦਾ ਹੈ। ਇਸ ਦੀਆਂ ਬਿਨਾਂ ਲੱਤਾਂ ਵਾਲੀਆਂ ਸੁੰਡੀਆਂ ਇਕ ਸਿਰੇ ਤੋਂ ਮੋਟੀਆਂ ਤੇ ਦੂਜੇ ਸਿਰੇ ਤੋਂ ਪਤਲੀਆਂ ਹੁੰਦੀਆਂ ਹਨ। ਇਹ ਸੁੰਡੀਆਂ ਚਮਕਦਾਰ ਹਰੇ ਜਾਂ ਪੀਲੇ ਰੰਗ ਦੀਆਂ ਹੁੰਦੀਆਂ ਹਨ ਜਿਨਾਂ ਉੱਪਰ ਲੰਬੂਤਰੀ ਧਾਰੀ ਹੁੰਦੀ ਹੈ। ਇਹ ਸੁੰਡੀਆਂ ਕਣਕ ਤੇ ਸਰ੍ਹੋਂ ਦੇ ਚੇਪੇ ਨੂੰ ਖਾਂਦੀਆਂ ਹਨ।

**ਛੋਟੀ ਪਾਈਰੇਟ ਬੱਗ** : ਇਹ ਚੇਪੇ ਨੂੰ ਖਾਣ ਵਾਲਾ ਪਰਭਕਸ਼ੀ ਕੀੜਾ ਹੈ। ਇਸ ਦੇ ਬਾਲਗ ਬਹੁਤ ਛੋਟੇ 1/12 ਤੋਂ 1/5 ਇੰਚ ਲੰਬੇ, ਗੋਲ ਆਕਾਰ ਤੇ ਕਾਲੇ ਜਾਂ ਬੈਂਗਣੀ ਰੰਗ ਦੇ ਹੁੰਦੇ ਹਨ। ਇਨ੍ਹਾਂ ਦੇ ਸਰੀਰ 'ਤੇ ਚਿੱਟੀਆਂ ਧਾਰੀਆਂ ਹੁੰਦੀਆਂ ਹਨ ਤੇ ਸਿਰ ਤਿਕੋਣਾ ਹੁੰਦਾ ਹੈ। ਇਸ ਦੇ ਬਾਲਗ ਅਤੇ ਨਿੰਫ (ਬੱਚੇ) ਆਪਣੀ ਚੁੰਝ ਵਰਗੇ ਮੂੰਹ ਨਾਲ ਦੁਸ਼ਮਣ ਕੀੜੇ ਦੇ ਸਰੀਰ ਦਾ ਰਸ ਚੂਸ ਕੇ ਉਨ੍ਹਾਂ ਨੂੰ ਖ਼ਤਮ ਕਰ ਦਿੰਦੇ ਹਨ। ਨਿੰਫ ਛੋਟੇ ਆਕਾਰ ਦੇ, ਬਿਨਾਂ ਖੰਭਾਂ ਤੇ ਭਿੰਨ-ਭਿੰਨ ਰੰਗਾਂ (ਪੀਲੇ, ਸੰਤਰੀ ਜਾਂ ਭੂਰੇ) ਦੇ ਹੁੰਦੇ ਹਨ ਤੇ ਇਹ ਬਹੁਤ ਤੇਜ਼ ਭੱਜਦੇ ਹਨ। ਜਦੋਂ ਇਹ ਭੁੱਖੇ ਹੁੰਦੇ ਹਨ ਅਤੇ ਸ਼ਿਕਾਰ ਨਹੀਂ ਮਿਲਦਾ ਤਾਂ ਇਹ ਬੂਟਿਆਂ ਦੇ ਪਰਾਗ-ਕਣ ਖਾਂਦੇ ਹਨ ਜਾਂ ਫੁੱਲਾਂ ਦਾ ਰਸ ਪੀਂਦੇ ਹਨ। ਇਸ ਕਰਕੇ ਕਿਸਾਨ ਇਨ੍ਹਾਂ ਨੂੰ ਹਾਨੀਕਾਰਕ ਸਮਝ ਕੇ ਕੀਟਨਾਸ਼ਕਾਂ ਨਾਲ ਖ਼ਤਮ ਕਰ ਦਿੰਦੇ ਹਨ।

**ਵੱਡੀਆਂ ਅੱਖਾਂ ਵਾਲੀ ਬੱਗ** : ਇਹ ਸੁੰਡੀਆਂ ਅਤੇ ਚੇਪੇ ਨੂੰ ਖਾਣ ਵਾਲਾ ਪਰਭਕਸ਼ੀ ਕੀੜਾ ਹੈ। ਬਾਲਗ ਛੋਟੇ, ਲੰਬੂਤਰੇ-ਗੋਲਾਕਾਰ, ਸਲੇਟੀ, ਭੂਰੇ ਜਾਂ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦੇ ਸਿਰ ਚੌੜੇ ਹੁੰਦੇ ਹਨ ਜਿਨ੍ਹਾਂ 'ਤੇ ਵੱਡੀਆਂ-ਮੋਟੀਆਂ ਅੱਖਾਂ ਹੁੰਦੀਆਂ ਹਨ। ਨਿੰਫ (ਬੱਚੇ) ਬਾਲਗਾਂ ਵਰਗੇ ਹੁੰਦੇ ਹਨ ਪਰ ਇਹ ਆਕਾਰ ਵਿਚ ਛੋਟੇ ਅਤੇ ਬਿਨਾਂ ਖੰਭਾਂ ਤੋਂ ਹੁੰਦੇ ਹਨ।







### ਮਿੱਤਰ ਕੀੜਿਆਂ ਦੀ ਸੰਭਾਲ

ਵਾਤਾਵਰਨ ਤੇ ਮਨੁੱਖੀ ਗਤੀਵਿਧੀਆਂ 'ਚ ਤਬਦੀਲੀ ਕਰ ਕੇ ਮਿੱਤਰ ਕੀੜਿਆਂ ਦੀ ਸੰਭਾਲ ਕੀਤੀ ਜਾ ਸਕਦੀ ਹੈ ਮਿੱਤਰ ਜੀਵਾਂ ਨੂੰ ਬਚਾਉਣ ਲਈ ਕੀਟਨਾਸ਼ਕਾਂ ਦੀ ਵਰਤੋਂ ਘੱਟ ਕਰੋ।

- ਹਾਨੀਕਾਰਕ ਕੀੜਿਆਂ ਤੇ ਉਨ੍ਹਾਂ ਵੱਲੋਂ ਕੀਤੇ ਜਾ ਸਕਣ ਵਾਲੇ ਨੁਕਸਾਨ ਤੇ ਮਿੱਤਰ ਕੀੜਿਆਂ ਦੀ ਸਹੀ ਪਛਾਣ ਹੋਣੀ ਬਹੁਤ ਜ਼ਰੂਰੀ ਹੈ। ਕਈ ਵਾਰ ਕਿਸਾਨ ਕਣਕ ਤੇ ਸਰ੍ਹੋਂ ਦੀ ਫ਼ਸਲ 'ਤੇ ਲੇਡੀ ਬਰਡ ਭੂੰਡੀਆਂ, ਗਰੀਨ ਲੇਸ ਵਿੰਗ ਤੇ ਸਿਰਫਿੜ ਮੱਖੀ ਦੀਆਂ ਗਰੱਬਾਂ ਜਾਂ ਸੁੰਡੀਆਂ ਨੂੰ ਦੁਸ਼ਮਣ ਕੀੜੇ ਸਮਝ ਕੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਦਿੰਦੇ ਹਨ ਜਦਕਿ ਇਹ ਮਿੱਤਰ ਕੀੜੇ ਫ਼ਸਲ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਚੇਪਿਆਂ ਨੂੰ ਖਾਂਦੇ ਹਨ।
- ਜੇ ਕੀਟਨਾਸ਼ਕ ਦਾ ਛਿੜਕਾਅ ਕਰਨਾ ਹੀ ਪਵੇ ਤਾਂ ਇਸ ਦੀ ਵਰਤੋਂ ਚੋਣਵੇਂ ਢੰਗ ਨਾਲ ਕਰੋ। ਕੀਟਨਾਸ਼ਕ ਦੀ ਵਰਤੋਂ ਹਮਲੇ ਹੇਠ ਆਏ ਬੂਟਿਆਂ ਜਾਂ ਖੇਤ ਦੇ ਉਨ੍ਹਾਂ ਹਿੱਸਿਆਂ 'ਤੇ ਹੀ ਕਰੋ ਜਿੱਥੇ ਹਾਨੀਕਾਰਕ ਕੀੜਿਆਂ ਨੇ ਨੁਕਸਾਨ ਕੀਤਾ ਹੋਵੇ। ਕੋਸ਼ਿਸ਼ ਕਰੋ ਕਿ ਹਰੇ ਤਿਕੋਣ ਵਾਲੀਆਂ ਜ਼ਹਿਰਾਂ ਦੀ ਹੀ ਵਰਤੋਂ ਕਰੋ।
- ਹਾਨੀਕਾਰਕ ਕੀੜਿਆਂ ਨੂੰ ਖਾਣ ਵਾਲੇ ਪੰਛੀਆਂ ਲਈ ਖੇਤਾਂ ਵਿਚ ਆਲ੍ਹਣੇ ਬਣਾਓ।
- ਮਿੱਤਰ ਕੀੜਿਆਂ ਦੀ ਗਿਣਤੀ ਵਧਾਉਣ ਲਈ ਖੇਤਾਂ ਦੇ ਆਸ ਪਾਸ ਤਰ੍ਹਾਂ-ਤਰ੍ਹਾਂ ਦੇ ਬੂਟੇ ਤੇ ਰੁੱਖ ਲਗਾਓ ਕਿਉਂਕਿ ਮਿੱਤਰ ਕੀੜੇ ਆਪਣੇ ਜੀਵਨ ਚੱਕਰ ਦਾ ਕੁਝ ਹਿੱਸਾ ਇਨ੍ਹਾਂ ਬੂਟਿਆਂ 'ਤੇ ਪੂਰਾ ਕਰਦੇ ਹਨ। •

---

# ਕਣਕ ਦੀ ਸੁਚੱਜੀ ਸਾਂਭ-ਸੰਭਾਲ

*ਕਣਕ ਦੀ ਕਟਾਈ ਸਮੇਂ ਹੋਣ ਵਾਲੇ ਨੁਕਸਾਨ ਨੂੰ ਕੰਬਾਈਨ ਚਲਾਉਣ ਬਾਰੇ ਤਕਨੀਕੀ ਜਾਣਕਾਰੀ ਰਾਹੀਂ ਜਿੱਥੇ ਘੱਟ ਕੀਤਾ ਜਾ ਸਕਦਾ ਹੈ, ਉੱਥੇ ਅੱਗ ਲੱਗਣ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਅ ਲਈ ਚੌਕਸੀ ਵੀ ਜ਼ਰੂਰੀ ਹੈ...*

• ਮਹੇਸ਼ ਕੁਮਾਰ ਨਾਰੰਗ, ਬਲਦੇਵ ਡੋਗਰਾ

ਪੰਜਾਬ ਦੀ ਖੇਤੀ 'ਚ ਕੰਬਾਈਨਾਂ ਦਾ ਵੱਡਾ ਯੋਗਦਾਨ ਹੈ। ਪੰਜਾਬ 'ਚ 75 ਫ਼ੀਸਦੀ ਕਣਕ ਦੀ ਕਟਾਈ ਕੰਬਾਈਨ ਨਾਲ ਕੀਤੀ ਜਾਂਦੀ ਹੈ, ਜਦਕਿ ਬਾਕੀ ਫ਼ਸਲ ਰੀਪਰ ਨਾਲ ਜਾਂ ਹੱਥੀਂ ਕੱਟੀ ਜਾਂਦੀ ਹੈ। ਇਸ ਉਪਰੰਤ ਥਰੈਸ਼ਰ ਨਾਲ ਗਹਾਈ ਕੀਤੀ ਜਾਂਦੀ ਹੈ। ਆਮ ਤੌਰ 'ਤੇ ਕੰਬਾਈਨ ਨਾਲ ਕਟਾਈ ਕਿਰਾਏ 'ਤੇ ਕਰਵਾਈ ਜਾਂਦੀ ਹੈ। ਕੰਬਾਈਨ ਵਾਲਿਆਂ ਨੂੰ ਕੰਮ ਜਲਦੀ ਮੁਕੰਮਲ ਕਰ ਲੈਣ ਦੀ ਕਾਹਲੀ ਹੁੰਦੀ ਹੈ। ਇਸ ਕਾਹਲੀ ਕਾਰਨ ਜ਼ਿਮੀਂਦਾਰ ਨੂੰ ਕਈ ਵਾਰ ਨੁਕਸਾਨ ਉਠਾਉਣਾ ਪੈਂਦਾ ਹੈ। ਕੰਬਾਈਨ ਚਾਲਕ ਨੂੰ ਹੋਣ ਵਾਲੇ ਨੁਕਸਾਨ ਬਾਰੇ ਸੁਚੇਤ ਕਰ ਕੇ ਜ਼ਿਮੀਂਦਾਰ ਆਪਣੇ ਪੱਧਰ 'ਤੇ ਨੁਕਸਾਨ ਘੱਟ ਕਰ ਸਕਦੇ ਹਨ। ਸਭ ਤੋਂ ਵੱਧ ਨੁਕਸਾਨ ਕਣਕ ਦੀ ਪਛੇਤੀ ਕਟਾਈ ਦਾ ਹੁੰਦਾ ਹੈ। ਕਣਕ ਦੀ ਕਟਾਈ 10-12 ਫ਼ੀਸਦੀ ਨਮੀ 'ਤੇ ਹੋ ਜਾਣੀ ਚਾਹੀਦੀ ਹੈ।

### ਕਿਵੇਂ ਘਟਾਈਏ ਦਾਣਿਆਂ ਦਾ ਨੁਕਸਾਨ?

ਕੰਬਾਈਨ ਦੇ ਨੁਕਸ ਸੈਟਿੰਗ ਰਾਹੀਂ ਦੂਰ ਕਰ ਕੇ ਦਾਣਿਆਂ ਦਾ ਨੁਕਸਾਨ ਘੱਟ ਕੀਤਾ ਜਾ ਸਕਦਾ ਹੈ। ਕੰਬਾਈਨ ਨਾਲ ਸਹੀ ਤੇ ਸੁਰੱਖਿਅਤ ਕੰਮ ਕਰਨ ਲਈ ਇਹ ਨੁਕਤੇ ਜ਼ਰੂ ਧਿਆਨ ਵਿਚ ਰੱਖੋ :

**ਕੰਬਾਈਨ ਨਾਲ ਕਟਾਈ ਵੇਲੇ ਸਾਵਧਾਨੀਆਂ** : ਕੰਬਾਈਨ ਨੂੰ ਮਿੱਥੀ ਹੋਈ ਰਫ਼ਤਾਰ 'ਤੇ ਚਲਾਓ। ਜੇ ਕੰਬਾਈਨ ਸੈਲਫ਼ ਵਾਲੀ ਹੈ ਤੇ ਉਸ ਦੀ ਪਾਵਰ 80 ਤੋਂ 120 ਹਾਰਸ ਪਾਵਰ ਹੈ ਤਾਂ ਕਟਰ-ਬਾਰ ਦਾ ਸਾਈਜ਼ 4 ਤੋਂ 5 ਮੀਟਰ ਹੋਣਾ ਚਾਹੀਦਾ ਹੈ ਤੇ ਕੰਬਾਈਨ ਨੂੰ ਖੜ੍ਹੀ ਫ਼ਸਲ 'ਚ 3.5-5.5 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇ ਡਿੱਗੀ ਹੋਈ ਫ਼ਸਲ ਦੀ ਕਟਾਈ ਲਈ 2 ਤੋਂ 3 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਾਉਣਾ ਚਾਹੀਦਾ ਹੈ। ਜੇ ਕੰਬਾਈਨ ਟ੍ਰੈਕਟਰ ਵਾਲੀ ਹੈ ਤੇ ਇਸ ਦੀ ਤਾਕਤ 50 ਤੋਂ 65 ਹਾਰਸ ਪਾਵਰ ਹੈ ਤਾਂ ਕਟਰ-ਬਾਰ ਦਾ ਸਾਈਜ਼ 3-4 ਮੀਟਰ ਹੋਣਾ ਚਾਹੀਦਾ ਹੈ। ਖੜ੍ਹੀ ਫ਼ਸਲ ਦੀ ਕਟਾਈ ਲਈ ਇਸ ਕਿਸਮ ਦੀ ਕੰਬਾਈਨ ਨੂੰ 3-4 ਕਿਲੋਮੀਟਰ ਤੇ ਡਿੱਗੀ ਹੋਈ ਫ਼ਸਲ ਦੀ ਕਟਾਈ ਲਈ 1.5 ਤੋਂ 2 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਾਉਣਾ ਚਾਹੀਦਾ ਹੈ। ਡਿੱਗੀ ਹੋਈ ਫ਼ਸਲ ਨੂੰ ਚੁੱਕਣ ਵਾਸਤੇ ਕੰਬਾਈਨ ਨੂੰ ਫ਼ਸਲ ਡਿੱਗਣ ਦੀ ਉਲਟ ਦਿਸ਼ਾ 'ਚ ਚਲਾਉਣਾ ਚਾਹੀਦਾ ਹੈ। ਜੇ ਫ਼ਸਲ ਦੀ ਨਮੀ 12 ਫ਼ੀਸਦੀ ਤੋਂ ਵੱਧ ਹੋਵੇ ਤਾਂ ਵਾਢੀ ਨਾ ਕਰੋ। ਖੁੰਢੇ ਹੋ ਗਏ ਕਟਰ-ਬਾਰ ਦੇ ਬਲੇਡ ਬਦਲੋ। ਜੇ ਕੰਬਾਈਨ ਦੇ ਪਿੱਛੇ ਦਾਣਿਆਂ ਦਾ ਨੁਕਸਾਨ ਇਕ ਫ਼ੀਸਦੀ ਤੋਂ ਵੱਧ ਹੋਵੇ ਤਾਂ ਪੱਖੇ ਦੀ ਹਵਾ ਘੱਟ ਕਰੋ। ਜੇ ਫਿਰ ਵੀ ਫ਼ਰਕ ਨਾ ਪਵੇ ਤਾਂ ਸਫ਼ਾਈ ਵਾਲੀ ਜਾਲੀ ਦੀ ਵਿੱਥ ਵਧਾਉ। ਜੇ ਦਾਣਿਆਂ ਵਾਲੇ ਟੈਂਕ 'ਚ ਦਾਣਿਆਂ ਦੀ ਟੁੱਟ-ਭੱਜ ਵਧੇਰੇ ਹੈ ਤਾਂ ਸਿਲੰਡਰ ਤੇ ਕਨਕੇਵ 'ਚ ਵਿੱਥ ਵਧਾਉ। ਜੇ ਅਣਗਾਹੇ ਦਾਣੇ ਇਕ ਫ਼ੀਸਦੀ ਤੋਂ ਵੱਧ ਹਨ ਤਾਂ ਸਿਲੰਡਰ ਤੇ ਕਨਕੇਵ ਵਿਚ ਵਿੱਥ ਘਟਾਉ। ਜੇ ਕੰਬਾਈਨ ਓਵਰਲੋਡ ਹੋ ਰਹੀ ਹੈ ਤਾਂ ਰਫ਼ਤਾਰ ਘਟਾਉ ਜਾਂ ਫ਼ਸਲ ਨੂੰ ਉਚਾਈ ਤੋਂ ਵੱਢੋ।

### ਕਣਕ ਦਾ ਅੱਗ ਤੋਂ ਬਚਾਅ

ਨਵੰਬਰ 'ਚ ਬੀਜੀ ਕਣਕ ਅਪ੍ਰੈਲ ਮਹੀਨੇ ਤਿਆਰ ਹੋ ਜਾਂਦੀ ਹੈ। ਫ਼ਸਲ ਨੂੰ ਕਈ ਵਾਰ ਅੱਗ ਲੱਗਣ ਨਾਲ ਭਾਰੀ ਨੁਕਸਾਨ ਹੁੰਦਾ ਹੈ। ਪਿਛਲੇ ਸਾਲ 500 ਏਕੜ ਤੋਂ ਵੱਧ ਕਣਕ ਅੱਗ ਦੀ ਭੇਟ ਚੜ੍ਹੀ ਤੇ ਲਗਪਗ 200 ਏਕੜ ਦੇ ਨਾੜ ਨੂੰ ਅੱਗ ਲੱਗੀ। ਅਜਿਹੇ ਹਾਦਸਿਆਂ ਕਾਰਨ ਭਾਰੀ ਮਾਲੀ ਨੁਕਸਾਨ ਹੁੰਦਾ ਹੈ ਤੇ ਕਈ ਵਾਰ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਅੱਗ ਲੱਗਣ ਦੇ ਕਾਰਨਾਂ ਨੂੰ ਸਮਝ ਕੇ ਅਜਿਹੇ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ।

**ਨਮੀ ਵਾਲੀ ਫ਼ਸਲ ਦੀ ਕਟਾਈ** : ਮੀਂਹ ਨਾਲ ਗਿੱਲੀ ਜਾਂ ਜ਼ਿਆਦਾ ਨਮੀ ਵਾਲੀ ਫ਼ਸਲ ਦੀ ਕਟਾਈ ਕਰਨ ਨਾਲ ਅੱਗ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ। ਗਿੱਲੀ ਫ਼ਸਲ ਦਾ ਨਾੜ ਨਰਮ ਹੋਣ ਕਰਕੇ ਥਰੈਸ਼ਰ ਦੀ ਸ਼ਾਫਟ ਨਾਲ ਲਪੇਟਿਆ ਜਾਂਦਾ ਹੈ ਤੇ ਥਰੈਸ਼ਰ ਦੇ ਡਰੱਮ ਅੰਦਰ ਰਗੜ ਨਾਲ ਚਿੰਗਾਰੀ ਦਾ ਕਾਰਨ ਬਣਦਾ ਹੈ। ਇਹ ਹਾਦਸੇ ਪੱਕੀ ਕਣਕ ਦੀ ਰੀਪਰ ਜਾਂ ਕੰਬਾਈਨ ਮਸ਼ੀਨ ਨਾਲ ਵਾਢੀ ਵੇਲੇ, ਤੂੜੀ ਵਾਲੀ ਕੰਬਾਈਨ ਦੀ ਵਰਤੋਂ ਸਮੇਂ ਜਾਂ ਥਰੈਸ਼ਰ ਦੀ ਵਰਤੋਂ ਸਮੇਂ ਵਾਪਰ ਸਕਦੇ ਹਨ। ਕਟਾਈ ਤੇ ਗਹਾਈ ਸਹੀ ਨਮੀ 'ਤੇ ਹੀ ਕਰੋ।

**ਬਿਜਲੀ ਦੀਆਂ ਢਿੱਲੀਆਂ ਤਾਰਾਂ ਤੇ ਟਰਾਂਸਫਾਰਮਰ 'ਤੇ ਵੱਧ ਲੋਡ** : ਬਿਜਲੀ ਦੀਆਂ ਢਿੱਲੀਆਂ ਤਾਰਾਂ ਤੇ ਸ਼ਾਰਟ-ਸਰਕਿਟ ਵੀ ਫ਼ਸਲ ਨੂੰ ਅੱਗ ਲੱਗਣ ਦਾ ਕਾਰਨ ਬਣਦੇ ਹਨ। ਟਰਾਂਸਫਰਮਰ 'ਤੇ ਵੱਧ ਲੋਡ ਜਾਂ ਬਿਜਲੀ ਦੀਆਂ ਤਾਰਾਂ ਦੇ ਕੱਚੇ ਜੋੜ ਚੰਗਿਆੜੀ ਪੈਦਾ ਕਰਦੇ ਹਨ। ਢਿੱਲੀਆਂ ਤਾਰਾਂ ਤੇਜ਼ ਹਵਾ, ਪਤੰਗ ਦੀ ਡੋਰ ਜਾਂ ਪੰਛੀਆਂ ਦੇ ਬੈਠਣ ਕਰਕੇ ਆਪਸ 'ਚ ਜੁੜ ਜਾਂਦੀਆਂ ਹਨ। ਫ਼ਸਲ ਦੀ ਕੰਬਾਈਨ ਨਾਲ ਕਟਾਈ ਜਾਂ ਨਾੜ ਦੀ ਕੰਬਾਈਨ ਨਾਲ ਤੂੜੀ ਬਣਾਉਂਦੇ ਸਮੇਂ ਢਿੱਲੀਆਂ ਤੇ ਨੀਵੀਆਂ ਤਾਰਾਂ ਮਸ਼ੀਨ ਨਾਲ ਛੂਹ ਕੇ ਚੰਗਿਆੜੀਆਂ ਦਾ ਕਾਰਨ ਬਣਦੀਆਂ ਹਨ। ਇਸ ਲਈ ਟਰਾਂਸਫਰਮਰ ਤੇ ਬਿਜਲੀ ਦੇ ਖੰਭਿਆਂ ਲਾਗੇ ਫ਼ਸਲ ਦੀ ਕਟਾਈ ਹੱਥਾਂ ਨਾਲ ਕਰ ਲੈਣੀ ਚਾਹੀਦੀ ਹੈ। ਬਿਜਲੀ ਦੀਆਂ ਢਿੱਲੀਆਂ ਤਾਰਾਂ ਨੂੰ ਕਸਵਾ ਦੇਵੋ।



> **ਟ੍ਰੈਕਟਰ ਤੇ ਡੀਜ਼ਲ ਇੰਜਣ ਦੀ ਗਰਮੀ**
>
> ਟ੍ਰੈਕਟਰ ਤੇ ਡੀਜ਼ਲ ਇੰਜਣ ਚਲ ਕੇ ਗਰਮ ਹੋ ਜਾਂਦੇ ਹਨ ਤੇ ਫ਼ਸਲ ਇਸ ਨਾਲ ਛੂਹ ਕੇ ਅੱਗ ਫੜ ਸਕਦੀ ਹੈ। ਇੰਜਨ ਦੇ ਸਾਈਲੈਂਸਰ 'ਚੋਂ ਨਿਕਲੀ ਚਿੰਗਾਰੀ ਵੀ ਹਾਦਸੇ ਦਾ ਕਾਰਨ ਬਣ ਸਕਦੀ ਹੈ। ਇਸ ਲਈ ਸਾਈਲੈਂਸਰ ਦਾ ਮੂੰਹ ਫ਼ਸਲ ਤੋਂ ਉਲਟੀ ਦਿਸ਼ਾ 'ਚ ਜਾਂ ਉੱਪਰ ਵੱਲ ਨੂੰ ਰੱਖੋ ਤੇ ਇਸ ਉੱਪਰ ਚਿੰਗਾਰੀ ਰੋਕਣ ਵਾਲਾ ਪੁਰਜ਼ਾ ਵੀ ਲੱਗਾ ਹੋਣਾ ਚਾਹੀਦਾ ਹੈ।

**ਫ਼ਸਲੀ ਰਹਿੰਦ-ਖੂੰਹਦ ਨੂੰ ਸਾੜਨਾ** : ਕਈ ਵਾਰ ਕਿਸਾਨ ਖੇਤ ਨੂੰ ਜਲਦੀ ਵਿਹਲਾ ਕਰਨ ਲਈ ਨਾੜ ਨੂੰ ਅੱਗ ਲਾ ਦਿੰਦੇ ਹਨ। ਹਵਾ ਨਾਲ ਇਹ ਅੱਗ ਦੂਸਰੇ ਖੇਤਾਂ ਤਕ ਪਹੁੰਚ ਜਾਂਦੀ ਹੈ ਤੇ ਵੱਡੇ ਨੁਕਸਾਨ ਦਾ ਕਾਰਨ ਬਣਦੀ ਹੈ।

**ਸਿਗਰਟਨੋਸ਼ੀ** : ਖੇਤ ਵਿਚ ਕੰਮ ਕਰਦੇ ਕਾਮਿਆਂ ਵੱਲੋਂ ਕੀਤੀ ਗਈ ਬੀੜੀ-ਸਿਗਰਟ ਦੀ ਵਰਤੋਂ ਵੀ ਅੱਗ ਦਾ ਕਾਰਨ ਬਣ ਸਕਦੀ ਹੈ। ਕਈ ਵਾਰ ਖੇਤ ਦੇ ਨੇੜੇ ਚੁੱਲ੍ਹੇ ਉੱਪਰ ਚਾਹ ਬਣਾਉਂਦੇ ਸਮੇਂ ਸੁਲਗਦੀ ਹੋਈ ਲੱਕੜੀ ਜਾਂ ਫੂਸ ਤੋਂ ਵੀ ਹਵਾ ਕਾਰਨ ਚਿੰਗਾਰੀ ਫ਼ਸਲ ਤਕ ਪਹੁੰਚ ਸਕਦੀ ਹੈ। ਨੂੰ ਅੱਗ ਲੱਗਣ ਦਾ ਕਾਰਨ ਬਣ ਸਕਦੀ ਹੈ। ਇਸ ਲਈ ਕਾਮਿਆਂ ਨੂੰ ਖੇਤ ਦੇ ਨੇੜੇ ਬੀੜੀ, ਸਿਗਰਟ, ਮਾਚਿਸ ਆਦਿ ਦੀ ਵਰਤੋਂ 'ਤੇ ਪੂਰੀ ਮਨਾਹੀ ਚਾਹੀਦੀ ਹੈ। ਚੁੱਲ੍ਹੇ ਉੱਪਰ ਚਾਹ ਕਮਰੇ ਦੇ ਅੰਦਰ ਜਾਂ ਗੈਸ 'ਤੇ ਬਣਾਉਣੀ ਚਾਹੀਦੀ ਹੈ। ਚਾਹ ਬਣਾਉਣ ਤੋਂ ਬਾਅਦ ਸੁਲਗਦੀ ਹੋਈ ਲੱਕੜ ਨੂੰ ਪਾਣੀ ਪਾ ਕੇ ਬੁਝਾ ਦੇਣਾ ਚਾਹੀਦਾ ਹੈ।

**ਗਰਮ ਹਵਾਵਾਂ ਤੇ ਝੱਖੜ** : ਅਪ੍ਰੈਲ-ਮਈ ਦੇ ਮਹੀਨੇ ਖੇਤ ਸੁੱਕੇ ਹੁੰਦੇ ਹਨ, ਮੌਸਮ ਗਰਮ ਹੁੰਦਾ ਹੈ ਤੇ ਨਤੀਜਨ ਗਰਮ ਹਵਾਵਾਂ ਹਨੇਰੀ ਦਾ ਰੂਪ ਲੈ ਲੈਂਦੀਆਂ ਹਨ। ਤੇਜ਼ ਹਵਾਵਾਂ ਖੇਤ ਦੇ ਨੇੜੇ-ਤੇੜੇ ਬਲਦੀ ਅੱਗ ਨੂੰ ਦੂਰ ਤਕ ਖਿੰਡਾਅ ਦਿੰਦੀਆਂ ਹਨ ਤੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀਆਂ ਹਨ।

ਉਪਰੋਕਤ ਕਾਰਨ ਕਣਕ ਦੇ ਖੇਤ ਨੂੰ ਅੱਗ ਲੱਗਣ ਦਾ ਜ਼ਰੀਆ ਬਣ ਸਕਦੇ ਹਨ। ਇਨ੍ਹਾਂ ਤੋਂ ਬਚਾਅ ਲਈ ਢੁੱਕਵੇਂ ਉਪਰਾਲੇ ਪਹਿਲਾਂ ਹੀ ਕਰ ਲੈਣੇ ਚਾਹੀਦੇ ਹਨ। ਕਣਕ ਦੇ ਖੇਤ ਦੁਆਲੇ ਹਰੀ ਫ਼ਸਲ ਦੀਆਂ ਕਤਾਰਾਂ ਅੱਗ ਦੇ ਨੁਕਸਾਨ ਨੂੰ ਰੋਕ ਸਕਦੀਆਂ ਹਨ। ਇਸ ਤੋਂ ਇਲਾਵਾ ਵਾਢੀ ਸਮੇਂ ਸਾਵਧਾਨੀ ਦੇ ਤੌਰ 'ਤੇ ਪਿੰਡ ਵਿਚ ਪਾਣੀ ਦਾ ਟੈਂਕਰ ਹਰ ਵੇਲੇ ਤਿਆਰ ਰੱਖਣਾ ਚਾਹੀਦਾ ਹੈ। ਪਿੰਡ ਵਿਚ ਲਾਊਡ ਸਪੀਕਰਾਂ ਜ਼ਰੀਏ ਅੱਗ ਤੋਂ ਬਚਾਅ ਬਾਰੇ ਜਾਣਕਾਰੀ ਦਿੰਦੇ ਰਹਿਣਾ ਚਾਹੀਦਾ ਹੈ। ਆਪਣੇ ਨੇੜਲੇ ਫਾਇਰ ਸਟੇਸ਼ਨ ਦਾ ਫੋਨ ਨੰਬਰ ਜ਼ਰੂਰ ਨੋਟ ਕਰ ਕੇ ਰੱਖੋ ਤਾਂ ਜੋ ਐਮਰਜੈਂਸੀ ਵਿਚ ਘਟਨਾ ਦੀ ਫ਼ੌਰੀ ਤੌਰ 'ਤੇ ਸੂਚਨਾ ਦਿੱਤੀ ਜਾ ਸਕੇ। •



# ਸਨੌਰ 'ਚ 28.42 ਕਰੋੜ ਨਾਲ ਬਣਨਗੀਆਂ 115 ਕਿਲੋਮੀਟਰ ਨਵੀਂਆਂ ਸੜਕਾਂ: ਪਠਾਣਮਾਜਰਾ

**ਦੇਵੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਹਲਕਾ ਸਨੌਰ ਅਧੀਨ ਤਕਰੀਬਨ ਸਾਰੀਆਂ ਸੜਕਾਂ ਦੀ ਹਾਲਤ ਖਸਤਾ ਹਾਲ ਬਣੀ ਹੋਈ ਹੈ। ਇਨ੍ਹਾਂ ਨੂੰ ਨਵੇਂ ਸਿਰਿਓਂ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲ ਕੇ ਟੁੱਟੀਆਂ ਸੜਕਾਂ ਬਣਾਉਣ ਲਈ ਪੈਸੇ ਦੀ ਮੰਗ ਕੀਤੀ ਗਈ ਸੀ, ਜਿਨ੍ਹਾਂ ਇਹ ਰਾਸ਼ੀ ਮਨਜ਼ੂਰ ਕਰ ਦਿੱਤੀ ਹੈ। ਇਸ ਨਾਲ ਹਲਕਾ ਸਨੌਰ ਦੀਆਂ ਸੜਕਾਂ ਦੀ ਨੁਹਾਰ ਬਦਲ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਹਲਕੇ ਵਿੱਚ 28 ਕਰੋੜ 42 ਲੱਖ 70 ਹਜ਼ਾਰ ਰੁਪਏ ਨਾਲ 115 ਕਿਲੋਮੀਟਰ ਜਿਹੜੀਆਂ ਸੜਕਾਂ ਨਵੀਆਂ ਬਣਨੀਆਂ ਹਨ, ਉਨ੍ਹਾਂ ਵਿੱਚ ਮੰਡੀ ਬੋਰਡ ਵੱਲੋਂ ਜੋ ਸੜਕਾਂ ਹਲਕਾ ਸਨੌਰ ਦੀਆਂ ਵੱਖ-ਵੱਖ ਮਾਰਕੀਟ ਕਮੇਟੀਆਂ ਅਧੀਨ ਬਣਾਈਆਂ ਜਾਣੀਆਂ ਹਨ, ਉਨ੍ਹਾਂ ਦੀ ਲਿਸਟ ਜਾਰੀ ਕਰ ਦਿੱਤੀ ਗਈ ਹੈ। ਮੰਡੀ ਬੋਰਡ ਦੇ ਐੱਸ.ਡੀ.ਓ. ਸਤਨਾਮ ਸਿੰਘ ਨੇ ਵੀ ਦੱਸਿਆ ਕਿ ਇਹ ਸੜਕਾਂ ਬਣਾਉਣ ਦਾ ਕੰਮ ਬਹੁਤ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਜੋ ਸੜਕਾਂ ਨਵੀਆਂ ਬਣਨੀਆਂ ਹਨ, ਉਨ੍ਹਾਂ ਵਿੱਚ ਪਿੰਡ ਦੁਧਨਸਾਧਾਂ ਤੋਂ ਮਿਹੋਣ 1.20 ਕਿਲੋਮੀਟਰ, ਪਟਿਆਲਾ-ਪਿਹੋਵਾ ਰੋਡ ਤੋਂ ਸਵਾਈ ਸਿੰਘ ਵਾਲਾ 2.62 ਕਿਲੋਮੀਟਰ, ਰਾਜਪੁਰਾ ਰੋਡ ਤੋਂ ਮਿੱਠੂ



ਮਾਜਰਾ 1.58 ਕਿਲੋਮੀਟਰ, ਸਨੌਰ ਰੋਡ ਤੋਂ ਪਿੰਡ ਚੌਰਾ 1.35 ਕਿਲੋਮੀਟਰ, ਪਟਿਆਲਾ ਪਿਹੇਵਾ ਰੋਡ ਤੋਂ ਨਨਿਓਲਾ ਰੋਡ ਤੱਕ 10.30 ਕਿਲੋਮੀਟਰ, ਅਕੋਤ ਤੋਂ ਨੈਣਾ ਖੁਰਦ 5.11 ਕਿਲੋਮੀਟਰ, ਚੀਕਾ ਰੋਡ ਤੋਂ ਤੇਜਾਂ 4.29 ਕਿਲੋਮੀਟਰ, ਮਜਾਲ ਕਲਾਂ ਤੋਂ ਮਜਾਲ ਖੁਰਦ 0.91 ਕਿਲੋਮੀਟਰ, ਸ਼ਾਦੀਪੁਰ ਤੋਂ ਗਗਰੌਲੀ 1.48 ਕਿਲੋਮੀਟਰ, ਨੰਗਾਵਾਂ ਤੋਂ ਕਰਤਾਰਪੁਰ 1.50 ਕਿਲੋਮੀਟਰ, ਗਗਰੌਲਾ ਤੋਂ ਸਰੁਸਤੀਗੜ੍ਹ 1.47 ਕਿਲੋਮੀਟਰ, ਤਾਜਲਪੁਰ ਤੋਂ ਨਿਆਮਤ ਪੁਰ 3.53 ਕਿਲੋਮੀਟਰ ਸ਼ਾਮਲ ਹਨ। ਇਸੇ ਤਰ੍ਹਾਂ ਨਨਿਓਲਾ ਰੋਡ ਤੋਂ ਮਗਰ ਸਾਹਿਬ 6.72 ਕਿਲੋਮੀਟਰ, ਘੜਾਮ ਰੋਡ ਤੋਂ ਮਹਿਮੂਦਪੁਰ ਰੁੜਕੀ ਤੱਕ 3.48 ਕਿਲੋਮੀਟਰ, ਭੁਨਰਹੇੜੀ ਤੋਂ ਉਪਲੀ ਤੱਕ 7.07 ਕਿਲੋਮੀਟਰ, ਪਿਹੇਵਾ ਰੋਡ ਤੋਂ ਸੁਰਕੜਾ ਫਾਰਮ 2.50 ਕਿਲੋਮੀਟਰ, ਬਿੰਜਲ ਤੋਂ ਮੋਹਲਗੜ੍ਹ 10.70 ਕਿਲੋਮੀਟਰ, ਦੌਦੀਮਾਜਰਾ ਤੋਂ 2.12 ਕਿਲੋਮੀਟਰ, ਉਪਲੀ ਤੋਂ ਅਰਨੌਲੀ ਹਰਿਆਣਾ ਬਾਰਡਰ ਤੱਕ 235 ਕਿਲੋਮੀਟਰ, ਖਾਂਸਾ ਤੋਂ ਰੱਤਾਖੇੜਾ 1.94 ਕਿਲੋਮੀਟਰ, ਬਹਿਲ ਤੋਂ ਕਟਖੇੜੀ ਤੱਕ 1.40 ਕਿਲੋਮੀਟਰ, ਕਿਸ਼ਨਪੁਰ ਤੋਂ ਜਲਾਲਾਬਾਦ 1.85 ਕਿਲੋਮੀਟਰ ਲੰਮੀ ਸੜਕ ਦਾ ਕੰਮ ਵੀ ਸ਼ਾਮਲ ਹੈ। ਇਸੇ ਤਰ੍ਹਾਂ ਪਿਹੇਵਾ ਰੋਡ ਤੋਂ ਹਰੀਗੜ੍ਹ 0.59 ਕਿਲੋਮੀਟਰ, ਅਲੀਪੁਰ ਵਜੀਰ ਸਾਹਿਬ ਤੋਂ ਡੇਰਾ ਸਤਨਾਮ ਸਿੰਘ 2.00 ਕਿਲੋਮੀਟਰ, ਜੁਲਕਾਂ ਤੋਂ ਡੇਰਾ ਦੱਲ ਸਿੰਘ 1.50 ਕਿਲੋਮੀਟਰ, ਦੌਲਤਪੁਰ ਤੋਂ ਰਸੂਲਪੁਰ ਜੌੜਾ 1.50 ਕਿਲੋਮੀਟਰ, ਭਾਂਖਰ ਤੋਂ ਬੱਤਾ 4.40 ਕਿਲੋਮੀਟਰ, ਪਟਿਆਲਾ ਪਹੇਵਾ ਰੋਡ ਤੋਂ ਘਲੌਂੜੀ 0.70 ਕਿਲੋਮੀਟਰ, ਬਲਮਗੜ੍ਹ ਤੋਂ ਕਾਨਾਹੇੜੀ 1.72 ਕਿਲੋਮੀਟਰ, ਖਾਲਸਪੁਰ ਤੋਂ ਨੌਰੰਗਵਾਲ 0.98 ਕਿਲੋਮੀਟਰ ਸੜਕ ਬਣੇਗੀ। ਇਸ ਤੋਂ ਇਲਾਵਾ ਟਿਵਾਣਾ ਤੋਂ ਭੂੜੰਗਪੁਰ ਹਰਿਆਣਾ ਬਾਰਡਰ 0.95 ਕਿਲੋਮੀਟਰ, ਟਿਵਾਣਾ ਤੋਂ ਸੂਲਰ 0.91 ਕਿਲੋਮੀਟਰ, ਚੌਰਾ ਤੋਂ ਸਨੌਰ 3.50 ਕਿਲੋਮੀਟਰ, ਰੀਠਖੇੜੀ ਤੋਂ ਅਕਾਲ ਅਕੈਡਮੀ 1.05 ਕਿਲੋਮੀਟਰ, ਕੌਲੀ ਬਾਰਨ ਰੋਡ ਤੋਂ ਸ਼ੰਕਰਪੁਰ 1.84 ਕਿਲੋਮੀਟਰ, ਕੌਲੀ ਬਾਰਨ ਤੋਂ ਮੁਹੱਬਤਪੁਰ 1.36 ਕਿਲੋਮੀਟਰ, ਰਾਜਪੁਰਾ ਰੋਡ ਤੋਂ ਧਰੇੜੀ ਜੱਟਾਂ 0.30 ਕਿਲੋਮੀਟਰ ਆਦਿ ਸ਼ਾਮਲ ਹਨ।

# ਕੇਂਦਰ ਤੋਂ ਕਿਸਾਨਾਂ ਦੀ ਆਬਾਦੀ ਮੁਤਾਬਕ ਬਜਟ ਅਲਾਟ ਕਰਨ ਦੀ ਮੰਗ

## ਬਜਟ ਵਿੱਚ ਝਲਕਣੀ ਚਾਹੀਦੀ ਹੈ ਕਿ ਕਿਸਾਨੀ ਮਸਲੇ ਦੇ ਹੱਲ ਪ੍ਰਤੀ ਕੇਂਦਰ ਦੀ ਸੰਜੀਦਗੀ: ਪੰਧੇਰ

**ਪਟਿਆਲਾ/ਪਾਤੜਾਂ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨੀ ਮੰਗਾਂ ਦੀ ਪੂਰਤੀ ਲਈ ਕਿਸਾਨ ਅੰਦੋਲਨ- 2 ਦੇ ਬੈਨਰ ਹੇਠਾਂ ਸ਼ੰਭੂ ਅਤੇ ਢਾਬੀਗੁੱਜਰਾਂ ਬਾਰਡਰਾਂ 'ਤੇ ਸਾਲ ਭਰ ਤੋਂ ਜਾਰੀ ਕਿਸਾਨ ਮੋਰਚਿਆਂ ਦੀ ਅਗਵਾਈ ਕਰ ਰਹੀਆਂ ਕਿਸਾਨ ਫੋਰਮ- 'ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਪੇਸ਼ ਹੋਣ ਵਾਲੇ ਕੇਂਦਰੀ ਬਜਟ ਦੇ ਹਵਾਲੇ ਨਾਲ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਬਜਟ 'ਚ ਖੇਤੀਬਾੜੀ ਸਬੰਧੀ ਫੰਡ ਰਾਖਵੇਂ ਰੱਖੇ ਤੇ ਕਿਸਾਨਾਂ ਦੀ ਆਬਾਦੀ ਦੇ ਹਿਸਾਬ ਨਾਲ ਬਜਟ ਅਲਾਟ ਕੀਤਾ ਜਾਵੇ। ਉਧਰ, 26 ਨਵੰਬਰ ਤੋਂ ਸ਼ੁਰੂ ਹੋਇਆ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਅੱਜ ਵੀ ਜਾਰੀ ਰਿਹਾ। ਦੂਜੇ ਬੰਨ੍ਹੇ ਇਸ ਅੰਦੋਲਨ ਨੂੰ ਸਾਲ ਪੂਰਾ ਹੋਣ 'ਤੇ 12 ਫਰਵਰੀ ਨੂੰ ਢਾਬੀਗੁੱਜਰਾਂ ਅਤੇ 14 ਫਰਵਰੀ ਨੂੰ ਸ਼ੰਭੂ ਵਿੱਚ ਕੀਤੀਆਂ ਜਾਣ ਵਾਲੀਆਂ ਮਹਾਪੰਚਾਇਤਾਂ ਦੀਆਂ ਤਿਆਰੀਆਂ ਜਾਰੀ ਹਨ। ਦੋਵਾਂ ਮੋਰਚਿਆਂ ਤੋਂ ਕਿਸਾਨ ਆਗੂਆਂ ਸਰਵਣ ਪੰਧੇਰ, ਜਗਜੀਤ ਡੱਲੇਵਾਲ, ਸੁਖਜੀਤ ਹਰਦੋਝੰਡੇ, ਲਖਵਿੰਦਰ ਔਲਖ, ਅਭਿਮੰਨਿਊ ਕੋਹਾੜ, ਇੰਦਰਜੀਤ ਕੋਟਬੁੱਢਾ, ਦਿਲਬਾਗ




ਹਰੀਗੜ੍ਹ, ਗੁਰਮਨਮੀਤ ਮਾਂਗਟ, ਮਨਜੀਤ ਰਾਏ, ਜਸਵਿੰਦਰ ਲੌਂਗੋਵਾਲ, ਮਨਜੀਤ ਨਿਆਲ, ਗੁਰਧਿਆਨ ਸਿਓਣਾ ਤੇ ਹੋਰਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨ ਕਰਕੇ ਕੇਂਦਰੀ ਬਜਟਾਂ 'ਚ ਹੁਣ ਤੱਕ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਮੁਆਫ਼ ਹੁੰਦੇ ਹੀ ਨਜ਼ਰ ਆਏ ਹਨ ਪਰ ਕਿਸਾਨਾਂ ਬਾਰੇ ਕਦੇ ਵੀ ਸੰਜੀਦਗੀ ਨਾਲ ਨਹੀਂ ਸੋਚਿਆ ਗਿਆ। ਇਸ ਮੌਕੇ ਤਰਕ ਦਿੱਤਾ ਗਿਆ ਕਿ 14 ਫਰਵਰੀ ਨੂੰ ਗੱਲਬਾਤ ਲਈ ਮੀਟਿੰਗ ਸੱਦ ਕੇ ਸਰਕਾਰ ਕਿਸਾਨ ਮਸਲਿਆਂ ਦੇ ਹੱਲ ਲਈ ਗੰਭੀਰ ਹੋਣ ਦਾ ਰਾਗ ਅਲਾਪ ਰਹੀ ਹੈ, ਪਰ ਜੇਕਰ ਕੇਂਦਰ ਸਰਕਾਰ ਸੱਚਮੁੱਚ ਹੀ ਕਿਸਾਨਾਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਹੱਲ ਕਰਨਾ ਚਾਹੁੰਦੀ ਹੈ ਤਾਂ ਅਜਿਹੀ ਸੰਜੀਦਗੀ ਇਸ ਬਜਟ 'ਚ ਵੀ ਝਲਕਣੀ ਚਾਹੀਦੀ ਹੈ। ਕਿਸਾਨ ਆਗੂਆਂ ਨੇ ਅਮਰੀਕਨ ਡਾਲਰ ਦੇ ਮੁਕਾਬਲੇ ਭਾਰਤੀ ਕਰੰਸੀ ਦੇ ਲਗਾਤਾਰ ਡਿੱਗਣ ਬਾਰੇ ਵਿੱਤ ਮੰਤਰੀ ਨੂੰ ਸਵਾਲ ਵੀ ਕੀਤਾ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਹੱਕ ਵਿੱਚ ਕੁਝ ਸਕਾਰਾਤਮਕ ਬਦਲਾਅ ਲਿਆਵੇ ਤਾਂ ਹੀ ਕਿਸਾਨਾਂ ਨੂੰ ਫਾਇਦਾ ਹੋਵੇਗਾ। ਸਰਕਾਰ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ, ਕਰਜ਼ਾ ਮੁਆਫ਼ੀ, ਮਜ਼ਦੂਰਾਂ ਲਈ ਰੁਜ਼ਗਾਰ ਤੇ ਬਜ਼ੁਰਗ ਕਿਸਾਨਾਂ ਨੂੰ ਪੈਨਸ਼ਨ ਆਦਿ ਮੰਗਾਂ ਦੀ ਪੂਰਤੀ ਕਰੇ।

ਸਰਵਣ ਪੰਧੇਰ ਨੇ ਕਿਹਾ ਕਿ ਫੌਜੀਆਂ ਦੀ ਜਿੱਤ ਦੀ ਤਰ੍ਹਾਂ ਮੰਗਾਂ ਦੀ ਪੂਰਤੀ 'ਤੇ ਹੀ ਕਿਸਾਨ ਬਾਰਡਰਾਂ ਤੋਂ ਘਰਾਂ ਨੂੰ ਪਰਤਣਗੇ। ਪੰਜਾਬ ਸਰਕਾਰ ਦੀ ਦਿੱਲੀ ਚੋਣਾਂ ਦੀ ਚਿੰਤਾ ਨੇ ਸੂਬਾ ਅਣਗੌਲਿਆ ਕੀਤਾ ਹੋਇਆ ਹੈ। ਉਨ੍ਹਾਂ ਮਹਾਕੁੰਭ ਦੌਰਾਨ ਪ੍ਰਯਾਗਰਾਜ ਵਿੱਚ ਭਗਦੜ ਦੌਰਾਨ ਮਰਨ ਵਾਲੇ ਲੋਕਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ ਜਿੱਥੇ ਜਾਂਚ ਦੀ ਮੰਗ ਕੀਤੀ, ਉੱਥੇ ਹੀ ਮ੍ਰਿਤਕਾਂ ਦੀ ਸਹੀ ਗਿਣਤੀ ਦੱਸਣ 'ਤੇ ਵੀ ਜ਼ੋਰ ਦਿੱਤਾ।

ਐੱਸਕੇਐੱਮ ਵੱਲੋਂ ਏਕਤਾ ਦੇ ਮੁੱਦੇ 'ਤੇ ਤੀਜੇ ਗੇੜ ਵਜੋਂ ਰੱਖੀ 12 ਫਰਵਰੀ ਦੀ ਮੀਟਿੰਗ ਸਬੰਧੀ ਕਿਸਾਨ ਆਗੂਆਂ ਦਾ ਕਹਿਣਾ ਸੀ ਕਿ 12 ਨੂੰ ਢਾਬੀਗੁੱਜਰਾਂ ਬਾਰਡਰ 'ਤੇ ਮਹਾਪੰਚਾਇਤ ਹੈ ਪਰ ਫੇਰ ਵੀ ਦੋਵਾਂ ਫੋਰਮਾਂ ਵੱਲੋਂ ਆਪਸੀ ਮੀਟਿੰਗ ਕਰ ਕੇ ਰਣਨੀਤੀ ਘੜੀ ਜਾਣੀ ਹੈ। ਆਗੂਆਂ ਦਾ ਇਹ ਵੀ ਕਹਿਣਾ ਸੀ ਕਿ ਉਹ ਏਕਤਾ ਤੋਂ ਕਦੇ ਵੀ ਨਹੀਂ ਭੱਜੇ। ਕਿਉਂਕਿ ਉਨ੍ਹਾਂ ਸਾਰਿਆਂ ਦੀਆਂ ਮੰਗਾਂ, ਟੀਚੇ ਅਤੇ ਨਿਸ਼ਾਨੇ ਇੱਕ ਹਨ, ਜਿਸ ਕਰਕੇ ਇਹ ਲੜਾਈ ਰਲ ਕੇ ਸੌਖਿਆਂ ਜਿੱਤੀ ਜਾ ਸਕਦੀ ਹੈ ਪਰ ਇਹ ਸਮਾਂ ਸ਼ਰਤਾਂ ਨਾਲ ਏਕਤਾ ਕਰਨ ਦਾ ਨਹੀਂ ਬਲਕਿ ਰਲ-ਮਿਲ ਕੇ ਲੜਾਈ ਜਿੱਤਣ ਦਾ ਹੈ।

# ਪੰਜਾਬ ਸਰਕਾਰ ਵਲੋਂ ਖਿਡਾਰੀਆਂ ਨੂੰ ਪੀ.ਸੀ.ਐਸ.ਤੇ ਡੀ.ਐਸ.ਪੀ. ਦੀਆਂ ਨੌਕਰੀਆਂ ਨਾਲ ਕੀਤਾ ਜਾ ਰਿਹੈ ਸਨਮਾਨਿਤ : ਸੰਤ ਬਲਬੀਰ ਸਿੰਘ ਸੀਚੇਵਾਲ



**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਖੇਡਾਂ ਦੇ ਖੇਤਰ ਵਿੱਚ ਦੇਸ਼ ਅਤੇ ਸੂਬੇ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਪੀ.ਸੀ.ਐਸ. ਤੇ ਡੀ.ਐਸ.ਪੀ. ਦੀਆਂ ਨੌਕਰਦੀਆਂ ਨਾਲ ਸਨਮਾਨਿਆ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਅੱਜ ਸ਼ਹੀਦ ਬੱਬਰ ਨੰਦ ਸਿੰਘ ਸਪੋਰਟਸ ਕਲੱਬ ਪਿੰਡ ਘੁੜਿਆਲ ਅਤੇ ਐਨ.ਆਰ.ਆਈਜ਼ ਦੇ ਸਹਿਯੋਗ ਨਾਲ 28 ਜਨਵਰੀ ਤੋਂ 2 ਫਰਵਰੀ 2025 ਤੱਕ ਕਰਵਾਏ ਜਾ ਰਹੇ 9ਵੇਂ ਸਲਾਨਾ ਓਪਨ ਪਿੰਡ ਪੱਧਰੀ ਫੁੱਟਬਾਲ ਟੂਰਨਾਮੈਂਟ ਦੌਰਾਨ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੁੰਦਿਆਂ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸੂਬੇ ਵਿੱਚ ਖੇਡ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਹਰ ਸਾਲ 'ਖੇਡਾਂ ਵਤਨ ਪੰਜਾਬ ਦੀਆਂ' ਪ੍ਰੋਗਰਾਮ ਤਹਿਤ ਖੇਡਾਂ ਕਰਵਾਈਆਂ ਜਾ ਰਹੀਆਂ ਹਨ, ਜਿਸ ਨੂੰ ਸੂਬੇ ਦੇ ਖਿਡਾਰੀਆ ਵਲੋਂ ਵੱਡਾ ਹੁੰਗਾਰਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਕਰਵਾਈਆਂ ਗਈਆਂ ਖੇਡਾਂ ਦੌਰਾਨ ਸੂਬੇ ਭਰ ਤੋਂ ਹਰ ਉਮਰ ਵਰਗ ਦੇ ਕਰੀਬ 5 ਲੱਖ ਤੋਂ ਵੱਧ ਖਿਡਾਰੀਆਂ ਵਲੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਖਿਡਾਰੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਪੰਜਾਬ ਸਰਕਾਰ ਵਲੋਂ 11 ਨਾਮੀ ਖਿਡਾਰੀਆਂ ਨੂੰ ਪੀ.ਸੀ.ਐਸ.ਤੇ ਡੀ.ਐਸ.ਪੀਜ਼ ਦੀਆਂ ਨੌਕਰੀਆਂ ਨਾਲ ਨਵਾਜਿਆ ਗਿਆ ਹੈ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਖਿਡਾਰੀਆਂ ਨੂੰ ਕਿਹਾ ਕਿ ਖੇਡਾਂ ਖੇਡ ਭਾਵਨਾ ਨਾਲ ਖੇਡਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਖੇਡਾਂ ਨਾਲ ਜਿਥੇ ਖਿਡਾਰੀਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ, ਉਥੇ ਹੀ ਆਪਸੀ ਭਾਈਚਾਰਕ ਸਾਂਝ ਵੀ ਮਜ਼ਬੂਤ ਹੁੰਦੀ ਹੈ। ਉਨ੍ਹਾਂ ਖਿਡਾਰੀਆਂ ਨੂੰ ਕਿਹਾ ਕਿ ਦੇਸ਼ ਅਤੇ ਸੂਬੇ ਦਾ ਨਾਮ ਰੌਸ਼ਨ ਕਰਨ ਲਈ ਪੂਰੀ ਲਗਨ ਤੇ ਮਿਹਨਤ ਨਾਲ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ। ਇਸ ਮੌਕੇ ਉਨ੍ਹਾਂ ਸ਼ਹੀਦ ਬੱਬਰ ਨੰਦ ਸਿੰਘ ਸਪੋਰਟਸ ਕਲੱਬ ਵਲੋਂ ਖੇਡਾਂ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਅਤੇ ਹਰ ਸਾਲ ਪਿੰਡ ਪੱਧਰ ਦਾ ਓਪਨ ਫੁੱਟਬਾਲ ਟੂਰਨਾਮੈਂਟ ਕਰਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਇਸ ਮੌਕੇ ਸ਼ਹੀਦ ਬੱਬਰ ਨੰਦ ਸਿੰਘ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਪਿੰਡ ਪੱਧਰ ਦੇ ਓਪਨ ਟੂਰਨਾਮੈਂਟ ਦੌਰਾਨ ਪਹਿਲਾ ਇਨਾਮ 41000 ਰੁਪਏ ਤੇ ਕੱਪ, ਦੂਜਾ ਇਨਾਮ 31000 ਰੁਪਏ ਤੇ ਕੱਪ, ਤੀਜਾ ਇਨਾਮ 7100 ਰੁਪਏ ਤੇ ਕੱਪ ਅਤੇ ਚੌਥਾ ਇਨਾਮ 5100 ਰੁਪਏ ਤੇ ਕੱਪ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ 28 ਜਨਵਰੀ ਤੋਂ 2 ਫਰਵਰੀ ਤੱਕ ਕਰਵਾਏ ਜਾ ਰਹੇ 9ਵੇਂ ਸਲਾਨਾ ਓਪਨ ਪਿੰਡ ਪੱਧਰ ਫੁੱਟਬਾਲ ਟੂਰਨਾਮੈਂਟ ਦੌਰਾਨ ਖਿਡਾਰੀਆਂ ਦੀ ਸਹੂਲਤ ਲਈ ਸੁਚੱਜੇ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਗਿਆ ਹੈ।

# ਕੌਮਾਂ ਨੂੰ ਬਚਾਉਣ ਲਈ ਅਸੂਲ ਨਹੀਂ ਤਿਆਗੇ ਜਾ ਸਕਦੇ: ਗਿਆਨੀ ਹਰਪ੍ਰੀਤ ਸਿੰਘ

## ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਦੇ 98ਵੇਂ ਬਰਸੀ ਸਮਾਗਮ ਮੌਕੇ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸੰਗਤ ਨੂੰ ਸੰਬੋਧਨ ਕਰਦੇ ਹੋਏ।

**ਮਸਤੂਆਣਾ ਸਾਹਿਬ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਦੀ 98ਵੀਂ ਬਰਸੀ ਸਬੰਧੀ ਜੋੜ ਮੇਲ ਦੇ ਭਰਵੇਂ ਇਕੱਠ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੌਮਾਂ ਹਮੇਸ਼ਾ ਸਿਧਾਂਤਾਂ ਅਤੇ ਅਸੂਲਾਂ ਦੇ ਨਾਲ ਚੱਲਦੀਆਂ ਹਨ। ਅਸੂਲਾਂ ਦੀ ਰਾਖੀ ਲਈ ਕੌਮਾਂ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ ਪਰ ਕੌਮਾਂ ਨੂੰ ਬਚਾਉਣ ਲਈ ਅਸੂਲ ਨਹੀਂ ਤਿਆਗੇ ਜਾ ਸਕਦੇ। ਉਨ੍ਹਾਂ ਕਿਹਾ ਕਿ ਅੱਜ ਸਿਧਾਂਤਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ ਅਤੇ ਅਸੀਂ ਲਾਚਾਰੀ ਨਾਲ ਸਭ ਕੁਝ ਦੇਖ ਕੇ ਚੁੱਪ ਹੋਏ ਬੈਠੇ ਹਾਂ ਜੋ ਗੁਲਾਮੀ ਦੀ ਨਿਸ਼ਾਨੀ ਹੈ। ਕੌਂਸਲ ਵੱਲੋਂ ਉਨ੍ਹਾਂ ਨੂੰ 'ਅਕਾਲੀ ਫੂਲਾ ਸਿੰਘ ਐਵਾਰਡ' ਨਾਲ ਸਨਮਾਨਿਆ ਗਿਆ। ਉਨ੍ਹਾਂ ਕਿਹਾ ਕਿ ਕੌਮਾਂ ਵਿੱਚ ਮਤਭੇਦ ਹੋ ਜਾਂਦੇ ਹਨ ਜੋ ਸੁਲਝਾ ਲਏ ਜਾਂਦੇ ਹਨ ਪਰ ਮਨਭੇਦ ਨਹੀਂ ਹੋਣੇ ਚਾਹੀਦੇ। ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਖਾਸ ਕਰ ਕੇ ਨੌਜਵਾਨ ਵਰਗ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਤਾਂ ਜੋ ਸਿੱਖ ਪ੍ਰੰਪਰਾਵਾਂ ਨੂੰ ਬਚਾਇਆ ਜਾ ਸਕੇ। ਇਸ ਦੌਰਾਨ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਅੱਜ ਧਾਰਮਿਕ, ਸਿਆਸੀ, ਵਿੱਦਿਅਕ ਅਤੇ ਸਮਾਜਿਕ ਪੱਖੋਂ ਸਿੱਖ ਕੌਮ ਪਛੜ ਰਹੀ ਹੈ। ਇਸ ਲਈ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੰਤ ਅਤਰ ਸਿੰਘ ਨੇ ਮਹਿਸੂਸ ਕਰ ਲਿਆ ਸੀ ਕਿ ਸਿੱਖ ਕੌਮ ਨੂੰ ਵਿੱਦਿਅਕ ਪੱਖ ਤੋਂ ਉੱਠਣ ਦੀ ਲੋੜ ਹੈ। ਇਸੇ ਲਈ ਉਨ੍ਹਾਂ ਸੰਤ ਤੇਜਾ ਸਿੰਘ ਸਮੇਤ ਚਾਰ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਹਾਸਲ ਕਰਨ ਲਈ ਇੰਗਲੈਂਡ ਭੇਜਿਆ।

ਕੌਂਸਲ ਸਕੱਤਰ ਜਸਵੰਤ ਸਿੰਘ ਖਹਿਰਾ ਨੇ ਕਿਹਾ ਕਿ ਟਰੱਸਟ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਜਲਦੀ ਹੀ ਵਿੱਦਿਅਕ ਢਾਂਚੇ ਦਾ ਪੱਧਰ ਉੱਚਾ ਚੁੱਕਣ ਦੇ ਮਨੋਰਥ ਨਾਲ ਇੱਥੇ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾਵੇਗੀ। ਇਸ ਮੌਕੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਹੈ ਕਿ ਜੋ ਲੋਕ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਕਰ ਰਹੇ ਹਨ, ਸੰਗਤਾਂ ਨੂੰ ਉਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਅਕਾਲੀ ਦਲ (ਅ) ਦੇ ਆਗੂ ਇਮਾਨ ਸਿੰਘ ਮਾਨ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ 2011 ਤੋਂ ਬਾਅਦ ਹੁਣ ਤੱਕ ਦੀ ਦੇਰੀ ਲਈ ਕੇਂਦਰ ਅਤੇ ਰਾਜ ਸਰਕਾਰ ਜ਼ਿੰਮੇਵਾਰ ਹਨ। ਭੁਪਿੰਦਰ ਸਿੰਘ ਗਰੇਵਾਲ ਵੱਲੋਂ ਕੀਤੇ ਮੰਚ ਸੰਚਾਲਨ ਦੌਰਾਨ ਸਮਾਗਮ ਨੂੰ ਅਕਾਲ ਕਾਲਜ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਸੰਤ ਕਾਕਾ ਸਿੰਘ ਦਮਦਮਾ ਸਾਹਿਬ, ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਤੇ ਸੰਤ ਈਸ਼ਰ ਸਿੰਘ ਹੈਦਰਾਬਾਦ ਅਤੇ ਹੋਰਨਾਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਬਾਬੂ ਪ੍ਰਕਾਸ਼ ਚੰਦ ਗਰਗ, ਜਥੇਦਾਰ ਹਰਜੀਤ ਸਿੰਘ ਸੰਜੂਮਾ, ਜੀਤ ਸਿੰਘ ਢੀਂਡਸਾ, ਅਮਨਵੀਰ ਸਿੰਘ ਚੈਰੀ, ਗੁਰਜੰਟ ਸਿੰਘ ਦੁੱਗਾਂ ਅਤੇ ਹੋਰ ਸਖ਼ਸ਼ੀਅਤਾਂ ਮੌਜੂਦ ਸਨ।

# ਅਕਾਲ ਤਖ਼ਤ ਐਕਸਪ੍ਰੈਸ ਤੇ ਸ਼ਾਨ-ਏ-ਪੰਜਾਬ ਟਰੇਨ ਰਾਜਪੁਰਾ 'ਚ ਰੋਕਣ ਲਈ ਪੱਤਰ

**ਪਟਿਆਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਤੇ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈਸ ਸਕੱਤਰ ਸੁਖਜੀਤ ਸਿੰਘ ਬਘੌਰਾ ਨੇ ਕੇਂਦਰੀ ਰੇਲ ਮੰਤਰੀ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਜਾਣ ਵਾਲੀ ਟਰੇਨ (ਨੰਬਰ 12318+12317) ਤੇ ਗੁਰਮੁਖੀ ਐਕਸਪ੍ਰੈਸ ਟਰੇਨ (ਨੰਬਰ12326+ 12325) ਦਾ ਰਾਜਪੁਰਾ ਰੇਲਵੇ ਸਟੇਸ਼ਨ 'ਤੇ ਰੁਕਣਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਅਕਾਲ ਤਖ਼ਤ ਐਕਸਪ੍ਰੈਸ ਅਤੇ ਸ਼ਾਨ-ਏ-ਪੰਜਾਬ ਦੇ ਰੂਟ ਰਾਜਪੁਰਾ ਤੋਂ ਵਾਇਆ ਪਟਿਆਲਾ ਕੀਤੇ ਜਾਣ 'ਤੇ ਵੀ ਜ਼ੋਰ ਦਿੱਤਾ ਹੈ, ਕਿਉਂਕਿ ਪਟਿਆਲਾ ਤੋਂ ਅੰਮ੍ਰਿਤਸਰ ਲਈ ਇੱਕੋ ਟਾਈਮ ਹੋਣ ਕਾਰਨ ਅੰਮ੍ਰਿਤਸਰ ਜਾਣ ਵਾਲੇ ਯਾਤਰੀਆਂ ਨੂੰ ਮੁਸ਼ਕਲ ਆਉਂਦੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਤਖ਼ਤ ਐਕਸਪ੍ਰੈਸ ਟਰੇਨ ਅਤੇ ਸ਼ਾਨ-ਏ-ਪੰਜਾਬ ਟਰੇਨਾਂ ਨੂੰ ਜੇਕਰ ਪਟਿਆਲਾ ਤੋਂ ਵਾਇਆ ਧੂਰੀ ਚਲਾਇਆ ਜਾਵੇ ਤਾਂ ਅੰਮ੍ਰਿਤਸਰ ਜਾਣ ਵਾਲੇ ਯਾਤਰੀਆਂ ਨੂੰ ਰਾਹਤ ਮਿਲੇਗੀ।

# ਸ਼ੰਭੂ ਮੋਰਚੇ 'ਚ ਕਿਸਾਨ ਦੀ ਦਿਲ ਦੇ ਦੌਰੇ ਕਾਰਨ ਮੌਤ

**ਪਟਿਆਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਭੂ ਬਾਰਡਰ 'ਤੇ ਜਾਰੀ ਕਿਸਾਨ ਮੋਰਚੇ ਵਿੱਚ ਇੱਕ ਕਿਸਾਨ ਦੀ ਅੱਜ ਇੱਥੇ ਸ਼ੰਭੂ ਬਾਰਡਰ 'ਤੇ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। 65 ਸਾਲਾ ਪਰਗਟ ਸਿੰਘ ਕਿਸਾਨ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਲੋਪੋਕੇ ਅਧੀਨ ਪੈਂਦੇ ਪਿੰਡ ਕੱਕੜ ਦਾ ਰਹਿਣ ਵਾਲਾ ਸੀ। ਉਹ ਤਿੰਨ ਏਕੜ ਜ਼ਮੀਨ ਦਾ ਮਾਲਕ ਸੀ।

ਉਸ ਨੂੰ ਭਾਵੇਂ ਕਿ ਹਸਪਤਾਲ ਵੀ ਲਿਜਾਇਆ ਗਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ।

# ਕਿਰਤੀ ਕਾਲਜ 'ਚ ਹਥਿਆਰ ਟਰੇਨਿੰਗ ਕੈਂਪ



**ਪਾਤੜਾਂ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਿਰਤੀ ਕਾਲਜ, ਨਿਆਲ ਵਿੱਚ 5 ਪੰਜਾਬ ਬਟਾਲੀਅਨ ਐੱਨਸੀਸੀ ਇੰਚਾਰਜ ਡਾ. ਜਤਿੰਦਰ ਸਿੰਘ ਅਤੇ ਪ੍ਰਿੰਸੀਪਲ ਗੁਰਵੀਨ ਕੌਰ ਦੀ ਅਗਵਾਈ ਵਿੱਚ ਇੱਕ ਰੋਜ਼ਾ ਹਥਿਆਰ ਟਰੇਨਿੰਗ ਕੈਂਪ ਲਗਾਇਆ ਗਿਆ। ਟਰੇਨਿੰਗ ਵਿੱਚ ਪਟਿਆਲਾ ਤੋਂ ਕਮਾਂਡਿੰਗ ਅਫ਼ਸਰ ਕਰਨਲ ਐਲ ਨਿਵਾਸਨ ਦੀ ਰਹਿਨੁਮਾਈ 'ਚ ਸੂਬੇਦਾਰ ਕਦਮ, ਹੌਲਦਾਰ ਮੁਨੀਸ਼ ਕੁਮਾਰ ਅਤੇ ਹੌਲਦਾਰ ਹਰਵਿੰਦਰ ਸਿੰਘ ਦੁਆਰਾ ਪ੍ਰੈਕਟੀਕਲ ਪ੍ਰੀਖਿਆ 'ਬੀ' ਸਰਟੀਫਿਕੇਟ ਅਤੇ 'ਸੀ' ਸਰਟੀਫਿਕੇਟ ਦੀ ਟਰੇਨਿੰਗ ਲਈ ਉਚੇਚੇ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਐੱਨਸੀਸੀ ਕੈਡੇਟਾਂ ਨੂੰ ਪਹਿਲਾਂ ਡਰਿੱਲ ਕਰਵਾਈ ਅਤੇ ਫਿਰ 22 ਰਾਈਫਲ, ਐਸਐਲਆਰ, ਇੰਸਾਸ ਰਾਈਫਲ, ਨਕਸ਼ਾ ਅਤੇ ਹੋਰ ਹਥਿਆਰਾਂ ਨੂੰ ਚਲਾਉਣ, ਖੋਲ੍ਹਣ ਅਤੇ ਫਿਰ ਜੋੜਨ ਦੇ ਤਰੀਕਿਆਂ ਦੇ ਨਾਲ ਮੈਪ ਦੀ ਵਰਤੋਂ ਦੇ ਸੁਚੱਜੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਕਿਰਤੀ ਕਾਲਜ ਦੇ ਐੱਨਸੀਸੀ ਕੈਡੇਟਾਂ ਤੋਂ ਇਲਾਵਾ ਯੂਨੀਵਰਸਲ ਕਾਲਜ ਪਾਤੜਾਂ ਦੇ ਐੱਨਸੀਸੀ ਕੈਡੇਟਾਂ ਨੇ ਵੀ ਟਰੇਨਿੰਗ ਕੈਂਪ ਦਾ ਲਾਭ ਲਿਆ। ਇਸ ਮੌਕੇ ਡਾ. ਗੁਰਜੀਤ ਸਿੰਘ, ਡਾ. ਜਸਵਿੰਦਰ ਸ਼ਰਮਾ, ਪ੍ਰੋ. ਮਨਿੰਦਰ ਸਿੰਘ ਅਤੇ ਪ੍ਰੋ ਜਗਦੀਸ਼ ਸਿੰਘ ਨੇ ਐੱਨਸੀਸੀ ਕੈਡੇਟਾਂ ਦੀ ਹੌਸਲਾ-ਅਫ਼ਜ਼ਾਈ ਕੀਤੀ।

# ਭਾਦਸੋਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ ਝਟਕਾ ਬਲਵੀਰ ਸਿੰਘ ਖੱਟੜਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ



**ਭਾਦਸੋਂ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਹੋ ਰਹੇ ਵੱਡੇ ਵਿਕਾਸ ਕਾਰਜਾਂ ਨੂੰ ਦੇਖ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਅੱਜ ਸ਼੍ਰੋਮਣੀ ਅਕਾਲੀ ਦਲ ਭਾਦਸੋਂ ਦੇ ਸਾਬਕਾ ਸਹਿਰੀ ਪ੍ਰਧਾਨ ਬਲਵੀਰ ਸਿੰਘ ਖੱਟੜਾ ਚਾਸਵਾਲ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਨ ਉਪਰੰਤ ਕੀਤਾ ਉਹਨਾਂ ਦੱਸਿਆ ਕਿ ਪਿਛਲੇ ਸਾਲਾਂ ਨਾਭਾ ਹਲਕੇ ਵਿੱਚ ਬਿਨਾਂ ਭੇਦ ਭਾਵ ਤੋਂ ਵਿਕਾਸ ਕਾਰਜ ਕਰਵਾਏ ਜਾ ਰਹੇ ਜਿਸ ਨੂੰ ਦੇਖ ਲਗਾਤਾਰ ਦੂਜੀਆਂ ਪਾਰਟੀਆਂ ਦੇ ਵਰਕਰ ਅਤੇ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ ਬਲਵੀਰ ਸਿੰਘ ਖੱਟੜਾ ਨੂੰ ਆਮ ਆਦਮੀ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਇਸ ਮੌਕੇ ਉਨ੍ਹਾਂ ਦੇ ਨਾਲ ਰਣਧੀਰ ਸਿੰਘ ਢੀਡਸਾ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋ, ਤੇ ਤੇਜਿੰਦਰ ਸਿੰਘ ਖਹਿਰਾ, ਕਪਿਲ ਮਾਨ, ਰੁਪਿੰਦਰ ਸਿੰਘ ਪ੍ਰਧਾਨ ਟਰੱਕ ਯੂਨੀਅਨ ਭਾਦਸੋਂ, ਗੁਰਬਚਨ ਸਿੰਘ ਨਾਨੋਕੀ , ਕਾਕਾ ਸਿੰਘ ਸਰਪੰਚ ਚਾਸਵਾਲ , ਅੰਗਰੇਜ ਸਿੰਘ ਨੇਤਰ ਸਿੰਘ, ਬਲਦੇਵ ਸਿੰਘ, ਗੁਰਮੀਤ ਸਿੰਘ ਆਦਿ ਮੌਜੂਦ ਸਨ।

# ਜਨਵਰੀ ਵਿੱਚ ਵੱਧ ਤਾਪਮਾਨ ਕਣਕ ਲਈ ਨੁਕਸਾਨਦੇਹ

**ਪਟਿਆਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਜੂਦਾ ਦਿਨਾਂ ਵਿੱਚ ਦਿਨ ਦਾ ਤਾਪਮਾਨ 21-23 ਡਿਗਰੀ ਸੈਲਸੀਅਸ ਅਤੇ ਰਾਤ ਦਾ ਤਾਪਮਾਨ 5-6 ਡਿਗਰੀ ਸੈਲਸੀਅਸ ਚੱਲ ਰਿਹਾ ਹੈ। ਅਜਿਹਾ ਮੌਸਮ ਹਾੜ੍ਹੀ ਦੀ ਮੁੱਖ ਫਸਲ ਕਣਕ ਲਈ ਲਾਹੇਵੰਦ ਨਹੀਂ ਮੰਨਿਆ ਜਾ ਰਿਹਾ। ਜੇ ਇਸ ਤਰ੍ਹਾਂ ਤਾਪਮਾਨ ਵਧਦਾ ਰਿਹਾ ਤਾਂ ਕਣਕ ਦਾ ਝਾੜ ਘਟਣ ਦਾ ਖਦਸ਼ਾ ਹੈ ਕਿਉਂਕਿ ਕਣਕ ਦੀ ਭਰਵੀਂ ਫਸਲ ਲਈ ਲਗਾਤਾਰ ਠੰਢ ਪੈਣੀ ਜ਼ਰੂਰੀ ਹੈ।

ਉਧਰ ਕਿਸਾਨਾਂ ਲਈ ਗੰਭੀਰ ਬਣੇ ਅਜਿਹੇ ਹਾਲਾਤ ਲਈ ਖੇਤੀਬਾੜੀ ਵਿਭਾਗ ਵੀ ਚੌਕਸ ਹੋ ਗਿਆ ਹੈ। ਜ਼ਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਤਾਪਮਾਨ ਦੇ ਵਾਧੇ ਦੇ ਅਸਰ ਨੂੰ ਘੱਟ ਕਰਨ ਲਈ ਉਹ ਕਣਕ ਦੀ ਫ਼ਸਲ ਉੱਪਰ 4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ (13:0:45) ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਗੋਭ ਵਾਲਾ ਪੱਤਾ ਨਿਕਲਣ 'ਤੇ ਪਹਿਲਾ ਸਪਰੇਅ ਕਰਨ, ਜਦਕਿ ਦੂਜੀ ਸਪਰੇਅ ਬੂਰ ਪੈਣ ਸਮੇਂ ਕੀਤੀ ਜਾਵੇ। ਉਨ੍ਹਾਂ ਪੀਲੀ ਕੁੰਗੀ ਦੀ ਰੋਕਥਾਮ ਲਈ ਵੀ ਕਿਸਾਨਾਂ ਨੂੰ ਆਪਣੀ ਫ਼ਸਲ ਦਾ ਨਿਰੀਖਣ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਬਿਮਾਰੀ ਨਜ਼ਰ ਆਉਣ 'ਤੇ 120 ਗ੍ਰਾਮ ਨਟੀਵੋ ਜਾਂ 200 ਮਿਲੀਲਿਟਰ ਟੀਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਕੈਵੀਅਟ ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਸਪਰੇਅ ਕੀਤਾ ਜਾਵੇ।

# ਦਿੱਲੀ ਵਿੱਚ ਮੁੜ ਤੋਂ ਆਪ ਸਰਕਾਰ ਬਨਣ ਤੇ ਰਚਿਆ ਜਾਵੇਗਾ ਇਤਿਹਾਸ : ਚੇਅਰਮੈਨ ਰਣਜੋਧ ਸਿੰਘ ਹਡਾਣਾ

**ਪਟਿਆਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਪੰਜਾਬ ਦੇ ਸਕੱਤਰ ਅਤੇ ਪੀ ਆਰ ਟੀ ਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਦਿੱਲੀ ਚੋਣਾਂ ਦੇ ਬਿਗੁਲ ਵੱਜਣ ਤੋਂ ਲੈ ਕੇ ਹੁਣ ਤੱਕ ਲੋਕ ਸਭਾ ਵੈਸਟ ਦਿੱਲੀ ਵਿਖੇ ਲੱਗੀ ਆਪਣੀ ਡਿਊਟੀ ਬਾਖੂਬੀ ਜਿੰਮੇਵਾਰੀ ਨਾਲ ਨਿਭਾ ਰਹੇ ਹਨ। ਦੱਸਣਯੋਗ ਹੈ ਕਿ ਪਾਰਟੀ ਵੱਲੋਂ ਉਨਾਂ ਨੂੰ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀਆਂ ਸਾਰੀਆਂ ਰੈਲੀਆਂ ਦੇ ਇੰਵੈਂਟ ਇੰਚਾਰਜ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਲੀ ਵਿਖੇ ਉਮੀਦਵਾਰਾਂ ਦੇ ਹੱਕ ਵਿੱਚ ਕੀਤੇ ਜਾ ਰਹੇ ਰੋਡ ਸ਼ੋਅ ਸੰਬੰਧੀ ਕਾਰਜਾਂ ਵਿੱਚ ਅਹਿਮ ਜਿੰਮੇਵਾਰੀ ਸੌਂਪੀ ਗਈ ਹੈ।

ਬੀਤੇ ਦਿਨੀ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਪਟਿਆਲਾ ਫੇਰੀ ਦੌਰਾਨ ਦਿੱਲੀ ਵਿਖੇ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਇੱਕ ਫੋਟੋ ਨਸ਼ਰ ਕਰਦਿਆ ਵਿਸ਼ੇਸ਼ ਗੱਲਬਾਤ ਰਾਹੀ ਦੱਸਿਆ ਕਿ ਪਿਛਲੇ 10 ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਦਿੱਲੀ ਵਿੱਚ ਮਿਸਾਲੀ



ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਚੇਅਰਮੈਨ ਰਣਜੋਧ ਸਿੰਘ ਹਡਾਣਾ ਅਤੇ ਪਾਰਟੀ ਵਰਕਰ

ਵਿਕਾਸ ਕਾਰਜ ਕੀਤੇ ਗਏ ਹਨ। ਜਿਸ ਕਾਰਨ ਦਿੱਲੀ ਵਿੱਚ ਮੁੜ ਤੋਂ ਆਪ ਸਰਕਾਰ ਬਣ ਕੇ ਨਵਾਂ ਇਤਿਹਾਸ ਰਚਿਆ ਜਾਵੇਗਾ। ਕਿਉਂਕਿ ਕੇਂਦਰ ਸਰਕਾਰ ਦਾ ਤਾਨਾਸ਼ਾਹੀ ਰਵੱਈਆਂ ਹੋਣ ਦੇ ਬਾਵਜੂਦ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾ ਬੰਦ ਨਹੀ ਕੀਤੀਆਂ ਗਈਆਂ।

ਹਡਾਣਾ ਨੇ ਕਿਹਾ ਕਿ ਪੰਜਾਬ ਅਤੇ ਦਿੱਲੀ ਦੇ ਪਾਰਟੀ ਵਰਕਰਾਂ ਤੋਂ ਇਲਾਵਾ ਲੋਕ ਆਮ ਆਦਮੀ ਪਾਰਟੀ ਨੂੰ ਜਿਤਾਉਣ ਲਈ ਆਪ ਮੁਹਾਰੇ ਹੋਏ ਪਏ ਹਨ। ਉਨਾਂ ਕਿਹਾ ਕਿ ਉਨਾਂ ਕਿ ਵਰਕਰਾਂ ਵੱਲੋਂ ਡੋਰ ਟੂ ਡੋਰ ਜਾ ਕੇ ਉਮੀਦਵਾਰ ਦੇ ਪੱਖ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਸਿਹਤ ਸਹੂਲਤਾਂ, ਸਿੱਖਿਆ ਪ੍ਰਣਾਲੀ, ਮੁਫਤ ਬਿਜਲੀ, ਪਾਣੀ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਸਮੇਤ ਹਰ ਖੇਤਰ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਪੱਧਰ ਤੇ ਕੀਤੇ ਗਏ ਵਿਕਾਸ ਕਾਰਜਾਂ ਅਤੇ ਹੋਰ ਲੋਕ ਭਲਾਈ ਕਾਰਜਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ।

ਹੋਰ ਬੋਲਦਿਆ ਰਣਜੋਧ ਹਡਾਣਾ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਿਹਾ ਸਾਥ ਇਹ ਸਿੱਧ ਕਰਦਾ ਹੈ ਕਿ ਦਿੱਲੀ ਵਿਧਾਨਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੱਕੀ ਹੈ, ਕਿਉਂਕਿ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਜੋ ਵਾਅਦੇ ਕੀਤੇ ਗਏ ਸਨ, ਉਹ ਪੂਰੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੁਫ਼ਤ ਬਿਜਲੀ, ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਕਰੀਬ 50 ਹਜਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ, ਖੇਤਾਂ ਨੂੰ ਨਹਿਰਾਂ ਦਾ ਪਾਣੀ ਦੇਣਾ, ਸਕੂਲ ਆਫ ਐਮੀਨੈਂਸ, ਸੜਕ ਸੁਰੱਖਿਆ ਫੋਰਸ ਸਮੇਤ ਪੰਜਾਬ ਵਿੱਚ ਨਵੀਂ ਇੰਡਸਟਰੀ ਲਗਾਉਣ ਜਿਹੇ ਸਾਰਥਿਕ ਕਦਮ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦਰ ਕੇਜਰੀਵਾਲ ਦੀ ਪਹਿਲ ਰਹੇ ਹਨ।

ਹਡਾਣਾ ਨੇ ਕਿਹਾ ਕਿ ਦਿੱਲੀ ਵਿੱਚ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਵਿੱਚ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ 'ਆਪ' ਇੱਕ ਵਾਰ ਫਿਰ ਤੋਂ ਸਰਕਾਰ ਬਣਾਉਣ ਜਾ ਰਹੀ ਹੈ। ਇਸ ਮੌਕੇ ਉਨਾਂ ਨਾਲ ਲਖਵੀਰ ਸਿੰਘ ਰਾਏ ਐਮ ਐਲ ਏ ਫਤਿਹਗੜ੍ਹ ਸਾਹਿਬ, ਜਸਬੀਰ ਸਿੰਘ ਕੁਦਨੀ ਚੇਅਰਮੈਨ ਪੀਐਸਆਈਡੀਸੀ, ਤੇਜਿੰਦਰ ਮਹਿਤਾ ਜਿਲ੍ਹਾਂ ਪ੍ਰਧਾਨ ਸ਼ਹਿਰੀ, ਹਰਪਿੰਦਰ ਚੀਮਾ, ਲਾਲੀ ਰਹਿਲ ਪੀਏ ਟੂ ਚੇਅਰਮੈਨ ਪੀਆਰਟੀਸੀ, ਗੁਰਮੀਤ ਸਿੰਘ ਅਸਰਪੁਰ, ਅਤੇ ਹੋਰ ਪਾਰਟੀ ਵਰਕਰ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

# ਮਾਊਂਟ ਐਵਰੈਸਟ ਫ਼ਤਹਿ ਕਰਨ ਵਾਲੇ ਮਲਕੀਤ ਸਿੰਘ ਨਾਲ ਰੂਬਰੂ

## ਸਪੋਰਟਸ ਸਾਇੰਸ ਵਿਭਾਗ ਸਮੇਤ ਹੋਰ ਵਿਭਾਗਾਂ ਵੱਲੋਂ ਸਨਮਾਨ

**ਪਟਿਆਲਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਸਪੋਰਟਸ ਸਾਇੰਸ ਵਿਭਾਗ ਵੱਲੋਂ ਵਿਭਾਗ ਮੁਖੀ ਡਾ. ਅਨੁਰਾਧਾ ਲਹਿਰੀ ਦੀ ਅਗਵਾਈ ਹੇਠ ਕਰਵਾਏ ਗਏ ਇੱਕ ਸਮਾਗਮ ਦੌਰਾਨ ਪਿਛਲੇ ਦਿਨੀਂ ਮਾਊਂਟ ਐਵਰੈਸਟ 'ਤੇ ਚੜ੍ਹ ਕੇ ਆਏ ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਵਸਨੀਕ ਮਲਕੀਤ ਸਿੰਘ ਵਿਦਿਆਰਥੀਆਂ, ਖੋਜਾਰਥੀਆਂ, ਅਧਿਆਪਕਾਂ ਅਤੇ ਮੁਲਾਜ਼ਮਾਂ ਦੇ ਮੁਖਾਤਿਬ ਹੋਏ। ਇਸ ਦੌਰਾਨ ਉਨ੍ਹਾਂ ਆਪਣੇ ਤਜਰਬੇ ਸਾਂਝੇ ਕਰਦਿਆਂ ਸਾਰੀ ਗਾਥਾ ਬਹੁਤ ਹੀ ਰੁਮਾਂਚਕ ਢੰਗ ਨਾਲ ਬਿਆਨ ਕੀਤੀ। ਉਨ੍ਹਾਂ ਦੱਸਿਆ ਕਿ ਅੰਮ੍ਰਿਤਧਾਰੀ ਹੋਣ ਦੇ ਚੱਲਦਿਆਂ ਉਨ੍ਹਾਂ ਕਿਵੇਂ ਆਪਣੇ ਪੰਜੇ ਕਕਾਰ ਵੀ ਨਾਲ ਰੱਖੇ। ਉਹ ਬਹੁਤ ਸੂਖਮ ਕੈਮਰੇ ਵੀ ਨਾਲ ਲੈ ਗਏ ਸਨ। ਇਸ ਮੌਕੇ ਡਾ. ਅਨੁਰਾਧਾ ਲਹਿਰੀ ਤੇ ਡਾ. ਪਰਮਵੀਰ ਸਿੰਘ ਨੇ ਮਲਕੀਤ ਸਿੰਘ ਨੂੰ ਵਿਭਾਗ ਵੱਲੋਂ ਸਨਮਾਨਿਤ ਵੀ ਕੀਤਾ।



ਮਲਕੀਤ ਸਿੰਘ ਨੂੰ ਸਨਮਾਨਦੇ ਹੋਏ ਡਾ. ਅਨੁਰਾਧਾ ਲਹਿਰੀ ਤੇ ਡਾ. ਪਰਮਵੀਰ ਸਿੰਘ।

ਵਿਭਾਗ ਮੁਖੀ ਡਾ. ਅਨੁਰਾਧਾ ਲਹਿਰੀ ਨੇ ਕਿਹਾ ਕਿ ਉਨ੍ਹਾਂ ਦੀ ਇਹ ਵਾਰਤਾਲਾਪ ਨਾ ਸਿਰਫ਼ ਵਿਦਿਆਰਥੀਆਂ, ਬਲਕਿ ਅਧਿਆਪਕਾਂ ਲਈ ਵੀ ਆਪਣੇ ਮਿਸ਼ਨ ਪ੍ਰਤੀ ਪ੍ਰੇਰਨਾ ਸਰੋਤ ਰਹੇਗੀ। ਵਿਭਾਗ ਦੇ ਸਾਬਕਾ ਮੁਖੀ ਤੇ ਪ੍ਰੋਫ਼ੈਸਰ ਡਾ. ਪਰਮਵੀਰ ਸਿੰਘ ਨੇ ਦੱਸਿਆ ਕਿ ਮਲਕੀਤ ਸਿੰਘ ਪਹਿਲੇ ਅਜਿਹੇ ਸਿੱਖ ਹਨ ਜਿਨ੍ਹਾਂ ਨੇ ਮਾਊਂਟ ਐਵਰੈਸਟ ਉਪਰ ਚੜ੍ਹਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦੇ ਅਧਿਆਪਕ, ਵਿਦਿਆਰਥੀ, ਖੋਜਾਰਥੀ ਅਤੇ ਸਮੂਹ ਅਮਲਾ ਉਨ੍ਹਾਂ ਤੋਂ ਕਾਫ਼ੀ ਪ੍ਰਭਾਵਿਤ ਤੇ ਪ੍ਰੇਰਿਤ ਹੋਇਆ ਹੈ।

ਇਸ ਦੌਰਾਨ ਪੰਜਾਬੀ ਯੂਨੀਵਰਸਿਟੀ ਵਿੱਚ ਆਮਦ 'ਤੇ ਇੱਥੋਂ ਦੇ ਗੁਰੂ ਗ੍ਰੰਥ ਸਾਹਿਬ ਭਵਨ ਤੇ ਵਿਭਾਗ ਦੇ ਮੁਖੀ ਡਾ. ਗੁੰਜਨਜੀਤ ਕੌਰ, ਡਾ. ਮਲਕਿੰਦਰ ਕੌਰ, ਗੁਰੂ ਗੋਬਿੰਦ ਸਿੰਘ ਭਵਨ ਦੇ ਮੁਖੀ ਡਾ. ਗੁਰਮੇਲ ਸਿੰਘ ਅਤੇ ਡਾ. ਪਰਮਵੀਰ ਸਿੰਘ ਸਮੇਤ ਵਿਦਿਆਰਥੀਆਂ ਨੇ ਵੀ ਮਲਕੀਤ ਸਿੰਘ ਦੇ ਤਜਰਬਿਆਂ ਸਬੰਧੀ ਉਨ੍ਹਾਂ ਨਾਲ ਵਾਰਤਾ ਕੀਤੀ ਤੇ ਸਨਮਾਨਿਤ ਵੀ ਕੀਤਾ।

# ਯੂਪੀਏ ਤੇ ਐੱਨਡੀਏ, ਦੋਵੇਂ ਬੇਰੁਜ਼ਗਾਰੀ ਨਾਲ ਸਿੱਝਣ ਵਿਚ ਨਾਕਾਮ ਰਹੇ: ਰਾਹੁਲ ਗਾਂਧੀ

## ਪ੍ਰਧਾਨ ਮੰਤਰੀ ਮੋਦੀ ਨੇ ਕੋਸ਼ਿਸ਼ ਕੀਤੀ, ਸੰਕਲਪ ਵਜੋਂ 'ਮੇਕ ਇਨ ਇੰਡੀਆ' ਚੰਗਾ ਵਿਚਾਰ ਸੀ, ਪਰ ਮੋਦੀ ਅਸਫ਼ਲ ਰਹੇ



**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਅੱਜ ਬਜਟ ਇਜਲਾਸ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਪੇਸ਼ ਧੰਨਵਾਦ ਮਤੇ 'ਤੇ ਜਾਰੀ ਬਹਿਸ ਵਿਚ ਸ਼ਾਮਲ ਹੁੰਦਿਆਂ ਕਿਹਾ ਕਿ ਯੂਪੀਏ ਤੇ ਐੱਨਡੀਏ, ਦੋਵੇਂ ਬੇਰੁਜ਼ਗਾਰੀ ਨਾਲ ਸਿੱਝਣ ਵਿਚ ਨਾਕਾਮ ਰਹੇ ਹਨ।

ਉਨ੍ਹਾਂ ਕਿਹਾ, "ਰਾਸ਼ਟਰਪਤੀ ਦੇ ਭਾਸ਼ਣ ਵਿਚ ਕੁਝ ਵੀ ਨਵਾਂ ਨਹੀਂ ਪਿਛਲੇ ਭਾਸ਼ਣ ਵਾਲੀਆਂ ਉਹੀ ਪੁਰਾਣੀਆਂ ਗੱਲਾਂ ਸਨ।" ਗਾਂਧੀ ਨੇ ਕਿਹਾ, "ਅਸੀਂ ਬੇਰੁਜ਼ਗਾਰੀ ਨਾਲ ਸਿੱਝਣ ਵਿਚ ਨਾਕਾਮ ਰਹੇ ਹਾਂ; ਨਾ ਯੂਪੀਏ ਤੇ ਨਾ ਹੀ ਐੱਨਡੀਏ ਨੇ ਦੇਸ਼ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਬਾਰੇ ਕੋਈ ਸਪਸ਼ਟ ਜਵਾਬ ਦਿੱਤਾ ਹੈ।"

ਰਾਹੁਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਸ਼ਿਸ਼ ਕੀਤੀ ਅਤੇ ਸੰਕਲਪ ਵਜੋਂ 'ਮੇਕ ਇਨ ਇੰਡੀਆ' ਇੱਕ ਚੰਗਾ ਵਿਚਾਰ ਸੀ, ਪਰ ਇਹ ਸਪੱਸ਼ਟ ਹੈ ਕਿ ਉਹ ਅਸਫਲ ਰਹੇ।

# ਭਾਜਪਾ ਨੂੰ ਹੁਣ ਤੱਕ ਦੀ ਸਭ ਤੋਂ ਬੁਰੀ ਹਾਰ ਦੇਖਣੀ ਪਏਗੀ: ਕੇਜਰੀਵਾਲ

## ਚੋਣ ਨਤੀਜੇ ਅਸਰਅੰਦਾਜ਼ ਕਰਨ ਲਈ ਭਾਜਪਾ ਉੱਤੇ ਗੁੰਡਿਆਂ ਤੇ ਦਿੱਲੀ ਪੁਲੀਸ ਦੀ ਵਰਤੋਂ ਦਾ ਦੋਸ਼ ਲਾਇਆ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਭਾਜਪਾ ਨੂੰ ਦਿੱਲੀ ਅਸੈਂਬਲੀ ਚੋਣਾਂ ਵਿੱਚ ਹੁਣ ਤੱਕ ਦੀ ਸਭ ਤੋਂ ਬੁਰੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹ ਚੋਣਾਂ ਨੂੰ ਅਸਰਅੰਦਾਜ਼ ਕਰਨ ਲਈ ਆਪਣੇ 'ਗੁੰਡਿਆਂ' ਅਤੇ ਦਿੱਲੀ ਪੁਲੀਸ ਦੀ ਵਰਤੋਂ ਕਰੇਗੀ।



ਦਿੱਲੀ ਅਸੈਂਬਲੀ ਚੋਣਾਂ ਲਈ ਚੋਣ ਪ੍ਰਚਾਰ ਦੇ ਆਖਰੀ ਦਿਨ ਇੱਕ ਵੀਡੀਓ ਸੰਦੇਸ਼ ਵਿੱਚ, ਕੇਜਰੀਵਾਲ ਨੇ ਦੋਸ਼ ਲਾਇਆ ਕਿ ਭਾਜਪਾ ਪਹਿਲਾਂ ਹੀ 'ਵੱਡੀ ਹਾਰ' ਦੇ ਮੱਦੇਨਜ਼ਰ ਗਲਤ ਜੁਗਤਾਂ ਦਾ ਸਹਾਰਾ ਲੈ ਰਹੀ ਹੈ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਅਜਿਹੀਆਂ ਜੁਗਤਾਂ ਦੇ ਬਾਵਜੂਦ 'ਆਪ' ਇਤਿਹਾਸਕ ਜਿੱਤ ਵੱਲ ਵਧ ਰਹੀ ਹੈ ਅਤੇ ਭਾਜਪਾ ਲਈ ਪਾਰਟੀ ਦੇ ਹੋਂਦ ਵਿਚ ਆਉਣ ਮਗਰੋਂ ਇਹ ਹੁਣ ਤੱਕ ਦੀ ਸਭ ਤੋਂ ਬੁਰੀ ਹਾਰ ਹੋਵੇਗੀ।

ਕੇਜਰੀਵਾਲ ਨੇ ਦਾਅਵਾ ਕੀਤਾ, "ਭਾਜਪਾ ਚੋਣਾਂ ਜਿੱਤਣ ਲਈ ਆਪਣੇ ਗੁੰਡਿਆਂ ਅਤੇ ਦਿੱਲੀ ਪੁਲੀਸ ਦੀ ਵੱਡੇ ਪੱਧਰ 'ਤੇ ਵਰਤੋਂ ਕਰੇਗੀ। ਉਹ ਵੋਟਰਾਂ, ਖਾਸ ਕਰਕੇ ਝੁੱਗੀ-ਝੌਂਪੜੀ ਵਾਲੇ ਖੇਤਰਾਂ ਵਿੱਚ ਰਹਿਣ ਵਾਲਿਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰਨਗੇ।"

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਭਾਜਪਾ ਵਰਕਰ ਝੁੱਗੀ-ਝੌਂਪੜੀ ਵਾਲਿਆਂ ਨੂੰ 3,000-5,000 ਰੁਪਏ ਦੀ ਪੇਸ਼ਕਸ਼ ਕਰਕੇ ਰਿਸ਼ਵਤ ਦੇਣ ਦੀ ਕੋਸ਼ਿਸ਼ ਕਰਨਗੇ ਅਤੇ ਚੋਣਾਂ ਵਾਲੇ ਦਿਨ ਉਨ੍ਹਾਂ ਨੂੰ ਵੋਟ ਪਾਉਣ ਤੋਂ ਰੋਕਣ ਲਈ ਉਨ੍ਹਾਂ ਦੀਆਂ ਉਂਗਲਾਂ 'ਤੇ ਕਾਲੀ ਸਿਆਹੀ ਨਾਲ ਨਿਸ਼ਾਨ ਲਗਾਉਣਗੇ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ, "ਉਨ੍ਹਾਂ ਦੇ ਪੈਸੇ ਲੈ ਲਓ, ਪਰ ਉਨ੍ਹਾਂ ਨੂੰ ਆਪਣੀ ਉਂਗਲੀ 'ਤੇ ਸਿਆਹੀ ਨਾ ਲਗਾਉਣ ਦਿਓ।"

ਕੇਜਰੀਵਾਲ ਨੇ ਕਿਹਾ ਕਿ ਅਜਿਹੀਆਂ ਜੁਗਤਾਂ ਦੇ ਟਾਕਰੇ ਲਈ 'ਆਪ' ਨੇ 'ਫੌਰੀ ਐਕਸ਼ਨ ਟੀਮਾਂ' ਬਣਾਈਆਂ ਹਨ ਅਤੇ ਝੁੱਗੀ-ਝੌਂਪੜੀ ਵਾਲੇ ਖੇਤਰਾਂ ਵਿੱਚ ਜਾਸੂਸੀ ਕੈਮਰੇ ਅਤੇ ਬਾਡੀ ਕੈਮਰੇ ਵੰਡੇ ਹਨ। ਉਨ੍ਹਾਂ ਕਿਹਾ, "ਅਸੀਂ ਕਿਸੇ ਵੀ ਗਲਤ ਕੰਮ ਵਿੱਚ ਸ਼ਾਮਲ ਭਾਜਪਾ ਦੇ ਗੁੰਡਿਆਂ ਨੂੰ ਫੜਨ ਲਈ ਕੈਮਰੇ ਬੀੜੇ ਹਨ।"

ਕੇਜਰੀਵਾਲ ਨੇ ਵੋਟਰਾਂ ਨੂੰ ਭਾਜਪਾ ਦੀਆਂ ਕਥਿਤ ਜੁਗਤਾਂ ਖ਼ਿਲਾਫ਼ ਚੌਕਸ ਕਰਦੇ ਹੋਏ ਦਾਅਵਾ ਕੀਤਾ ਕਿ ਜੇ ਉਹ (ਭਾਜਪਾ) ਸੱਤਾ ਵਿੱਚ ਆਉਂਦੀ ਹੈ ਤਾਂ ਉਹ ਝੁੱਗੀਆਂ ਢਾਹ ਦੇਣਗੇ। ਉਨ੍ਹਾਂ ਕਿਹਾ, "ਆਪਣੀਆਂ ਵੋਟਾਂ ਵੇਚਣਾ ਤੁਹਾਡੇ ਆਪਣੇ ਮੌਤ ਦੇ ਵਾਰੰਟ 'ਤੇ ਦਸਤਖ਼ਤ ਕਰਨ ਵਾਂਗ ਹੋਵੇਗਾ।"

# ਬੇਅਦਬੀ ਮਾਮਲੇ 'ਚ ਰਾਮ ਰਹੀਮ ਨੂੰ ਸੁਪਰੀਮ ਕੋਰਟ ਵਲੋਂ ਨਹੀਂ ਮਿਲੀ ਰਾਹਤ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ 'ਚ ਬਰਗਾੜੀ ਬੇਅਦਬੀ ਮਾਮਲੇ ਨਾਲ ਸੰਬੰਧਤ ਪਟੀਸ਼ਨ 'ਤੇ ਅੱਜ ਯਾਨੀ ਸੋਮਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਇਸ ਮਾਮਲੇ 'ਚ ਰਾਮ ਰਹੀਮ ਨੂੰ ਕੋਰਟ ਵਲੋਂ ਕੋਈ ਰਾਹਤ ਨਹੀਂ ਮਿਲੀ ਹੈ। ਕੋਰਟ ਨੇ ਪੰਜਾਬ ਸਰਕਾਰ ਨੂੰ ਆਪਣਾ ਜਵਾਬ ਦਾਖ਼ਲ ਕਰਨ ਲਈ ਤਿੰਨ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 18 ਮਾਰਚ ਨੂੰ ਹੋਵੇਗੀ। ਇਸ ਤੋਂ ਇਲਾਵਾ ਬਰਗਾੜੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੇ ਦੋਸ਼ 'ਚ ਤਿੰਨ ਮਾਮਲਿਆਂ 'ਚ ਰਾਮ ਰਹੀਮ ਖ਼ਿਲਾਫ਼ ਹੇਠਲੀ ਅਦਾਲਤ 'ਚ ਚੱਲ ਰਿਹਾ ਟ੍ਰਾਇਲ ਜਾਰੀ ਰਹੇਗਾ। ਜਾਣਕਾਰੀ ਅਨੁਸਾਰ ਸੋਮਵਾਰ ਨੂੰ ਸੁਪਰੀਮ ਕੋਰਟ 'ਚ ਜੱਜ ਬੀ.ਆਰ. ਗਵਈ ਅਤੇ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਇਸ ਮਾਮਲੇ 'ਚ ਸੁਣਵਾਈ ਕੀਤੀ। ਦਰਅਸਲ ਪਿਛਲੇ ਸਾਲ 2024 ਮਾਰਚ 'ਚ ਪੰਜਾਬ ਹਰਿਆਣਾ ਹਾਈ ਕੋਰਟ ਵਲੋਂ ਬਰਗਾੜੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੇ ਮਾਮਲਿਆਂ 'ਚ ਹੇਠਲੀ ਅਦਾਲਤ 'ਚ ਚੱਲ ਰਹੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਗਈ ਸੀ। ਇਸ ਆਦੇਸ਼ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਪਿਛਲੀ ਸੁਣਵਾਈ 'ਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਆਦੇਸ਼ 'ਤੇ ਰੋਕ ਲਗਾਈ ਸੀ ਅਤੇ ਰਾਮ ਰਹੀਮ ਨੂੰ ਨੋਟਿਸ ਵੀ ਜਾਰੀ ਕੀਤਾ ਸੀ। ਜਿਸ ਤੋਂ ਬਾਅਦ ਅੱਜ ਪੰਜਾਬ ਸਰਕਾਰ ਨੇ ਰਾਮ ਰਹੀਮ ਦੇ ਜਵਾਬ ਲਈ ਸੁਪਰੀਮ ਕੋਰਟ ਤੋਂ 3 ਹਫ਼ਤਿਆਂ ਦੇ ਸਮੇਂ ਦੀ ਮੰਗ ਕੀਤੀ ਹੈ। ਹੁਣ ਸੁਪਰੀਮ ਕੋਰਟ 'ਚ ਇਸ ਮਾਮਲੇ 'ਚ ਅਗਲੀ ਸੁਣਵਾਈ 18 ਮਾਰਚ ਨੂੰ ਹੋਵੇਗੀ।



ਦਰਅਸਲ ਜੂਨ 2015 'ਚ ਫਰੀਦਕੋਟ ਦੇ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਸੀ। ਇਸ ਮਾਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਵਲੋਂ SIT ਦਾ ਗਠਨ ਕੀਤਾ ਗਿਆ ਸੀ। ਜਾਂਚ ਦੇ ਸਮੇਂ SIT ਨੇ ਇਸ ਮਾਮਲੇ 'ਚ ਰਾਮ ਰਹੀਮ ਨੂੰ ਮੁੱਖ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਕੀਤਾ ਸੀ। ਰਾਮ ਰਹੀਮ ਤੋਂ ਇਲਾਵਾ ਇਸ ਮਾਮਲੇ 'ਚ ਹੋਰ ਦੋਸ਼ੀਆਂ ਖ਼ਿਲਾਫ਼ ਤਿੰਨ ਮਾਮਲੇ ਦਰਜ ਕੀਤੇ ਗਏ ਸਨ। ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਤਿੰਨ ਮਾਮਲਿਆਂ ਨੂੰ ਚੰਡੀਗੜ੍ਹ ਜ਼ਿਲ੍ਹਾ ਕੋਰਟ ਟ੍ਰਾਂਸਫਰ ਕਰ ਦਿੱਤਾ ਗਿਆ ਸੀ।

# ਕੇਜਰੀਵਾਲ ਨੇ ਦਿੱਲੀ ਦੇ ਲੋਕਾਂ ਨੂੰ ਕੂੜੇ ਦੇ ਢੇਰ, ਜ਼ਹਿਰੀਲਾ ਪਾਣੀ ਤੇ ਭ੍ਰਿਸ਼ਟਾਚਾਰ ਦਿੱਤਾ: ਸ਼ਾਹ



**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਆਗੂ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਭਾਜਪਾ ਦੀਆਂ ਡਬਲ ਇੰਜਣ ਸਰਕਾਰਾਂ ਵਾਲੇ ਰਾਜਾਂ ਨੇ ਪਿਛਲੇ ਦਸ ਸਾਲ ਵਿਚ ਬਹੁਤ ਤਰੱਕੀ ਕੀਤੀ ਹੈ, ਪਰ ਦਿੱਲੀ ਪਿੱਛੇ ਰਹਿ ਗਿਆ ਕਿਉਂਕਿ ਆਮ ਆਦਮੀ ਪਾਰਟੀ ਬਹਾਨੇ ਘੜਦੀ ਤੇ ਕੇਂਦਰ ਸਰਕਾਰ ਨਾਲ ਲੜਦੀ ਰਹੀ।

ਜੰਗਪੁਰਾ ਵਿਚ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ 'ਆਪ' ਆਗੂ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੇ ਡਿਪਟੀ ਮਨੀਸ਼ ਸਿਸੋਦੀਆ ਨੂੰ 'ਬੜੇ ਮੀਆਂ ਤੇ ਛੋਟੀ ਮੀਆਂ' ਦੱਸਿਆ। ਉਨ੍ਹਾਂ ਦੋਵਾਂ 'ਤੇ ਦਿੱਲੀ ਨੂੰ ਲੁੱਟਣ ਦਾ ਦੋਸ਼ ਲਾਇਆ।

ਸ਼ਾਹ ਨੇ ਕਿਹਾ, "ਜਿਨ੍ਹਾਂ ਰਾਜਾਂ ਵਿਚ ਡਬਲ ਇੰਜਣ ਭਾਜਪਾ ਸਰਕਾਰ ਹੈ ਉਥੇ ਪਿਛਲੇ ਦਸ ਸਾਲਾਂ ਵਿਚ ਬਹੁਤ ਤਰੱਕੀ ਹੋਈ ਹੈ। ਦਿੱਲੀ ਬਹੁਤ ਪਿੱਛੇ ਰਹਿ ਗਿਆ, ਉਹ ਰੋਂਦੇ ਬੱਚੇ (ਬਬੂਆ ਸਾ ਮੁਨਾ ਬਨਕਰ) ਕੇਂਦਰ ਸਰਕਾਰ ਨਾਲ ਲੜਦੇ ਰਹੇ ਤੇ ਬਹਾਨੇ ਲਾਉਂਦੇ ਰਹੇ।"

ਜੰਗਪੁਰਾ ਹਲਕੇ ਤੋਂ ਸਿਸੋਦੀਆ ਖ਼ਿਲਾਫ਼ ਚੋਣ ਲੜ ਰਹੇ ਭਾਜਪਾ ਉਮੀਦਵਾਰ ਤਰਵਿੰਦਰ ਸਿੰਘ ਮਰਵਾਹਾ ਲਈ ਚੋਣ ਪ੍ਰਚਾਰ ਕਰਦਿਆਂ ਸ਼ਾਹ ਨੇ ਕਿਹਾ ਕਿ ਸਿਸੋਦੀਆ ਦੇਸ਼ ਦਾ ਇਕਲੌਤਾ ਸਿੱਖਿਆ ਮੰਤਰੀ ਹੈ, ਜਿਸ ਨੂੰ ਸ਼ਰਾਬ ਘੁਟਾਲੇ ਕਰਕੇ ਜੇਲ੍ਹ ਜਾਣਾ ਪਿਆ।

ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਦਿੱਲੀ ਦੇ ਲੋਕਾਂ ਨਾਲ ਝੂਠ ਬੋਲਿਆ ਤੇ ਉਨ੍ਹਾਂ ਨੂੰ ਸਿਰਫ਼ ਕੂੜ ਦੇ ਢੇਰ, ਜ਼ਹਿਰੀਲਾ ਪਾਣੀ ਤੇ ਭ੍ਰਿਸ਼ਟਾਚਾਰ ਹੀ ਦਿੱਤਾ। ਉਨ੍ਹਾਂ ਕਿਹਾ, 'ਬੜੇ ਮੀਆਂ ਤੇ ਛੋਟੇ ਮੀਆਂ ਨੇ ਝੂਠੇ ਵਾਅਦੇ ਕਰਕੇ ਦਿੱਲੀ ਨੂੰ ਲੁੱਟਿਆ। ਇਹ ਦੋਵੇਂ ਚੋਣ ਹਾਰਨਗੇ।" ਸ਼ਾਹ ਨੇ ਦਾਅਵਾ ਕੀਤਾ ਕਿ ਭਾਜਪਾ ਹੀ ਇਕੋ ਇਕ ਪਾਰਟੀ ਹੈ ਜੋ ਦਿੱਲੀ ਦੀ ਕਾਇਆਕਲਪ ਕਰਕੇ ਇਸ ਨੂੰ ਆਲਮੀ ਪੱਧਰ ਦੇ ਰਾਜਧਾਨੀ ਸ਼ਹਿਰ ਵਿਚ ਤਬਦੀਲ ਕਰ ਸਕਦੀ ਹੈ।

# ਦਿਲਜੀਤ ਦੀ 'ਅਮਰ ਸਿੰਘ ਚਮਕੀਲਾ' ਦੀ ਆਈਫਾ ਐਵਾਰਡ 'ਚ ਬੱਲੇ-ਬੱਲੇ, 5 ਖ਼ਾਸ ਕੈਟਾਗਰੀਜ਼ 'ਚ ਹੋਈ ਸ਼ਾਮਲ




**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਫਾ ਡਿਜੀਟਲ ਐਵਾਰਡ 2025 ਲਈ ਨਾਮਜ਼ਦਗੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ, ਜਿਸ 'ਚ ਦਿਲਜੀਤ ਦੋਸਾਂਝ ਅਤੇ ਉਨ੍ਹਾਂ ਦੀ ਬਹੁ-ਚਰਚਿਤ ਓਟੀਟੀ ਫ਼ਿਲਮ 'ਅਮਰ ਸਿੰਘ ਚਮਕੀਲਾ' ਨੇ 5 ਵੱਖ-ਵੱਖ ਅਤੇ ਅਹਿਮ ਕੈਟਾਗਰੀਜ਼ 'ਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਇੰਟਰਨੈਸ਼ਨਲ ਇੰਡੀਅਨ ਫਿਲਮ ਅਕੈਡਮੀ ਐਵਾਰਡ (9961) ਦਾ 25ਵਾਂ ਐਡੀਸ਼ਨ ਜੈਪੁਰ 'ਚ ਅਗਲੇ ਮਾਰਚ ਮਹੀਨੇ ਪੂਰਾ ਹੋਣ ਜਾ ਰਿਹਾ ਹੈ। ਇਸ ਸ਼ੋਅ ਨੂੰ ਇਸ ਸਾਲ ਬਾਲੀਵੁੱਡ ਦੇ ਕਿੰਗ ਸ਼ਾਹਰੁਖ਼ ਖ਼ਾਨ ਅਤੇ ਚਰਚਿਤ ਸਟਾਰ ਕਾਰਤਿਕ ਆਰੀਅਨ ਹੋਸਟ ਕਰਨ ਜਾ ਰਹੇ ਹਨ।

ਵਿਸ਼ਵ-ਭਰ ਦੇ ਸਿਨੇਮਾਂ ਗਲਿਆਰਿਆ 'ਚ ਖਿੱਚ ਦਾ ਕੇਂਦਰ ਬਣਨ ਜਾ ਰਹੇ 9661 ਐਵਾਰਡਜ਼ 2025 ਦੀਆਂ ਨਾਮਜ਼ਦਗੀਆਂ 'ਚ ਜਗ੍ਹਾ ਬਣਾਉਣ ਵਾਲੀਆਂ ਓਟੀਟੀ ਫ਼ਿਲਮਾਂ ਅਤੇ ਵੈੱਬ ਸੀਰੀਜ਼ ਫ਼ਿਲਮਾਂ 'ਚ ਅਪਣੀ ਮੌਜੂਦਗੀ ਦਰ ਕਰਵਾਉਣ ਜਾ ਰਹੀ ਫ਼ਿਲਮ 'ਅਮਰ ਸਿੰਘ ਚਮਕੀਲਾ' ਇੱਕ ਮਾਤਰ ਅਜਿਹੀ ਫ਼ਿਲਮ ਹੋਣ ਦਾ ਮਾਣ ਵੀ ਹਾਸਿਲ ਕਰਨ ਜਾ ਰਹੀ ਹੈ, ਜੋ ਪੂਰੀ ਤਰ੍ਹਾਂ ਪੰਜਾਬ ਦੇ ਬੈਕਡ੍ਰਾਪ 'ਤੇ ਅਧਾਰਿਤ ਹੈ।

ਬਾਲੀਵੁੱਡ ਦੀ ਉਚ ਪੱਧਰੀ ਸਿਰਜਨਾਤਮਕ ਸ਼ੈਲੀ ਅਧੀਨ ਬਣਾਈ ਗਈ ਇਸ ਫ਼ਿਲਮ ਨੇ ਸਰਵੋਤਮ ਫ਼ਿਲਮ, ਸਰਵੋਤਮ ਨਿਰਦੇਸ਼ਕ (ਇਮਤਿਆਜ਼ ਅਲੀ), ਸਰਵੋਤਮ ਮੁੱਖ ਅਦਾਕਾਰਾ (ਪਰਿਣੀਤੀ ਚੋਪੜਾ), ਸਰਵੋਤਮ ਕਹਾਣੀ ( ਇਮਤਿਆਜ਼ ਅਲੀ-ਸਾਜਿਦ ਅਲੀ) ਤੋਂ ਇਲਾਵਾ ਸਰਵੋਤਮ ਮੁੱਖ ਅਦਾਕਾਰ (ਦਿਲਜੀਤ ਦੋਸਾਂਝ) ਕੈਟਾਗਰੀਜ਼ 'ਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਇਨ੍ਹਾਂ ਵੱਲੋਂ ਵਿਕਰਾਂਤ ਮੇਸੀ, ਪੰਕਜ ਤ੍ਰਿਪਾਠੀ, ਨਵਾਜ਼ੂਦੀਨ ਸਿੱਦੀਕੀ, ਪ੍ਰਤੀਕ ਗਾਂਧੀ ਜਿਹੇ ਦਿੱਗਜ਼ ਨਾਵਾਂ ਵਿਚਕਾਰ ਅਪਣੀ ਮੌਜੂਦਗੀ ਦਰ ਕਰਵਾਈ ਗਈ ਹੈ, ਜੋ ਹਿੰਦੀ ਸਿਨੇਮਾਂ ਖੇਤਰ 'ਚ ਉਨ੍ਹਾਂ ਦੇ ਵਧਦੇ ਜਾ ਰਹੇ ਸਿਨੇਮਾਂ ਕੱਦ ਨੂੰ ਵੀ ਪ੍ਰਤੀਬਿੰਬਤ ਕਰ ਰਹੀ ਹੈ। ਵਿੰਡੋ ਸੀਟ ਫਿਲਮਜ਼, ਮੀਡੀਆ ਹੋਲਡਿੰਗਜ਼ LLP ਅਤੇ ਸਾਰੇਗਾਮਾ ਵੱਲੋ ਨਿਰਮਿਤ ਕੀਤੀ ਗਈ ਅਤੇ ਇਮਤਿਆਜ਼ ਅਲੀ ਵੱਲੋ ਨਿਰਦੇਸ਼ਿਤ ਕੀਤੀ ਇਸ ਓਟੀਟੀ ਫ਼ਿਲਮ ਨੂੰ ਆਈਫਾ ਐਵਾਰਡ 'ਚ ਮਿਲੀ ਇਹ ਬਹੁ ਪ੍ਰਵਾਣਤਾ ਨੇ ਸਟਾਰ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੂੰ ਮੁੜ ਸੁਰਖੀਆਂ 'ਚ ਲਿਆ ਖੜਾ ਕੀਤਾ ਹੈ। ਜੋ ਇੰਨੀ ਦਿਨੀ

# ਸ਼ੇਅਰ ਬਾਜ਼ਾਰ 319 ਅੰਕ ਡਿੱਗਿਆ

**ਮੁੰਬਈ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੁਝ ਵਪਾਰਕ ਭਾਈਵਾਲਾਂ 'ਤੇ ਟੈਕਸ (ਟੈਰਿਫ) ਲਗਾਉਣ ਅਤੇ ਕਮਜ਼ੋਰ ਆਲਮੀ ਰੁਝਾਨਾਂ ਦਰਮਿਆਨ ਸ਼ੇਅਰ ਸੂਚਕ ਅੰਕ ਸੈਂਸੈਕਸ ਤੇ ਨਿਫ਼ਟੀ ਸੋਮਵਾਰ ਨੂੰ ਨਿਘਾਰ ਨਾਲ ਬੰਦ ਹੋਏ।

30 ਸ਼ੇਅਰਾਂ ਵਾਲਾ ਬੀਐੱਸਈ ਦਾ ਸੈਂਸੈਕਸ 319.22 ਅੰਕ ਜਾਂ 0.41 ਫੀਸਦ ਡਿੱਗ ਕੇ 77,186.74 ਦੇ ਪੱਧਰ 'ਤੇ ਬੰਦ ਹੋਇਆ। ਇਸ ਨਾਲ ਸੈਂਸੈਕਸ ਵਿਚ ਪੰਜ ਕਾਰੋਬਾਰੀ ਦਿਨਾਂ ਤੋਂ ਜਾਰੀ ਤੇਜ਼ੀ ਨੂੰ ਬ੍ਰੇਕ ਲੱਗੀ ਹੈ।

ਉਂਝ ਦਿਨ ਦੇ ਕਾਰੋਬਾਰ ਦੌਰਾਨ ਇਹ ਇਕ ਵਾਰ 749.87 ਅੰਕ ਜਾਂ 0.96 ਫੀਸਦ ਡਿੱਗ ਕੇ 76,756.09 ਦੇ ਪੱਧਰ 'ਤੇ ਵੀ ਗਿਆ। ਐੱਨਐੱਸਈ ਦਾ ਨਿਫਟੀ 121.10 ਅੰਕ ਜਾਂ 0.52 ਫੀਸਦ ਡਿੱਗ ਕੇ 23,361.05 ਉੱਤੇ ਆ ਗਿਆ।

# ਵਿਰੋਧੀ ਧਿਰਾਂ ਵੱਲੋਂ ਮਹਾਂਕੁੰਭ ਦੁਖਾਂਤ ਮਾਮਲੇ ਨੂੰ ਲੈ ਕੇ ਸਦਨ 'ਚੋਂ ਵਾਕਆਊਟ

## ਚੇਅਰਮੈਨ ਜਗਦੀਪ ਧਨਖੜ ਨੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਦਿੱਤੇ ਨੋਟਿਸਾਂ 'ਤੇ ਵਿਚਾਰ ਕਰਨ ਤੋਂ ਕੀਤਾ ਇਨਕਾਰ



**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੇਅਰਮੈਨ ਜਗਦੀਪ ਧਨਖੜ ਵੱਲੋਂ ਕੁੰਭ ਦੁਖਾਂਤ 'ਤੇ ਚਰਚਾ ਲਈ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਦਿੱਤੇ ਨੋਟਿਸਾਂ 'ਤੇ ਵਿਚਾਰ ਕੀਤੇ ਜਾਣ ਤੋਂ ਇਨਕਾਰ ਕਰਨ ਮਗਰੋਂ ਵਿਰੋਧੀ ਪਾਰਟੀਆਂ ਸੋਮਵਾਰ ਨੂੰ ਸਿਫ਼ਰ ਕਾਲ ਦੌਰਾਨ ਰਾਜ ਸਭਾ ਵਿੱਚੋਂ ਵਾਕਆਊਟ ਕਰ ਗਈਆਂ। ਕਾਂਗਰਸ ਦੇ ਪ੍ਰਮੋਦ ਤਿਵਾੜੀ ਤੇ ਦਿਗਵਿਜੈ ਸਿੰਘ, ਤ੍ਰਿਣਮੂਲ ਕਾਂਗਰਸ ਦੀ ਸਾਗਰਿਕਾ ਘੋਸ਼, ਸਮਾਜਵਾਦੀ ਪਾਰਟੀ ਦੇ ਰਾਮਜੀ ਲਾਲ ਸੁਮਨ ਤੇ ਸੀਪੀਆਈ (ਐੱਮ) ਦੇ ਜੌਹਨ ਬ੍ਰਿਟਾਸ ਸਣੇ ਸੱਤ ਮੈਂਬਰਾਂ ਨੇ ਨੇਮ 267 ਤਹਿਤ ਦਿੱਤੇ ਨੋਟਿਸਾਂ ਵਿਚ ਸਦਨ ਦੀ ਕਾਰਵਾਈ ਮੁਲਤਵੀ ਕਰਕੇ ਪ੍ਰਯਾਗਰਾਜ ਵਿਚ ਮਹਾਂਕੁੰਭ ਦੌਰਾਨ ਮਚੀ ਭਗਦੜ 'ਤੇ ਚਰਚਾ ਕਰਵਾਉਣ ਦੀ ਮੰਗ ਕੀਤੀ ਸੀ। ਉਧਰ ਕਾਂਗਰਸ ਦੇ ਰਣਦੀਪ ਸਿੰਘ ਸੁਰਜੇਵਾਲਾ ਨੇ ਦੇਸ਼ ਭਰ ਵਿੱਚ ਸੰਵਿਧਾਨ ਅਤੇ ਬੀਆਰ ਅੰਬੇਡਕਰ ਦੇ ਨਿਰਾਦਰ ਦੀਆਂ ਘਟਨਾਵਾਂ 'ਤੇ ਚਰਚਾ ਕਰਨ ਲਈ ਕਾਰਵਾਈ ਮੁਲਤਵੀ ਕਰਨ ਦਾ ਨੋਟਿਸ ਦਿੱਤਾ ਹੈ। ਸੀਪੀਆਈ ਦੇ ਪੀ. ਸੰਦੋਸ਼ ਕੁਮਾਰ ਨੇ ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਰਾਜ ਮੰਤਰੀ ਸੁਰੇਸ਼ ਗੋਪੀ ਵੱਲੋਂ ਕੀਤੀ ਕਥਿਤ ਜਾਤੀਵਾਦੀ ਟਿੱਪਣੀ ਦੇ ਮੁੱਦੇ 'ਤੇ ਚਰਚਾ ਲਈ ਸਦਨ ਦੀ ਕਾਰਵਾਈ ਮੁਲਤਵੀ ਕਰਨ ਦਾ ਨੋਟਿਸ ਦਿੱਤਾ। ਧਨਖੜ ਨੇ ਇਨ੍ਹਾਂ ਨੋਟਿਸਾਂ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਉਹ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਹਨ। ਚੇਅਰਮੈਨ ਵੱਲੋਂ ਨੋਟਿਸਾਂ ਨੂੰ ਮੰਨਣ ਤੋਂ ਇਨਕਾਰ ਕਰਨ 'ਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਸਦਨ ਦੇ ਐਨ ਵਿਚਾਲੇ ਜਾ ਕੇ ਨਾਅਰੇਬਾਜ਼ੀ ਕੀਤੀ। ਮਗਰੋਂ ਉਹ ਸਦਨ 'ਚੋਂ ਵਾਕਆਊਟ ਕਰ ਗਏ।

# ਚੋਣ ਪ੍ਰਚਾਰ ਖ਼ਤਮ, ਉਮੀਦਵਾਰਾਂ ਦੀ 'ਅਗਨੀ ਪ੍ਰੀਖਿਆ' ਸ਼ੁਰੂ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿਧਾਨ ਸਭਾ ਚੋਣਾਂ ਲਈ ਚੋਣ ਪ੍ਰਚਾਰ ਸੋਮਵਾਰ ਯਾਨੀ ਕਿ ਅੱਜ ਸ਼ਾਮ 5 ਵਜੇ ਖ਼ਤਮ ਹੋ ਗਿਆ ਹੈ। ਚੋਣ ਪ੍ਰਚਾਰ ਖ਼ਤਮ ਹੋਣ ਨਾਲ ਹੀ ਉਮੀਦਵਾਰਾਂ ਦੀ 'ਅਗਨੀ ਪ੍ਰੀਖਿਆ' ਸ਼ੁਰੂ ਹੋ ਗਈ ਹੈ। ਦਿੱਲੀ ਵਿਧਾਨ ਸਭਾ ਚੋਣਾਂ 'ਚ 699 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਚੋਣ ਪ੍ਰਚਾਰ ਦੌਰਾਨ ਸਿਆਸੀ ਪਾਰਟੀਆਂ ਨੇ ਆਪਣੀ ਪੂਰੀ ਤਾਕਤ ਲਾ ਦਿੱਤੀ ਹੈ। ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਜਨਤਕ ਮੀਟਿੰਗਾਂ, ਰੈਲੀਆਂ, ਰੋਡ ਸ਼ੋਅ ਅਤੇ ਪੈਦਲ ਯਾਤਰਾਵਾਂ ਕਰ ਕੇ ਸਵੇਰ ਤੋਂ ਸ਼ਾਮ ਤੱਕ ਜਨਸੰਪਰਕ ਕੀਤਾ। ਸੋਮਵਾਰ ਨੂੰ ਚੋਣ ਪ੍ਰਚਾਰ ਦੇ ਆਖਰੀ ਦਿਨ ਵੀ ਸਾਰੀਆਂ ਸਿਆਸੀ ਪਾਰਟੀਆਂ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕਰਦੀਆਂ ਨਜ਼ਰ ਆਈਆਂ।

ਦਿੱਲੀ ਚੋਣਾਂ ਵਿਚ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਨੇ ਉਮੀਦਵਾਰ ਖੜ੍ਹੇ ਕੀਤੇ ਹਨ। ਕੁੱਲ 70 ਵਿਧਾਨ ਸਭਾ ਸੀਟਾਂ 'ਤੇ ਵੋਟਾਂ ਪੈਣਗੀਆਂ। ਵੋਟਿੰਗ ਨੂੰ ਆਸਾਨ ਬਣਾਉਣ ਲਈ ਸਾਰੇ ਜ਼ਿਲ੍ਹਾ ਚੋਣ ਅਧਿਕਾਰੀ ਰੰਗ-ਕੋਡ ਪ੍ਰਣਾਲੀ ਤਹਿਤ ਵੋਟਿੰਗ ਕੇਂਦਰਾਂ ਦੀ ਪਛਾਣ ਯਕੀਨੀ ਕਰਨਗੇ। ਉਧਰ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਆਪਣੀ ਮੁਫ਼ਤ ਕਲਿਆਕਾਰੀ ਯੋਜਨਾਵਾਂ ਦੇ ਮਾਡਲ 'ਤੇ ਭਰੋਸਾ ਕਰਦਿਆਂ ਲਗਾਤਾਰ ਤੀਜੀ ਵਾਰ ਸੱਤਾ ਹਾਸਲ ਕਰਨ ਨੂੰ ਲੈ ਕੇ ਆਸਵੰਦ ਨਜ਼ਰ ਆ ਰਹੀ ਹੈ। 2013 ਤੱਕ 15 ਸਾਲ ਸੱਤਾ ਸੰਭਾਲਣ ਵਾਲੀ ਕਾਂਗਰਸ ਪਿਛਲੀਆਂ ਦੋ ਚੋਣਾਂ ਵਿਚ ਇਕ ਵੀ ਸੀਟ ਨਹੀਂ ਜਿੱਤ ਸਕੀ। ਅਜਿਹੇ ਵਿਚ ਜ਼ਮੀਨੀ ਪੱਧਰ 'ਤੇ ਆਪਣੇ ਆਪ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। 25 ਸਾਲ ਤੋਂ ਵੱਧ ਸਮੇਂ ਬਾਅਦ ਵੀ ਦਿੱਲੀ ਦੀ ਸੱਤਾ ਹਾਸਲ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰਦਿਆਂ ਭਾਜਪਾ ਨੇ ਚੋਣ ਪ੍ਰਚਾਰ ਅਤੇ ਰੋਡ ਸ਼ੋਅ ਕੀਤੇ ਹਨ।

ਦਿੱਲੀ ਦੇ ਮੁੱਖ ਚੋਣ ਅਧਿਕਾਰੀ ਦੇ ਅੰਕੜਿਆਂ ਮੁਤਾਬਕ 5 ਫਰਵਰੀ ਨੂੰ 13,766 ਵੋਟਿੰਗ ਕੇਂਦਰਾਂ 'ਤੇ 1.56 ਕਰੋੜ ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਇਨ੍ਹਾਂ ਵਿਚੋਂ 83.76 ਲੱਖ ਪੁਰਸ਼, 72.36 ਲੱਖ ਔਰਤਾਂ ਅਤੇ 1,267 'ਤੀਜੇ ਲਿੰਗ' ਵੋਟਰ ਹਨ। ਵੋਟਿੰਗ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ 733 ਪੋਲਿੰਗ ਸਟੇਸ਼ਨ ਦਿਵਿਆਂਗ ਵਿਅਕਤੀਆਂ ਲਈ ਰੱਖੇ ਗਏ ਹਨ। ਇਸ ਤੋਂ ਇਲਾਵਾ ਨੌਜਵਾਨਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ 70 ਵਿਸ਼ੇਸ਼ ਪੋਲਿੰਗ ਕੇਂਦਰ ਵੀ ਬਣਾਏ ਗਏ ਹਨ।

## ਭਾਰਤ 'ਚ ਜਲਦ ਹੀ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੈਟਰੋ ਨੈੱਟਵਰਕ ਹੋਵੇਗਾ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਮਨੋਹਰ ਲਾਲ ਨੇ ਕਿਹਾ ਹੈ ਕਿ ਭਾਰਤ ਕੋਲ ਜਲਦੀ ਹੀ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੈਟਰੋ ਨੈੱਟਵਰਕ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ 997 ਕਿਲੋਮੀਟਰ ਮੈਟਰੋ ਰੇਲ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ। ਇਹ ਜਾਣਕਾਰੀ ਇੱਕ ਅਧਿਕਾਰਤ ਬਿਆਨ ਵਿੱਚ ਦਿੱਤੀ ਗਈ। ਸੰਸਦ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਸਰਕਾਰ ਦੇਸ਼ ਭਰ ਵਿੱਚ ਸ਼ਹਿਰੀ ਆਵਾਜਾਈ ਨੈੱਟਵਰਕ ਨੂੰ ਮਜ਼ਬੂਤ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ।

## ਕੁਲਗਾਮ ਦਹਿਸ਼ਤੀ ਹਮਲੇ 'ਚ ਸਾਬਕਾ ਫੌਜੀ ਤੇ ਉਸ ਦੀ ਪਤਨੀ ਤੇ ਧੀ ਜ਼ਖ਼ਮੀ

**ਸ੍ਰੀਨਗਰ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿਚ ਹੋਏ ਦਹਿਸ਼ਤੀ ਹਮਲੇ ਵਿਚ ਸਾਬਕਾ ਫੌਜੀ ਤੇ ਉਸ ਦੀ ਪਤਨੀ ਤੇ ਧੀ ਜ਼ਖ਼ਮੀ ਹੋ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਦਹਿਸ਼ਤਗਰਦਾਂ ਨੇ ਮਨਜ਼ੂਰ ਅਹਿਮਦ ਵਾਗੇ ਤੇ ਉਸ ਦੀ ਪਤਨੀ ਨੂੰ ਜ਼ਿਲ੍ਹੇ ਦੇ ਬੇਹੀਬਾਗ਼ ਇਲਾਕੇ ਵਿਚ ਗੋਲੀਆਂ ਮਾਰੀਆਂ। ਜ਼ਖ਼ਮੀ ਦੰਪਤੀ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਦੰਪਤੀ ਨੂੰ ਉਨ੍ਹਾਂ ਦੇ ਘਰ ਨਜ਼ਦੀਕ ਨਿਸ਼ਾਨਾ ਬਣਾਇਆ ਗਿਆ। ਸਾਬਕਾ ਫੌਜੀ ਦੇ ਪੇਟ ਵਿਚ ਜਦੋਂਕਿ ਉਸ ਦੀ ਪਤਨੀ ਤੇ ਧੀ ਦੀ ਲੱਤ ਵਿਚ ਗੋਲੀ ਮਾਰੀ ਗਈ। ਹੋਰ ਵੇਰਵਿਆਂ ਦੀ ਉਡੀਕ ਹੈ।

## ਸੁਪਰੀਮ ਕੋਰਟ ਵੱਲੋਂ ਜਨਹਿਤ ਪਟੀਸ਼ਨ ਸੁਣਨ ਤੋਂ ਨਾਂਹ

**ਸ੍ਰੀਨਗਰ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਕੋਰਟ ਨੇ 29 ਜਨਵਰੀ ਨੂੰ ਮਹਾਕੁੰਭ ਵਿਚ ਮਚੀ ਭਗਦੜ, ਜਿਸ ਵਿਚ ਘੱਟੋ-ਘੱਟ 30 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ, ਨੂੰ ਭਾਵੇਂ 'ਮੰਦਭਾਗੀ' ਦੱਸਿਆ, ਪਰ ਕੋਰਟ ਨੇ ਇਸ ਘਟਨਾ ਦੇ ਹਵਾਲੇ ਨਾਲ ਸ਼ਰਧਾਲੂਆਂ ਦੀ ਸੁਰੱਖਿਆ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਦੀ ਮੰਗ ਕਰਦੀ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਪਟੀਸ਼ਨਰ ਨੂੰ ਅਲਾਹਾਬਾਦ ਹਾਈ ਕੋਰਟ ਦਾ ਦਰ ਖੜਕਾਉਣ ਲਈ ਕਿਹਾ ਹੈ। ਚੀਫ ਜਸਟਿਸ ਸੰਜੀਵ ਖੰਨਾ ਤੇ ਜਸਟਿਸ ਸੰਜੈ ਕੁਮਾਰ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ, "ਇਹ ਬਹੁਤ ਮੰਦਭਾਗੀ ਘਟਨਾ ਹੈ, ਜੋ ਚਿੰਤਾ ਵਾਲੀ ਗੱਲ ਹੈ। ਪਰ ਤੁਸੀਂ ਅਲਾਹਾਬਾਦ ਹਾਈ ਕੋਰਟ ਵਿੱਚ ਜਾਓ।"

# ਪੰਜਾਬ 'ਚ ਅੱਜ ਪਵੇਗਾ ਮੀਂਹ, ਸੰਘਣੀ ਧੁੰਦ ਲਈ ਮੌਸਮ ਦਾ ਯੈਲੋ ਅਲਰਟ ਜਾਰੀ

**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚ ਮੁੜ ਤੋਂ ਹੱਡ ਚੀਰਵੀਂ ਠੰਡ ਨੇ ਜ਼ੋਰ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਅਤੇ ਚੰਡੀਗੜ੍ਹ ਵਿਚ ਸੰਘਣੀ ਧੁੰਦ ਦਾ ਕਹਿਰ ਵੇਖਣ ਨੂੰ ਮਿਲ ਰਿਹਾ ਹੈ। ਉਥੇ ਹੀ ਮੌਸਮ ਵਿਭਾਗ ਦੇ ਵੱਲੋਂ ਅੱਜ ਧੁੰਦ ਦਾ ਯੈਲੋ ਅਲਰਟ ਜਾਰੀ ਕਰ ਦਿੱਤਾ ਗਿਆ। ਕਈ ਖੇਤਰਾਂ ਵਿੱਚ ਵਿਜ਼ੀਬਿਲਟੀ 50 ਮੀਟਰ ਤੋਂ ਘੱਟ ਰਹਿ ਸਕਦੀ ਹੈ।

ਫਿਲਹਾਲ ਤਾਪਮਾਨ 'ਚ ਜ਼ਿਆਦਾ ਬਦਲਾਅ ਨਹੀਂ ਹੋਵੇਗ ਪਰ ਆਉਣ ਵਾਲੇ ਕੁਝ ਦਿਨਾਂ 'ਚ ਤਾਪਮਾਨ 'ਚ ਮਾਮੂਲੀ ਵਾਧਾ ਦਰਜ ਕੀਤਾ ਜਾ ਸਕਦਾ ਹੈ।

ਮੌਸਮ ਵਿਭਾਗ ਅਨੁਸਾਰ ਅੱਜ ਇਕ ਨਵੀਂ ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ, ਜਿਸ ਤੋਂ ਬਾਅਦ 5 ਫਰਵਰੀ ਤੱਕ ਜੰਮੂ-ਕਸ਼ਮੀਰ, ਹਿਮਾਚਲ-ਪ੍ਰਦੇਸ਼ ਅਤੇ ਉੱਤਰਾਖੰਡ 'ਚ ਮੀਂਹ ਅਤੇ ਬਰਫ਼ਬਾਰੀ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਮੈਦਾਨੀ ਇਲਾਕਿਆਂ ਵਿੱਚ 4 ਫਰਵਰੀ ਅਤੇ 5 ਫਰਵਰੀ ਨੂੰ ਮੀਂਹ ਪੈਣ ਦੀ ਸੰਭਾਵਨਾ ਹੈ।

ਮੌਸਮ ਵਿਗਿਆਨੀ ਪਵਨੀਤ ਕੌਰ ਕਿੰਗਰਾ ਨੇ ਦੱਸਿਆ ਕਿ 4 ਫਰਵਰੀ ਨੂੰ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਹਲਕੀ ਬਾਰਿਸ਼ ਹੋ ਸਕਦੀ ਹੈ, ਜਿਸ ਦੇ ਨਾਲ ਤਾਪਮਾਨ ਵਿੱਚ ਗਿਰਾਵਟ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਮੌਸਮ ਵਿੱਚ ਲਗਾਤਾਰ ਵੱਡੇ ਬਦਲਾਅ ਵੇਖਣ ਨੂੰ ਮਿਲ ਰਹੇ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਸੰਘਣੀ ਧੁੰਦ ਪੈਣ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਦਿਨ ਸਮੇਂ ਧੁੱਪ ਚੜ੍ਹਨ ਕਾਰਨ ਲੋਕਾਂ ਨੂੰ ਠੰਡ ਤੋਂ ਥੋੜ੍ਹੀ ਰਾਹਤ ਮਿਲੀ।

**ਪੰਜਾਬ ਦੇ 8 ਜ਼ਿਲ੍ਹਿਆਂ ਲਈ ਸੰਘਣੀ ਧੁੰਦ ਦਾ ਯੈਲੋ ਅਲਰਟ**

ਮੌਸਮ ਵਿਭਾਗ ਅਨੁਸਾਰ ਅੱਜ ਇਕ ਨਵਾਂ ਪੱਛਮੀ ਗੜਬੜ ਸਰਗਰਮ ਹੋ ਰਿਹਾ ਹੈ, ਜਿਸ ਕਾਰਨ ਮੌਸਮ 'ਚ ਵੱਡਾ ਬਦਲਾਅ ਵੇਖਣ ਨੂੰ ਮਿਲੇਗਾ। ਮੌਸਮ ਵਿਭਾਗ ਅਨੁਸਾਰ ਅੱਜ ਪੰਜਾਬ ਦੇ ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ, ਸੰਗਰੂਰ, ਪਟਿਆਲਾ ਅਤੇ ਮਲੇਰਕੋਟਲਾ ਵਿੱਚ ਧੁੰਦ ਨੂੰ ਲੈ ਕੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਉਮੀਦ ਹੈ ਕਿ ਇਥੇ ਸੰਘਣੀ ਧੁੰਦ ਹੋਵੇਗੀ। ਮਾਲਵਾ ਖੇਤਰ ਦੇ ਕੁਝ ਇਲਾਕਿਆਂ ਵਿੱਚ ਮੀਂਹ ਪੈਣ ਦੀ ਵੀ ਸੰਭਾਵਨਾ ਹੈ।

# ਟਰੰਪ ਨੇ ਟਰੂਡੋ ਤੇ ਸ਼ੀਨਬੌਮ ਨਾਲ ਗੱਲਬਾਤ ਦੀ ਇੱਛਾ ਪ੍ਰਗਟਾਈ; ਵਪਾਰਕ ਬੇਚੈਨੀ ਘਟਾਉਣ ਲਈ ਕਰਨਗੇ ਚਾਰਾਜੋਈ

**ਵੈਨਕੂਵਰ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ, ਮੈਕਸਿਕੋ ਤੇ ਚੀਨ ਤੋਂ ਦਰਾਮਦ ਵਸਤਾਂ 'ਤੇ ਟੈਕਸ ਲਾਉਣ ਤੋਂ ਇਕ ਦਿਨ ਮਗਰੋਂ ਵਪਾਰਕ ਜੰਗ ਛਿੜਨ ਦੇ ਖ਼ਦਸ਼ਿਆਂ ਦਰਮਿਆਨ ਮਸਲੇ ਨੂੰ ਠੰਡਾ ਕਰਨ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬੌਮ ਨਾਲ ਗੱਲਬਾਤ ਦੀ ਇੱਛਾ ਪ੍ਰਗਟਾਈ ਹੈ। ਮੰਨਿਆ ਜਾ ਰਿਹਾ ਹੈ ਕਿ ਉਹ ਟੈਕਸ ਦੀ ਥਾਂ ਦੋਵਾਂ ਮੁਲਕਾਂ ਤੋਂ ਅਮਰੀਕਾ ਨਾਲ ਲੱਗਦੀ ਸਰਹੱਦ ਦੀ ਸੁਰੱਖਿਆ ਦਾ ਵਾਅਦਾ ਲੈ ਕੇ ਟੈਰਿਫ ਜੰਗ ਕਰਕੇ ਤਿੰਨਾਂ ਦੇਸ਼ਾਂ ਸਮੇਤ ਆਲਮੀ ਪੱਧਰ 'ਤੇ ਵਧੀ ਵਪਾਰਕ ਬੇਚੈਨੀ ਨੂੰ ਘਟਾਉਣ ਦਾ ਯਤਨ ਕਰਨਗੇ।



ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਨਿਰਾਸ਼ਾ ਦੇ ਆਲਮ ਵਿੱਚ ਬੈਠੇ ਉਦਯੋਗਪਤੀਆਂ ਨੂੰ ਦਿਲਾਸਾ ਦੇਣ ਲਈ ਸੋਸ਼ਲ ਮੀਡੀਆ 'ਤੇ ਕੁਝ ਸੁਨੇਹੇ ਭੇਜੇ ਹਨ। ਉਨ੍ਹਾਂ ਇਕ ਸੁਨੇਹੇ ਵਿਚ ਲਿਖਿਆ ਕਿ ਟੈਰਿਫ ਦੀ ਸ਼ੁਰੂਆਤ ਦਰਦਨਾਕ ਹੋ ਸਕਦੀ ਹੈ, ਪਰ ਇਸ ਦਰਦ ਨੂੰ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ ਦੇ ਯਤਨ ਵਜੋਂ ਵੇਖਿਆ ਤੇ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ ਉਦਯੋਗਪਤੀਆਂ ਉੱਤੇ ਰਾਸ਼ਟਰਪਤੀ ਦੇ ਇਸ ਦਿਲਾਸੇ ਦਾ ਕੋਈ ਅਸਰ ਨਹੀਂ ਹੋ ਰਿਹਾ ਤੇ ਉਹ ਇਸ ਨੂੰ ਰਾਸ਼ਟਰਪਤੀ ਦੇ ਅੜੀਅਲ ਸੁਭਾਅ ਵਜੋਂ ਵੇਖ ਰਹੇ ਹਨ।

**ਕੈਨੇਡਾ ਦੇ ਸ਼ਰਾਬ ਠੇਕਿਆਂ ਤੋਂ ਅਮਰੀਕਨ ਬਰਾਂਡ ਗਾਇਬ**

ਟੈਰਿਫ ਜੰਗ ਦੇ ਵਿਰੋਧ ਵਜੋਂ ਕੈਨੇਡਾ ਦੇ ਸਾਰ ਸੂਬਿਆਂ ਦੀਆਂ ਸ਼ਰਾਬ ਠੇਕੇਦਾਰ ਕੰਪਨੀਆਂ ਨੇ ਆਪਣੇ ਠੇਕਿਆਂ 'ਚੋਂ ਅਮਰੀਕਨ ਬਰਾਂਡ ਗਾਇਬ ਕਰ ਦਿੱਤੇ ਹਨ ਤੇ ਟੈਰਿਫ ਵਾਪਸੀ ਤੱਕ ਅਮਰੀਕਾ ਤੋਂ ਕਿਸੇ ਵੀ ਤਰ੍ਹਾਂ ਦੀ ਸ਼ਰਾਬ ਮੰਗਵਾਉਣਾ ਬੰਦ ਕਰ ਦਿੱਤੀ ਹੈ। ਅਮਰੀਕਨ ਡਿਸਟਿਲਰੀ ਸਪਿਰਟ ਕੌਂਸਲ ਦੇ ਪ੍ਰਧਾਨ ਤੇ ਮੁੱਖ ਕਾਰਜਕਾਰੀ ਅਫਸਰ ਕ੍ਰਿਸ ਸਵਿੰਗਰ ਨੇ ਕੈਨੇਡਾ ਦੇ ਇਸ ਪ੍ਰਤੀਕਰਮ ਨੂੰ ਅਮਰੀਕਨ ਸ਼ਰਾਬ ਉਦਯੋਗ ਲਈ ਘਾਤਕ ਮੰਨਿਆ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਇਸ ਨਾਲ ਸਮੁੱਚੇ ਮੰਡੀਕਰਨ 'ਤੇ ਵੱਡਾ ਅਸਰ ਨਾ ਪਵੇ, ਪਰ ਉਦਯੋਗ ਲਈ ਨਾ ਸਹਿਣਯੋਗ ਘਾਟੇ ਨੂੰ ਨਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਉਦਯੋਗ ਦੇ ਦੁਵੱਲੇ ਸਰਕਾਰੀ ਹਿੱਸੇਦਾਰਾਂ ਨੂੰ ਸਾਂਝਾ ਹੱਲ ਤਲਾਸ਼ਣਾ ਹੀ ਉਦਯੋਗਿਕ ਵਿਕਾਸ ਲਈ ਜ਼ਰੂਰੀ ਹੈ।

**ਅਮੇਰੀਕਨ ਟੈਰਿਫ ਦਾ ਸੇਕ ਨੂੰ ਪਨਾਮਾ ਤੱਕ ਪੁੱਜਾ**

ਅਮਰੀਕਨ ਰਾਸ਼ਟਰਪਰੀ ਡੋਨਲਡ ਟਰੰਪ ਵਲੋਂ ਗੱਦੀ ਸੰਭਾਲਦੇ ਹੀ ਗੁਆਂਢੀ ਮੁਲਕਾਂ ਨਾਲ ਲਏ ਟੈਰਿਫ ਪੰਗੇ ਦਾ ਸੇਕ ਕੇਂਦਰੀ ਅਮਰੀਕਾ ਦੇ ਮੁਲਕ ਪਨਾਮਾ ਤੱਕ ਜਾ ਪਹੁੰਚਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੱਲੋਂ ਪਨਾਮਾ ਦੇ ਰਾਸ਼ਟਰਪਤੀ ਜੋਇ ਰੌਇ ਮੋਲੀਨੋ ਨੂੰ ਪਨਾਮਾ ਨਹਿਰ ਤੋਂ ਚੀਨ ਦੇ ਦਖਲ ਅਤੇ ਪ੍ਰਭਾਵ ਨੂੰ ਘਟਾਉਣ ਲਈ ਕਹਿਣਾ ਉੱਥੋਂ ਦੇ ਲੋਕਾਂ ਨੂੰ ਬੁਰਾ ਲੱਗਾ ਹੈ। ਰੂਬੀਓ ਨੇ ਕਿਹਾ ਸੀ ਕਿ ਅਮਰੀਕਾ ਵਲੋਂ ਬਣਾਈ ਨਹਿਰ ਉੱਤੇ ਕਿਸੇ ਹੋਰ ਦੇਸ਼ ਦੇ ਗਲਬੇ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਮੋਲੀਨੋ ਨੇ ਹਾਲਾਂਕਿ ਇਸ ਦੇ ਜਵਾਬ ਵਿਚ ਸਪਸ਼ਟ ਕਹਿ ਦਿੱਤਾ ਹੈ ਕਿ ਉਹ 1999 ਦੇ ਸਮਝੌਤੇ ਦੀ ਪਾਲਣਾ ਦੇ ਪਾਬੰਦ ਹਨ ਤੇ ਉਸ ਨੂੰ ਹੀ ਨਵਿਆਇਆ ਜਾਏਗਾ। ਅਮਰੀਕਨ ਧਮਕੀ ਤੋਂ ਬਾਅਦ ਸੈਂਕੜੇ ਲੋਕਾਂ ਨੇ ਪਨਾਮਾ ਦੀਆਂ ਸੜਕਾਂ 'ਤੇ ਆ ਕੇ ਅਮਰੀਕਨ ਝੰਡੇ ਸਾੜੇ।

# 22.68 ਲੱਖ ਬਜ਼ੁਰਗ ਲਾਭਪਾਤਰੀਆਂ ਨੂੰ 3368.89 ਕਰੋੜ ਰੁਪਏ ਪੈਨਸ਼ਨ ਰਾਸ਼ੀ ਵੰਡੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜ਼ੁਰਗ ਪੈਨਸ਼ਨ ਧਾਰਕਾਂ ਨੂੰ ਮਹੀਨਾ ਦਸੰਬਰ 2024 ਤੱਕ ਦੀ ਪੈਨਸ਼ਨ ਰਾਸ਼ੀ ਦੇ 3368.89 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਰਕਾਰ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਵੱਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਵੱਖ-ਵੱਖ ਵਰਗਾਂ ਦੇ ਕੁੱਲ 34 ਲੱਖ ਲਾਭਪਾਤਰੀ ਹਨ, ਜਿਨ੍ਹਾਂ ਵਿੱਚ ਬਜ਼ੁਰਗ, ਦਿਵਿਆਂਗ, ਵਿਧਵਾ ਤੇ ਬੇਸਹਾਰਾ ਔਰਤਾਂ ਅਤੇ ਆਸ਼ਰਿਤ ਬੱਚੇ ਸ਼ਾਮਲ ਹਨ।



ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਕੁੱਲ 22.68 ਲੱਖ ਬਜ਼ੁਰਗ ਲਾਭਪਾਤਰੀ ਹਨ, ਜਿਨ੍ਹਾਂ ਨੂੰ ਮਹੀਨਾ ਦਸੰਬਰ 2024 ਤੱਕ ਦੀ ਪੈਨਸ਼ਨ ਰਾਸ਼ੀ ਦੇ 3368.89 ਕਰੋੜ ਵੰਡੇ ਜਾ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਵੱਖ-ਵੱਖ ਪੈਨਸ਼ਨ ਸਕੀਮਾਂ ਲਈ ਕੁੱਲ 5924.50 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਹੈ ਜਿਸ ਵਿੱਚੋਂ ਬੁਢਾਪਾ ਪੈਨਸ਼ਨ ਲਈ ਚਾਲੂ ਸਾਲ ਦੌਰਾਨ 4000 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ 65 ਜਾਂ ਉਸ ਤੋਂ ਉਪਰ ਉਮਰ ਦੇ ਬਜ਼ੁਰਗ ਵਿਅਕਤੀ ਅਤੇ 58 ਸਾਲ ਜਾਂ ਉਸ ਤੋਂ ਉਪਰ ਉਮਰ ਦੀਆਂ ਮਹਿਲਾਵਾਂ, ਜਿਨ੍ਹਾਂ ਦੀ ਸਾਲਾਨਾ ਆਮਦਨ 60,000 ਰੁਪਏ ਤੋਂ ਵੱਧ ਨਾ ਹੋਵੇ, ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ।

ਮੰਤਰੀ ਨੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਬਜੁਰਗਾਂ ਦੀ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ। ਬਜ਼ੁਰਗਾਂ ਦੀ ਸਿਹਤ ਸਰਵੇਖਣ ਸਬੰਧੀ ਸੂਬੇ ਵਿੱਚ ਸਰਵੇਖਣ ਕੀਤਾ ਜਾ ਰਿਹਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਕਿਦਵਈ ਨਗਰ ਅਤੇ ਢੋਲੇਵਾਲ ਸਕੂਲ ਆਫ਼ ਐਮੀਨੈਂਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਲੁਧਿਆਣਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਆਗਾਮੀ ਕਿਦਵਈ ਨਗਰ ਅਤੇ ਢੋਲੇਵਾਲ ਵਾਲੇ ਸਕੂਲ ਆਫ਼ ਐਮੀਨੈਂਸ (ਐਸ.ਓ.ਈ.) ਦੇ ਉਸਾਰੀ ਕਾਰਜ਼ਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਜਿਨ੍ਹਾਂ ਵਿੱਚ ਸਿੱਖਿਆ, ਨਗਰ ਸੁਧਾਰ ਟਰੱਸਟ ਅਤੇ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਸ਼ਾਮਲ ਸਨ, ਦੇ ਨਾਲ ਮੀਟਿੰਗ ਦੌਰਾਨ, ਡਿਪਟੀ ਕਮਿਸ਼ਨਰ ਜ਼ੋਰਵਾਲ ਨੇ ਕਿਹਾ ਕਿ ਕਿਦਵਈ ਨਗਰ ਐਸ.ਓ.ਈ. ਲਈ ਮੁਕੰਮਲ ਹੋਣ ਦੀ ਆਖਰੀ ਮਿਤੀ 31 ਮਾਰਚ, 2025 ਨਿਰਧਾਰਤ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਜੋਰਵਾਲ ਨੇ ਦੱਸਿਆ ਕਿ ਰੈਂਪ, ਸੁਰੱਖਿਆ ਗਾਰਡ ਰੂਮ ਅਤੇ ਬਿਜਲੀ ਫਿਟਿੰਗ 'ਤੇ ਕੰਮ ਪਹਿਲਾਂ ਹੀ ਜਾਰੀ ਹੈ। ਇਸ ਤੋਂ ਇਲਾਵਾ, ਵਿਭਾਗ ਨੇ ਕੰਮ ਦੇ ਦਾਇਰੇ ਵਿੱਚ ਤਬਦੀਲੀਆਂ ਲਈ ਪ੍ਰਸ਼ਾਸਕੀ ਪ੍ਰਵਾਨਗੀ ਲਈ ਵੀ ਪ੍ਰਸਤਾਵ ਰੱਖਿਆ ਹੈ ਅਤੇ ਉਸ ਅਨੁਸਾਰ ਲੋੜੀਂਦੇ ਫੰਡ ਅਲਾਟ ਕੀਤੇ ਜਾਣਗੇ। ਉਨ੍ਹਾਂ ਨਗਰ ਸੁਧਾਰ ਟਰੱਸਟ ਲੁਧਿਆਣਾ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਚੱਲ ਰਹੇ ਕਾਰਜ਼ਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਨਿਰਧਾਰਿਤ ਸਮੇਂ ਅੰਦਰ ਇਸ ਪ੍ਰੋਜੈਕਟ ਨੂੰ ਮੁਕੰਮਲ ਕੀਤਾ ਜਾ ਸਕੇ।

ਇਸ ਤੋਂ ਇਲਾਵਾ, ਜੋਰਵਾਲ ਵੱਲੋਂ ਢੋਲੇਵਾਲ ਸਕੂਲ ਆਫ਼ ਐਮੀਨੈਂਸ ਵਿਖੇ ਚੱਲ ਰਹੇ ਕੰਮਾਂ ਬਾਰੇ ਫੀਡਬੈਕ ਲਈ, ਜੋ ਕਿ ਲੋਕ ਨਿਰਮਾਣ ਵਿਭਾਗ ਦੁਆਰਾ ਬਣਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਵੱਲੋਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਸਕੂਲ ਆਫ਼ ਐਮੀਨੈਂਸ ਵਿੱਚ ਸਮਾਰਟ ਕਲਾਸਰੂਮ, ਆਧੁਨਿਕ ਬੁਨਿਆਦੀ ਢਾਂਚਾ, ਪ੍ਰਯੋਗਸ਼ਾਲਾਵਾਂ, ਸੀ.ਸੀ.ਟੀ.ਵੀ. ਨਿਗਰਾਨੀ ਅਤੇ ਵੱਖ-ਵੱਖ ਖੇਡ ਗਤੀਵਿਧੀਆਂ ਲਈ ਲੈਸ ਖੇਡ ਦੇ ਮੈਦਾਨ ਹੋਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਕੂਲ ਆਫ਼ ਐਮੀਨੈਂਸ ਪ੍ਰੋਗਰਾਮ ਦਾ ਉਦੇਸ਼ ਸਿੱਖਿਆ ਖੇਤਰ ਵਿੱਚ ਕ੍ਰਾਂਤੀ ਲਿਆਉਣਾ, ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਅਤੇ ਉੱਜਵਲ ਭਵਿੱਖ ਨੂੰ ਉਤਸ਼ਾਹਿਤ ਕਰਨਾ ਹੈ। ਡਿਪਟੀ ਕਮਿਸ਼ਨਰ ਜੋਰਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਵਿੱਚ ਉੱਚ-ਗੁਣਵੱਤਾ ਵਾਲੀਆਂ ਸੇਵਾਵਾਂ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ 'ਤੇ ਸਾਰੇ ਲੰਬਿਤ ਕਾਰਜ਼ਾਂ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਜਾਵੇ।

# ਹੋਲਾ ਮਹੱਲਾ ਤੋਂ ਪਹਿਲਾ ਮੇਲਾ ਖੇਤਰ ਦੀ ਸਫਾਈ ਲਈ ਵਿਆਪਕ ਮੁਹਿੰਮ ਸ਼ੁਰੂ

## ➢ ਸੜਕਾਂ, ਗਲੀਆਂ ਦੇ ਨਾਲ ਡਰੇਨਾਂ ਦੀ ਸਫ਼ਾਈ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼

## ➢ ਪਾਣੀ ਤਾ ਛਿੜਕਾਓ, ਫੋਗਿੰਗ ਤੇ ਕੂੜਾ ਡੰਪਿੰਗ ਲਈ ਹੋਣਗੇ ਵਿਸੇਸ਼ ਇੰਤਜ਼ਾਮ

**ਸ੍ਰੀ ਆਨੰਦਪੁਰ ਸਾਹਿਬ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਲਾ ਮਹੱਲਾਂ ਦੀਆਂ ਅਗਾਓ ਤਿਆਰੀਆਂ ਸੁਰੂ ਹੋ ਗਈਆਂ ਹਨ। ਕੀਰਤਪੁਰ ਸਾਹਿਬ ਵਿਚ 10 ਤੋ 12 ਮਾਰਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ 13 ਤੋ 15 ਮਾਰਚ ਤੱਕ ਹੋਲਾ ਮਹੱਲਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿੱਥੇ ਲੱਖਾਂ ਸੰਗਤਾਂ ਪਹੁੰਚਦੀਆਂ ਹਨ, ਇਸ ਲਈ ਮੇਲਾ ਖੇਤਰ ਦੀ ਵਿਆਪਕ ਸਫਾਈ ਦੀ ਮੁਹਿੰਮ ਸੁਰੂ ਹੋ ਗਈ ਹੈ।

ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਹਿਮਾਸ਼ੂ ਜੈਨ ਆਈ.ਏ.ਐਸ ਵੱਲੋਂ ਹੋਲਾ ਮਹੱਲਾ ਦੀਆਂ ਅਗਾਓ ਤਿਆਰੀਆਂ ਲਈ ਕੀਤੀਆ ਮੀਟਿੰਗਾਂ ਵਿੱਚ ਜਾਰੀ ਕੀਤੇ ਨਿਰਦੇਸ਼ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਗਰ ਕੌਂਸਲ ਤੇ ਨਗਰ ਪੰਚਾਇਤ ਕੀਰਤਪੁਰ ਸਾਹਿਬ ਵੱਲੋਂ ਸਫਾਈ ਮੁਹਿੰਮ ਸੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਡਰੇਨਾਂ ਤੇ ਸੀਵਰ ਦੀ ਸਫਾਈ, ਕੂੜੇ ਦੀ ਡੰਪਿੰਗ ਨੂੰ ਯਕੀਨੀ ਬਣਾਇਆ ਗਿਆ ਹੈ। ਪੀ.ਐਮ.ਆਈ.ਡੀ.ਸੀ ਤੋਂ ਵਿਸੇਸ਼ ਸਮੱਗਰੀ ਮੰਗਵਾਈ ਜਾ ਰਹੀ ਹੈ, ਫਾਇਰ ਟੈਂਡਰ ਮੇਲੇ ਦੌਰਾਨ ਵਿਸੇਸ਼ ਤੌਰ ਤੇ ਤੈਨਾਤ ਹੋਣਗੇ। ਸੀਵਰਮੈਨ ਡਰੇਨਾ ਤੇ ਸੀਵਰ ਦੀ ਸਫਾਈ ਕਰ ਰਹੇ ਹਨ, ਨਗਰ ਕੌਂਸਲਾਂ ਵੱਲੋਂ ਗਿੱਲੇ ਤੇ ਸੁੱਕੇ ਕੂੜੇ ਦਾ ਵਿਸੇਸ਼ ਪ੍ਰਬੰਧਨ ਕੀਤਾ ਜਾ ਰਿਹਾ ਹੈ।



ਕਾਰਜਕਾਰੀ ਇੰਜੀਨਿਅਰ ਜਲ ਸਪਲਾਈ ਤੇ ਸੈਨੀਟੇਸ਼ਨ ਸ੍ਰੀ ਹਰਜੀਤਪਾਲ ਤੇ ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ ਨੇ ਦੱਸਿਆ ਕਿ ਸਮੁੱਚਾ ਮੇਲਾ ਖੇਤਰ ਕੀਰਤਪੁਰ ਸਾਹਿਬ ਵਿੱਚ ਦੋ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ 11 ਸੈਕਟਰਾਂ ਵਿਚ ਵੰਡਿਆ ਹੈ। ਉਨ੍ਹਾਂ ਨੇ ਦੱਸਿਆ ਕਿ ਹਰ ਸੈਕਟਰ ਵਿਚ ਸੈਨੇਟਰੀ ਇੰਸਪੈਕਟ ਤੇ ਨੋਡਲ ਅਫਸਰ ਤੈਨਾਤ ਹੋਣਗੇ। ਗੰਦੇ ਪਾਣੀ ਦੀ ਨਿਕਾਸੀ ਤੇ ਸਫਾਈ ਦੀ ਢੁਕਵੀ ਵਿਵਸਥਾ ਹੋਵੇਗੀ। ਬਦਲਵੇ ਰਹੇ ਮੌਸਮ ਕਾਰਨ ਦਵਾਈ ਦਾ ਛਿੜਕਾਓ, ਫੋਗਿੰਗ, ਪਾਣੀ ਦੇ ਛਿੜਕਾਓ ਦੀ ਵਿਸੇਸ਼ ਵਿਵਸਥਾ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਲੰਗਰਾਂ ਦੇ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਜਾਵੇਗੀ ਕਿ ਉਹ ਕੂੜਾ ਪ੍ਰਬੰਧਨ ਵਿਚ ਸਹਿਯੋਗ ਦੇਣ, ਗਿੱਲਾ ਤੇ ਸੁੱਕਾ ਕੂੜਾ ਵੱਖ ਵੱਖ ਸਟੋਰੇਜ਼ ਕਰਕੇ ਉਸ ਨੂੰ ਨਗਰ ਕੌਂਸਲ ਦੀ ਗੱਡੀਆਂ ਤੋ ਚੁਕਵਾਇਆ ਜਾਵੇ। ਉਨ੍ਹਾਂ ਨੇ ਦੱਸਿਆ ਕਿ ਬਾਹਰੋ ਬਹੁਤ ਸਾਰੇ ਸਫਾਈ ਕਰਮਚਾਰੀ ਬੁਲਾਏ ਜਾ ਰਹੇ ਹਨ, ਸਮੁੱਚੇ ਮੇਲਾ ਖੇਤਰ ਦੀ ਸਾਫ ਸਫਾਈ ਨੂੰ ਅਗਾਓ ਸੁਰੂ ਕਰਵਾ ਦਿੱਤਾ ਹੈ। ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਸਾਫ ਸੁਥਰਾ ਵਾਤਾਵਰਣ ਮੁਹੱਇਆ ਕਰਵਾਇਆ ਜਾਵੇਗਾ। ਮੇਲਾ ਅਫਸਰ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸਮੁੱਚੇ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਹਨ।

# ਸਰਕਾਰੀ ਕਾਲਜ ਮਾਛੀਵਾੜਾ ਦੇ ਬੀ.ਕਾਮ ਭਾਗ ਤੀਜਾ ਦੇ ਸ਼ਾਨਦਾਰ ਨਤੀਜੇ



**ਮਾਛੀਵਾੜਾ ਸਾਹਿਬ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰੀ ਕਾਲਜ ਮਾਛੀਵਾੜਾ ਪ੍ਰਿੰਸੀਪਲ ਪ੍ਰੋ ਦੀਪਕ ਚੋਪੜਾ ਦੀ ਦੀ ਰਹਿਨੁਮਾਈ ਵਿੱਚ ਵਿਦਿਅਕ, ਸਾਹਿਤਕ, ਸੱਭਿਆਚਾਰਕ ਗਤੀਵਿਧੀਆਂ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰ ਰਿਹਾ ਹੈ।

ਇਸ ਬਾਰੇ ਗੱਲ ਕਰਦਿਆਂ ਮੀਡੀਆ ਇੰਚਾਰਜ ਡਾ ਕਮਲਜੀਤ ਕੌਰ ਬਾਂਗਾ ਨੇ ਦੱਸਿਆ ਕਿ ਯੂਨੀਵਰਸਿਟੀ ਨਤੀਜਿਆਂ ਵਿੱਚ ਬੀ.ਕਾਮ ਭਾਗ ਤੀਜਾ ਦੇ ਵਿਦਿਆਰਥੀਆਂ ਦਾ ਨਤੀਜਾ 100% ਰਿਹਾ। ਵੰਸ਼ ਕੁੰਵਰ ਸਿੰਘ ਨੇ 82.33% ਅੰਕ ਹਾਸਲ ਕਰ ਕੇ ਪਹਿਲਾ ਸਥਾਨ ਸ਼੍ਰਿਸ਼ਟੀ ਨੇ 79% ਅੰਕਾ ਨਾਲ ਦੂਜਾ ਤੇ ਕੋਮਲ ਨੇ 77.16 ਅੰਕਾ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।

ਵਿਦਿਆਰਥੀਆਂ ਦੀ ਇਸ ਪ੍ਰਾਪਤੀ ਤੇ ਪ੍ਰਿੰਸੀਪਲ ਪ੍ਰੋ ਦੀਪਕ ਚੋਪੜਾ ਨੇ ਵਿਦਿਆਰਥੀਆਂ, ਉਹਨਾ ਦੇ ਮਾਪਿਆਂ, ਵਿਭਾਗ ਮੁਖੀ ਸਹਾਇਕ ਪ੍ਰੋਫੈਸਰ ਅਜੈ ਬੱਤਾ ਤੇ ਗਗਨਦੀਪ ਕੌਰ ਤੇ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਕਾਮਨਾ ਕੀਤੀ।

# ਦਿੱਲੀ ਨੇ ਫੈਸਲਾ ਕਰ ਲਿਐ ਅਰਵਿੰਦ ਕੇਜਰੀਵਾਲ ਚੌਥੀ ਵਾਰ ਮੁੱਖ ਮੰਤਰੀ ਬਣਨਗੇ : ਭਗਵੰਤ ਮਾਨ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਜ਼ੋਰਦਾਰ ਪ੍ਰਚਾਰ ਸ਼ੁਰੂ ਕੀਤਾ। ਉਨ੍ਹਾਂ ਨੇ ਦਿੱਲੀ ਦੇ ਕਈ ਹਲਕਿਆਂ ਵਿੱਚ ਜਨਤਕ ਮੀਟਿੰਗਾਂ, ਰੋਡ ਸ਼ੋਅ ਅਤੇ ਪੈਦਲ ਯਾਤਰਾਵਾਂ ਕੀਤੀਆਂ ਅਤੇ ਲੋਕਾਂ ਨੂੰ ਸੰਬੋਧਨ ਕੀਤਾ।

ਮਾਨ ਨੇ ਭਾਸ਼ਣ ਦੌਰਾਨ ਆਮ ਆਦਮੀ ਪਾਰਟੀ ਦੇ ਵਿਕਾਸ, ਲੋਕ ਭਲਾਈ ਅਤੇ ਲੋਕ ਕੇਂਦਰਿਤ ਸ਼ਾਸਨ ਬਾਰੇ ਲੋਕਾਂ ਨੂੰ ਦੱਸਿਆ ਅਤੇ ਭਾਜਪਾ ਅਤੇ ਕਾਂਗਰਸ ਪਾਰਟੀ 'ਤੇ ਤਿੱਖੇ ਹਮਲੇ ਕੀਤੇ। ਮਾਨ ਨੇ ਦਾਅਵਾ ਕੀਤਾ ਕਿ ਦਿੱਲੀ ਦੇ ਲੋਕ 5 ਫਰਵਰੀ ਨੂੰ ਭਾਰੀ ਬਹੁਮਤ ਨਾਲ ਅਰਵਿੰਦ ਕੇਜਰੀਵਾਲ ਨੂੰ ਮੁੜ ਮੁੱਖ ਮੰਤਰੀ ਬਣਾਉਣ ਲਈ ਤਿਆਰ ਹਨ।

ਮਾਨ ਨੇ ਨਗਦੀ ਵੰਡ ਰਾਹੀਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਦੀ ਆਲੋਚਨਾ ਕੀਤੀ ਅਤੇ ਲੋਕਾਂ ਨੂੰ ਕਿਹਾ। ਕਿ ਪੈਸੇ ਲੈ ਲਓ ਪਰ ਵੋਟ ਆਮ ਆਦਮੀ ਪਾਰਟੀ ਨੂੰ ਹੀ ਦਿਓ। ਉਨ੍ਹਾਂ ਕਿਹਾ, "ਜਦੋਂ ਭਾਜਪਾ ਪੈਸੇ ਵੰਡਣ ਆਏ ਤਾਂ ਨਾਂਹ ਨਾ ਕਰੋ। ਇਹ ਤੁਹਾਡਾ ਹੀ ਪੈਸਾ ਹੈ ਜੋ ਉਨ੍ਹਾਂ ਨੇ ਲੁੱਟਿਆ ਹੈ। ਪਰ ਯਾਦ ਰੱਖੋ, ਸਿੱਖਿਆ, ਰੁਜ਼ਗਾਰ ਅਤੇ ਵਿਕਾਸ ਦਾ ਬਟਨ 'ਝਾੜੂ' ਹੈ।

ਸੰਗਮ ਵਿਹਾਰ ਵਿਧਾਨ ਸਭਾ ਵਿੱਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਾਨ ਨੇ ਵੱਡੀ ਗਿਣਤੀ ਵਿੱਚ ਪੁੱਜਣ ਲਈ ਲੋਕਾਂ ਦਾ ਧੰਨਵਾਦ ਕੀਤਾ। ਭਾਜਪਾ 'ਤੇ ਹਮਲਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਭਾਜਪਾ ਲੋਕਾਂ ਨੂੰ ਦਿਹਾੜੀ 'ਤੇ ਰੈਲੀਆਂ 'ਚ ਲਿਆਉਂਦੀ ਹੈ ਅਤੇ ਬਾਅਦ 'ਚ ਪੈਸੇ ਵੀ ਨਹੀਂ ਦਿੰਦੀ। ਜਦੋਂ ਉਹ 400 ਰੁਪਏ ਦਿਹਾੜੀ ਨਹੀਂ ਦੇ ਰਹੇ ਤਾਂ ਉਹ ਔਰਤਾਂ ਨੂੰ 2500 ਰੁਪਏ ਮਹੀਨਾ ਕਿਵੇਂ ਦੇਣਗੇ!



ਲਾਜਪਤ ਨਗਰ ਵਿੱਚ ਰੋਡ ਸ਼ੋਅ ਦੌਰਾਨ ਮਾਨ ਨੇ ਨਵੀਂ ਦਿੱਲੀ ਹਲਕੇ ਵਿੱਚ ਭਾਜਪਾ ਦੀ ਗੁੰਡਾਗਰਦੀ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ, "ਭਾਜਪਾ ਅਰਵਿੰਦ ਕੇਜਰੀਵਾਲ ਦੇ ਹਲਕੇ 'ਚ 'ਆਪ' ਵਰਕਰਾਂ 'ਤੇ ਹਮਲੇ ਕਰ ਰਹੀ ਹੈ ਕਿਉਂਕਿ ਉਹ ਜਾਣਦੇ ਹਨ ਕਿ ਉਹ ਬੁਰੀ ਤਰ੍ਹਾਂ ਹਾਰ ਰਹੇ ਹਨ।

ਜੰਗਪੁਰਾ ਵਿੱਚ ਮਾਨ ਨੇ 'ਆਪ' ਦੀ ਸਿੱਖਿਆ ਕ੍ਰਾਂਤੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, ਜੰਗਪੁਰਾ ਖੁਸ਼ਕਿਸਮਤ ਹੈ ਕਿ ਉਸ ਕੋਲ ਅਜਿਹੇ ਵਿਧਾਇਕ ਹਨ ਜਿਨ੍ਹਾਂ ਨੇ ਅਜਿਹੇ ਸਕੂਲਾਂ ਦੀ ਕਾਇਆ ਕਲਪ ਕੀਤੀ, ਜਿਨ੍ਹਾਂ ਦੀ ਹੁਣ ਦੁਨੀਆ ਪ੍ਰਸ਼ੰਸਾ ਕਰਦੀ ਹੈ। ਜਲਦੀ ਹੀ ਤੁਹਾਡਾ ਵਿਧਾਇਕ ਵੀ ਤੁਹਾਡਾ ਡਿਪਟੀ ਸੀਐਮ ਹੋਵੇਗਾ।

ਵੋਟਰਾਂ ਨੂੰ ਫੁੱਟ ਪਾਊ ਰਾਜਨੀਤੀ ਨੂੰ ਰੱਦ ਕਰਨ ਦੀ ਅਪੀਲ ਕਰਦੇ ਹੋਏ ਮਾਨ ਨੇ ਕਿਹਾ, ਤੁਹਾਡੇ ਕੋਲ ਦੋ ਵਿਕਲਪ ਹਨ- ਇੱਕ ਪੱਖ ਲੜਾਈਆਂ ਨੂੰ ਵਧਾਵਾ ਦਿੰਦਾ ਹੈ, ਦੂਜਾ ਸਿੱਖਿਆ ਪ੍ਰਦਾਨ ਕਰਦਾ ਹੈ। ਇੱਕ ਤੁਹਾਡੇ ਬੱਚਿਆਂ ਨੂੰ ਚਾਕੂ ਅਤੇ ਤਲਵਾਰਾਂ ਦੇਵੇਗਾ, ਜਦੋਂ ਕਿ ਦੂਜਾ ਉਨ੍ਹਾਂ ਨੂੰ ਪੈਨ ਅਤੇ ਪੈਨਸਿਲ ਦੇਵੇਗਾ।

ਆਮ ਆਦਮੀ ਪਾਰਟੀ ਨੂੰ ਮਿਲ ਰਹੇ ਭਾਰੀ ਸਮਰਥਨ ਦਾ ਜ਼ਿਕਰ ਕਰਦਿਆਂ ਮਾਨ ਨੇ ਦਾਅਵਾ ਕੀਤਾ, ਦਿੱਲੀ ਨੇ ਫੈਸਲਾ ਕਰ ਲਿਆ ਹੈ: ਕੇਜਰੀਵਾਲ ਚੌਥੀ ਵਾਰ ਮੁੱਖ ਮੰਤਰੀ ਬਣਨਗੇ। ਭਾਜਪਾ ਦੀ ਨਿਰਾਸ਼ਾ ਦਰਸਾਉਂਦੀ ਹੈ ਕਿ ਉਹ ਪਹਿਲਾਂ ਹੀ ਹਾਰ ਚੁੱਕੀ ਹੈ।

ਮਾਨ ਨੇ ਨਵੀਂ ਦਿੱਲੀ ਵਿਧਾਨ ਸਭਾ ਸੀਟ ਦੀ ਬੀਕੇ ਦੱਤ ਕਲੋਨੀ ਵਿੱਚ ਇਹ ਐਲਾਨ ਕਰਦਿਆਂ ਕਿਹਾ, ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਰੁਜ਼ਗਾਰ ਉਹ ਮੁੱਦੇ ਹਨ ਜਿਨ੍ਹਾਂ ਉਤੇ ਅਸੀਂ ਕੰਮ ਕਰਦੇ ਹਾਂ। ਭਾਜਪਾ ਅਤੇ ਕਾਂਗਰਸ ਸਿਰਫ ਤੁਹਾਡਾ ਪੈਸਾ ਲੁੱਟਦੀਆਂ ਹਨ ਅਤੇ ਤੁਹਾਡਾ ਭਵਿੱਖ ਬਰਬਾਦ ਕਰਦੀਆਂ ਹਨ।

ਮਾਨ ਨੇ ਵੋਟਰਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਆਮ ਆਦਮੀ ਪਾਰਟੀ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ, ÷5 ਫਰਵਰੀ ਨੂੰ ਝਾੜੂ ਦਾ ਬਟਨ ਦਬਾਓ। ਉਸ ਤੋਂ ਬਾਅਦ ਤੁਹਾਡੀ ਜ਼ਿੰਮੇਵਾਰੀ ਖਤਮ ਹੋ ਜਾਵੇਗੀ। ਫਿਰ ਪੰਜ ਸਾਲ ਕੰਮ ਕਰਨਾ ਸਾਡੀ ਜ਼ਿੰਮੇਵਾਰੀ ਹੋਵੇਗੀ।÷ ਉਨ੍ਹਾਂ ਕਿਹਾ ਕਿ ਲੋਕ ਝਾੜੂ ਨੂੰ ਵੋਟ ਪਾਉਣ ਦਾ ਫੈਸਲਾ ਕਰ ਚੁੱਕੇ ਹਨ, ਲੋਕ ਹੋਰ ਬਟਨਾਂ ਵੱਲ ਵੀ ਨਹੀਂ ਦੇਖਣਗੇ। ਪੂਰੀ ਦਿੱਲੀ ਕਹਿ ਰਹੀ ਹੈ, ਫੇਰ ਲਿਆਵਾਂਗੇ ਕੇਜਰੀਵਾਲ!

# ਕੁੱਤਿਆਂ ਦੀਆਂ ਦੌੜਾਂ ਕਰਵਾਉਣ 'ਤੇ ਅਣਪਛਾਤਿਆਂ ਖ਼ਿਲਾ.ਫ ਮਾਮਲਾ ਦਰਜ

**ਮਾਛੀਵਾੜਾ ਸਾਹਿਬ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਪੁਲਸ ਥਾਣਾ ਵਿਖੇ ਇਕ ਸ਼ਿਕਾਇਤ ਦੇ ਆਧਾਰ 'ਤੇ ਪਾਬੰਦੀਸ਼ੁਦਾ ਕੁੱਤਿਆਂ ਦੀਆਂ ਦੌੜਾਂ ਕਰਵਾਉਣ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਉੱਚ ਅਧਿਕਾਰੀਆਂ ਨੂੰ ਇਕ ਸੰਸਥਾ 'ਪੀਪਲਜ਼ ਫਾਰ ਦਾ ਐਥੀਕਲ ਟ੍ਰੀਟਮੈਂਟ ਆਫ ਐਨੀਮਲ' (ਪੈਟਾ ਇੰਡੀਆ) ਵੱਲੋਂ ਸ਼ਿਕਾਇਤ ਦਿੱਤੀ ਕਿ ਮਾਛੀਵਾੜਾ ਥਾਣਾ ਅਧੀਨ ਪੈਂਦੇ ਪਿੰਡ ਸ਼ੇਰਪੁਰ ਬੇਟ ਵਿਖੇ 15 ਜਨਵਰੀ ਨੂੰ ਕੁੱਤਿਆਂ ਦੀਆਂ ਦੌੜਾਂ ਕਰਵਾਈਆਂ ਗਈਆਂ ਹਨ, ਜਿਸ ਨੂੰ ਕਰਵਾਉਣਾ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ।

ਸੰਸਥਾ ਵੱਲੋਂ ਦਿੱਤੀ ਸ਼ਿਕਾਇਤ ਅਨੁਸਾਰ ਉਨ੍ਹਾਂ ਨੂੰ ਯੂ ਟਿਊਬ ਚੈਨਲ ਤੋਂ ਵੀਡੀਓ ਪ੍ਰਾਪਤ ਹੋਈ, ਜਿਸ ਵਿਚ ਪ੍ਰਬੰਧਕਾਂ ਵੱਲੋਂ ਲੰਘੀ 15 ਜਨਵਰੀ ਨੂੰ ਇਹ ਦੌੜਾਂ ਕਰਵਾਈਆਂ ਗਈਆਂ ਤੇ ਇਸ ਆਧਾਰ 'ਤੇ ਇਹ ਸ਼ਿਕਾਇਤ ਦਰਜ ਕਰਵਾਈ ਜਾ ਰਹੀ ਹੈ ਕਿ ਇਹ ਪਾਬੰਦੀਸ਼ੁਦਾ ਕੁੱਤਿਆਂ ਦੀਆਂ ਦੌੜਾਂ ਕਰਵਾਉਣ ਵਾਲੇ ਮਾਮਲੇ 'ਚ ਜੋ ਵੀ ਕਥਿਤ ਦੋਸ਼ੀ ਹਨ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾਵੇ। ਸੰਸਥਾ ਅਨੁਸਾਰ ਕੁੱਤਿਆਂ ਦੀਆਂ ਦੌੜਾਂ ਕਰਵਾ ਕੇ ਉਨ੍ਹਾਂ 'ਤੇ ਜ਼ੁਲਮ ਕੀਤਾ ਜਾਂਦਾ ਹੈ ਤੇ ਇਸ ਦੌਰਾਨ ਇਨ੍ਹਾਂ ਜਾਨਵਰਾਂ ਨੂੰ ਸੱਟਾਂ ਵੀ ਲੱਗਦੀਆਂ ਹਨ। ਉਨ੍ਹਾਂ ਕਿਹਾ ਕਿ ਕੁੱਤਿਆਂ ਨੂੰ ਤੇਜ਼ ਰਫ਼ਤਾਰ ਦੌੜਨ ਲਈ ਮਜ਼ਬੂਰ ਕੀਤਾ ਜਾਂਦਾ ਹੈ।

ਉਨ੍ਹਾਂ ਸ਼ਿਕਾਇਤ 'ਚ ਇਹ ਵੀ ਕਿਹਾ ਕਿ ਦੌੜਾਂ ਦੀ ਨਸਲ ਵਾਲੇ ਕੁੱਤੇ ਇਸ ਮੁਕਾਬਲੇ 'ਚ ਯੋਗ ਨਹੀਂ ਰਹਿੰਦੇ ਤਾਂ ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ ਜਾਂ ਮਾਰ ਦਿੱਤਾ। ਜਾਂਦਾ ਹੈ। ਸ਼ਿਕਾਇਤਕਰਤਾ ਅਨੁਸਾਰ ਸੁਪਰੀਮ ਕੋਰਟ ਨੇ ਜਾਰੀ ਹੁਕਮਾਂ 'ਚ ਸਪੱਸ਼ਟ ਕੀਤਾ ਹੈ ਕਿ ਜਾਨਵਰਾਂ ਦੀਆਂ ਲੜਾਈਆਂ ਕਰਵਾਉਣਾ ਜਾਂ ਅਜਿਹੀਆਂ ਦੌੜਾਂ ਕਰਵਾਉਣਾ ਗ਼ੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਇਨ੍ਹਾਂ ਦੌੜਾਂ ਕਰਵਾਉਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ।

ਮਾਛੀਵਾੜਾ ਪੁਲਸ ਵੱਲੋਂ ਫਿਲਹਾਲ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਕਿ ਇਹ ਪਾਬੰਦੀਸ਼ੁਦਾ ਦੌੜਾਂ ਕਿਸ ਕਲੱਬ ਜਾਂ ਸੰਸਥਾ ਵੱਲੋਂ ਕਰਵਾਈਆਂ ਗਈਆਂ ਹਨ।

# ਚੋਣ ਮੰਚ 'ਤੇ ਜਦੋਂ ਗਾਇਕ ਮੀਕਾ ਸਿੰਘ ਅਤੇ ਸੰਸਦ ਮੈਂਬਰ ਰਾਘਵ ਚੱਢਾ ਨੇ ਮਿਲਾਏ ਸੁਰ, ਤਾਂ ਝੂਮ ਉਠੀ ਜਨਤਾ, ਸੁਰੀਲਾ ਹੋਇਆ ਚੌਣ ਮਹੌਲ

**ਨਵੀਂ ਦਿੱਲੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚਾਂਦਨੀ ਚੌਂਕ ਵਿਧਾਨ ਸਭਾ ਦੇ ਮਜਨੂੰ ਕਾ ਟਿੱਲਾ ਇਲਾਕੇ ਦੇ ਲੋਕ ਸ਼ਨੀਵਾਰ ਦੀ ਸ਼ਾਮ ਨੂੰ ਸ਼ਾਇਦ ਹੀ ਭੁੱਲ ਸਕਣਗੇ। ਸ਼ਨੀਵਾਰ ਨੂੰ ਇੱਥੇ ਆਮ ਆਦਮੀ ਪਾਰਟੀ ਦੀ ਵਿਸ਼ਾਲ ਜਨਸਭਾ ਦਾ ਆਯੋਜਨ ਕੀਤਾ ਗਿਆ, ਜਿੱਥੇ ਸਟੇਜ 'ਤੇ ਕੁਝ ਵੱਖਰਾ ਹੀ ਦੇਖਣ ਨੂੰ ਮਿਲਿਆ। ਮਸ਼ਹੂਰ ਗਾਇਕ ਮੀਕਾ ਸਿੰਘ ਅਤੇ ਸੰਸਦ ਮੈਂਬਰ ਰਾਘਵ ਚੱਢਾ ਨੇ ਟੇਲ ਮੀ ਸਮਥਿੰਗ ਸਮਥਿੰਗ÷ ਗਾਇਆ ਤਾਂ ਸਾਰਾ ਮਾਹੌਲ ਸੰਗੀਤਮਈ ਹੋ ਗਿਆ। ਮੀਟਿੰਗ ਵਿੱਚ ਮੌਜੂਦ ਲੋਕਾਂ ਨੇ ਮੀਕਾ ਸਿੰਘ ਦੇ ਸੁਪਰਹਿੱਟ ਗੀਤਾਂ 'ਤੇ ਜ਼ੋਰਦਾਰ ਤਾੜੀਆਂ ਮਾਰੀਆਂ। ਇਸ ਦੇ ਨਾਲ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਇਸ ਸੰਗੀਤਕ ਮਾਹੌਲ ਵਿੱਚ ਪਿੱਛੇ ਨਹੀਂ ਰਹੇ ਅਤੇ ਉਨ੍ਹਾਂ ਨੇ ਮੀਕਾ ਸਿੰਘ ਨਾਲ ਇੱਕ ਗੀਤ ਵੀ ਗਾਇਆ। ਲੋਕਾਂ ਦੇ ਭਾਰੀ ਉਤਸ਼ਾਹ ਨਾਲ ਭਰੀ ਇਸ ਜਨ ਸਭਾ ਨੇ ਮੀਕਾ ਸਿੰਘ ਦੇ ਗੀਤਾਂ ਅਤੇ ਚੋਣ ਚਰਚਾਵਾਂ ਨੇ ਪੂਰੇ ਇਲਾਕੇ ਵਿੱਚ ਵੱਖਰਾ ਮਾਹੌਲ ਪੈਦਾ ਕਰ ਦਿੱਤਾ।

ਚੋਣ ਮੰਚ 'ਤੇ ਸੰਗੀਤ ਦੇ ਵਿਚਕਾਰ ਆਮ ਆਦਮੀ ਪਾਰਟੀ ਦੀਆਂ ਯੋਜਨਾਵਾਂ ਨੂੰ ਲੈ ਕੇ ਕਾਫੀ ਚਰਚਾ ਹੋਈ। ਸਾਂਸਦ ਰਾਘਵ ਚੱਢਾ ਨੇ ਲੋਕਾਂ ਨੂੰ ਸਮਝਾਇਆ ਕਿ ਜੇਕਰ ਉਹ ਝਾੜੂ ਨੂੰ ਵੋਟ ਦਿੰਦੇ ਹਨ ਤਾਂ ਉਹ ਹਰ ਮਹੀਨੇ 25,000 ਰੁਪਏ ਦੀ ਬਚਤ ਕਰਨਗੇ। ਉਨ੍ਹਾਂ ਸਟੇਜ ਤੋਂ ਦਿੱਲੀ ਸਰਕਾਰ ਦੀਆਂ ਸਕੀਮਾਂ ਜਿਵੇਂ ਸਕੂਲ, ਮੁਹੱਲਾ ਕਲੀਨਿਕ, ਮੁਫ਼ਤ ਬਿਜਲੀ-ਪਾਣੀ ਅਤੇ ਔਰਤਾਂ ਲਈ ਮੁਫ਼ਤ ਬੱਸ ਸੇਵਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਾਰੀਆਂ ਸਹੂਲਤਾਂ ਸਿੱਧੇ ਤੌਰ 'ਤੇ ਆਮ ਲੋਕਾਂ ਦੀਆਂ ਜੇਬਾਂ ਵਿੱਚ ਪੈਸੇ ਦੀ ਬੱਚਤ ਕਰ ਰਹੀਆਂ ਹਨ।

ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਸ਼ਨੀਵਾਰ ਨੂੰ ਚਾਂਦਨੀ ਚੌਂਕ ਵਿਧਾਨ ਸਭਾ ਉਮੀਦਵਾਰ ਪੁਨਰਦੀਪ ਸਿੰਘ ਸਾਹਨੀ (ਸਾਬੀ) ਦੇ ਸਮਰਥਨ ਵਿੱਚ ਮਜਨੂੰ ਕਾ ਟਿੱਲਾ ਖੇਤਰ ਵਿੱਚ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕੀਤਾ। ਇਸ ਮੀਟਿੰਗ ਵਿੱਚ ਸੰਸਦ ਮੈਂਬਰ ਰਾਘਵ ਚੱਢਾ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੀ ਮੌਜੂਦ ਸਨ।

ਭਾਰਤ ਮਾਤਾ ਕੀ ਜੈ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਹੋਈ ਸ਼ੁਰੂਆਤ

ਰਾਘਵ ਚੱਢਾ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਭਾਰਤ ਮਾਤਾ ਦੀ ਜੈ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਕੀਤੀ। ਉਨ੍ਹਾਂ ਸਟੇਜ 'ਤੇ ਤਿੰਨਾਂ ਵਿਧਾਨ ਸਭਾ ਹਲਕਿਆਂ ਤੋਂ ਆਏ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਿੱਲੀ ਦੇ ਲੋਕ ਜੋ ਪਿਆਰ ਅਤੇ ਸਮਰਥਨ ਆਮ ਆਦਮੀ ਪਾਰਟੀ ਨੂੰ ਦੇ ਰਹੇ ਹਨ, ਉਹੀ ਸਾਡੀ ਅਸਲ ਤਾਕਤ ਹੈ। ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਤੁਸੀਂ ਝਾੜੂ ਨੂੰ ਵੋਟ ਪਾਓਗੇ ਤਾਂ



ਹਰ ਮਹੀਨੇ ਘੱਟੋ-ਘੱਟ 25 ਹਜ਼ਾਰ ਰੁਪਏ ਤੁਹਾਡੀ ਜੇਬ 'ਚ ਬਚਣਗੇ।

**ਕਿਵੇਂ ਹੋਵੇਗੀ ਹਰ ਮਹੀਨੇ 25,000 ਰੁਪਏ ਬਚਤ ?***

ਸੰਸਦ ਮੈਂਬਰ ਰਾਘਵ ਚੱਢਾ ਨੇ ਸਟੇਜ ਤੋਂ ਇਲਾਕੇ ਦੀ ਵੋਟਰ ਰੀਨਾ ਪਾਂਡੇ ਨੂੰ ਬੁਲਾ ਕੇ ਇਸ ਬੱਚਤ ਦਾ ਗਣਿਤ ਸਮਝਾਇਆ। ਸਟੇਜ ਤੋਂ ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ 'ਆਪ' ਸਰਕਾਰ ਦੀਆਂ ਸਕੀਮਾਂ ਨੇ ਦਿੱਲੀ ਦੇ ਲੱਖਾਂ ਪਰਿਵਾਰਾਂ ਦੀ ਆਰਥਿਕ ਸਥਿਤੀ ਮਜ਼ਬੂਤ ਕੀਤੀ ਹੈ ਅਤੇ ਉਨ੍ਹਾਂ ਨੂੰ ਵਾਧੂ ਖਰਚਿਆਂ ਤੋਂ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੰਜੀਵਨੀ ਸਕੀਮ ਤਹਿਤ ਹਰ ਮਹੀਨੇ 1500 ਰੁਪਏ ਦੀ ਦਵਾਈਆਂ ਦੀ ਲਾਗਤ ਬਚਾਈ ਜਾ ਸਕਦੀ ਹੈ। ਮੁਹੱਲਾ ਕਲੀਨਿਕ ਵਿੱਚ ਮੁਫ਼ਤ ਇਲਾਜ ਅਤੇ ਦਵਾਈਆਂ ਕਰਵਾ ਕੇ 500 ਰੁਪਏ ਦੀ ਬੱਚਤ ਹੁੰਦੀ ਹੈ। ਔਰਤਾਂ ਨੂੰ ਬੱਸ ਯਾਤਰਾ ਸਕੀਮ ਦਾ ਲਾਭ ਮਿਲ ਰਿਹਾ ਹੈ, ਜਿਸ ਕਾਰਨ ਇੱਕ ਔਰਤ ਹਰ ਮਹੀਨੇ ਘੱਟੋ-ਘੱਟ 1000 ਰੁਪਏ ਦੀ ਬਚਤ ਕਰਦੀ ਹੈ।

ਇਸ ਤੋਂ ਇਲਾਵਾ ਮਹਿਲਾ ਸਨਮਾਨ ਯੋਜਨਾ ਤਹਿਤ ਹਰ ਮਹੀਨੇ 6300 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਜੇਕਰ ਪਰਿਵਾਰ ਵਿੱਚ ਤਿੰਨ ਔਰਤਾਂ ਹਨ ਤਾਂ ਇਹ ਬਚਤ 19,900 ਰੁਪਏ ਤੱਕ ਹੋ ਸਕਦੀ ਹੈ। ਇਸ ਤੋਂ ਇਲਾਵਾ, ਬਿਜਲੀ ਅਤੇ ਪਾਣੀ ਦੇ ਬਿੱਲਾਂ ਨੂੰ ਪੂਰੀ ਤਰ੍ਹਾਂ ਮੁਆਫ ਕਰ ਦਿੱਤਾ ਗਿਆ ਹੈ, ਜਿਸ ਨਾਲ ਪ੍ਰਤੀ ਮਹੀਨਾ 3,000 ਤੋਂ 5,000 ਰੁਪਏ ਦੀ ਵਾਧੂ ਰਾਹਤ ਮਿਲਦੀ ਹੈ।

ਰਾਘਵ ਚੱਢਾ ਨੇ ਕਿਹਾ, ÷ਰੀਨਾ ਜੀ, ਤੁਸੀਂ ਖੁਦ ਸੋਚੋ, ਜੇ ਤੁਸੀਂ ਝਾੜੂ ਨੂੰ ਵੋਟ ਪਾਉਂਦੇ ਹੋ, ਤਾਂ ਤੁਹਾਡੇ ਪਰਿਵਾਰ ਨੂੰ ਹਰ ਮਹੀਨੇ ਘੱਟੋ-ਘੱਟ 19,900 ਰੁਪਏ ਦੀ ਬੱਚਤ ਹੋ ਸਕਦੀ ਹੈ। ਅਤੇ ਜੇਕਰ ਇਸ ਨੂੰ ਪੰਜ ਸਾਲ ਭਾਵ 60 ਮਹੀਨਿਆਂ ਵਿੱਚ ਜੋੜਿਆ ਜਾਵੇ ਤਾਂ ਕੁੱਲ ਬਚਤ 12 ਲੱਖ ਰੁਪਏ ਤੋਂ ਵੱਧ ਹੋ ਜਾਵੇਗੀ। ਤਾਂ ਸੋਚੋ, ਕੀ ਤੁਸੀਂ ਇਹ ਲਾਭ ਚਾਹੁੰਦੇ ਹੋ ਜਾਂ ਨਹੀਂ ?÷

**ਸਾਬੀ ਨੂੰ ਜਿਤਾਉਣ ਦੀ ਅਪੀਲ, ਦੋ ਨੰਬਰ ਦਾ ਬਟਨ' ਦਬਾਓ**

ਰਾਘਵ ਚੱਢਾ ਨੇ ਲੋਕਾਂ ਨੂੰ ਕਿਹਾ ਕਿ ਸਾਬੀ ਤੁਹਾਡੇ ਪੁੱਤ ਅਤੇ ਭਰਾ ਵਾਂਗ ਤੁਹਾਡੀ ਸੇਵਾ ਕਰੇਗੀ ਅਤੇ ਦਿੱਲੀ ਦੇ ਹਰ ਮੁਹੱਲੇ, ਹਰ ਗਲੀ ਅਤੇ ਹਰ ਵਾਰਡ ਵਿੱਚ ਵਿਕਾਸ ਦੀ ਗਰੰਟੀ ਦੇਵੇਗੀ। ਉਨ੍ਹਾਂ ਕਿਹਾ, ÷ਮੈਂ ਅਰਵਿੰਦ ਕੇਜਰੀਵਾਲ ਜੀ ਨਾਲ ਗਾਰੰਟੀ ਦਿੰਦਾ ਹਾਂ ਕਿ ਚਾਂਦਨੀ ਚੌਂਕ ਵਿਧਾਨ ਸਭਾ ਵਿੱਚ ਸਾਰੇ ਅਧੂਰੇ ਪਏ ਕੰਮ ਪੂਰੇ ਕੀਤੇ ਜਾਣਗੇ। ਤੁਹਾਨੂੰ ਬੱਸ ਨੰਬਰ ਦੋ 'ਤੇ ਝਾੜੂ ਦਾ ਬਟਨ ਦਬਾਉਣ ਅਤੇ ਸਾਨੂੰ ਪਹਿਲੇ ਨੰਬਰ 'ਤੇ ਲੈ ਕੇ ਆਉਣਾ ਹੈ ਅਤੇ ਜਿੱਤ ਦਿਵਾਉਣੀ ਹੈ।÷

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਟੇਜ ਤੋਂ ਦਿੱਲੀ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ 50 ਹਜ਼ਾਰ ਤੋਂ ਵੱਧ ਨੌਕਰੀਆਂ ਦਿੱਤੀਆਂ ਹਨ ਅਤੇ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਪੂਰੀ ਤਰ੍ਹਾਂ ਮੁਆਫ਼ ਕਰ ਦਿੱਤੇ ਹਨ। ਉਨ੍ਹਾਂ ਦਿੱਲੀ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 'ਆਪ' ਉਮੀਦਵਾਰ ਸੈਬੀ ਨੂੰ ਜਿਤਾਉਣ ਅਤੇ ਦਿੱਲੀ ਵਿੱਚ ਵੀ ਮੁਫਤ ਬਿਜਲੀ, ਮੁਫਤ ਸਿਹਤ ਸਹੂਲਤਾਂ ਅਤੇ ਚੰਗੀ ਸਿੱਖਿਆ ਵਰਗੀਆਂ ਸਕੀਮਾਂ ਨੂੰ ਜਾਰੀ ਰੱਖਣ। ਭਗਵੰਤ ਮਾਨ ਨੇ ਕਿਹਾ, ÷ਮੈਂ ਦਿੱਲੀ 'ਚ ਜਿੱਥੇ ਵੀ ਜਾਂਦਾ ਹਾਂ, ਲੋਕ ਕਹਿੰਦੇ ਹਨ- 'ਫਿਰ ਲਿਆਵਾਂਗੇ ਕੇਜਰੀਵਾਲ' ਕਿਉਂਕਿ ਲੋਕ ਜਾਣਦੇ ਹਨ ਕਿ ਸਿਰਫ 'ਆਪ' ਹੀ ਦਿੱਲੀ ਦਾ ਅਸਲੀ ਵਿਕਾਸ ਕਰਵਾ ਸਕਦੀ ਹੈ।÷ ÷

ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਭਾਜਪਾ ਦਾ ਕੋਈ ਏਜੰਡਾ ਨਹੀਂ, ਕਾਂਗਰਸ ਦਾ ਕੋਈ ਝੰਡਾ ਨਹੀਂ ਅਤੇ ਕੇਜਰੀਵਾਲ ਵਰਗਾ ਕੋਈ ਬੰਦਾ ਨਹੀਂ!

**ਮੀਕਾ ਸਿੰਘ ਅਤੇ ਰਾਘਵ ਚੱਢਾ ਨੇ ਸਟੇਜ 'ਤੇ ਗਾਇਆ ਗਾਣਾ**

ਮੀਟਿੰਗ ਵਿੱਚ ਗਾਇਕ ਮੀਕਾ ਸਿੰਘ ਦੀ ਐਂਟਰੀ ਨੇ ਮਾਹੌਲ ਨੂੰ ਰੌਚਕ ਬਣਾ ਦਿੱਤਾ। ਇਸ ਚੋਣ ਜਨ ਸਭਾ ਦੀ ਸਭ ਤੋਂ ਖਾਸ ਗੱਲ ਉਦੋਂ ਰਹੀ ਜਦੋਂ ਮੀਕਾ ਸਿੰਘ ਨੇ ਸਟੇਜ 'ਤੇ ਗੀਤ ਗਾ ਕੇ ਲੋਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੀਕਾ ਸਿੰਘ ਨਾਲ ਮਿਲ ਕੇ ਗੀਤ ਗਾਇਆ, ਜਿਸ ਕਾਰਨ ਸਮੁੱਚੇ ਇਕੱਠ ਵਿੱਚ ਜੋਸ਼ ਦੁੱਗਣਾ ਹੋ ਗਿਆ। ਮੀਟਿੰਗ ਵਿੱਚ ਹਾਜ਼ਰ ਲੋਕਾਂ ਨੇ ਜ਼ੋਰਦਾਰ ਸੀਟੀਆਂ ਵਜਾਈਆਂ ਅਤੇ ਝਾੜੂ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ। ਮੀਕਾ ਸਿੰਘ ਨੇ ਕਿਹਾ, ਜੇਕਰ ਦਿੱਲੀ ਨੂੰ ਸਾਫ਼ ਸੁਥਰੀ ਸਰਕਾਰ ਚਾਹੀਦੀ ਹੈ ਤਾਂ ਝਾੜੂ ਨੂੰ ਹੀ ਵੋਟ ਦਿਓ।

# ਬਸੰਤ ਪੰਚਮੀ ਮੌਕੇ ਬਾਬਾ ਬੰਸਰੀ ਵਾਲੇ ਅਤੇ ਗੋਦੜੀ ਵਾਲੇ ਤੇ ਲੱਗਿਆ ਵਿਸ਼ਾਲ ਮੇਲਾ



**ਧੂਰੀ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਬੰਸਰੀ ਵਾਲੇ ਅਤੇ ਗੋਦੜੀ ਵਾਲੇ ਬਾਬਾ ਜੀ ਦੇ ਜਗ੍ਹਾ ਦੇ ਉੱਤੇ ਹਰ ਸਾਲ ਬਸੰਤ ਪੰਚਮੀ ਵਾਲੇ ਦੀ। ਧੁਰੀ ਵਿਖੇ ਵਿਸ਼ਾਲ ਮੇਲਾ ਲਗਦਾ ਹੈ ਜਿੱਥੇ ਲੋਕ ਜਿਨ੍ਹਾਂ ਦੀਆ ਮਨੋਕਾਮਨਾ ਪੂਰੀਆਂ ਹੁੰਦੀਆਂ ਹਨ ਅਤੇ ਉਹ ਆਪਣੀਆਂ ਸੁੱਖਾ ਦੇਣ ਲਈ ਇੱਥੇ ਦੂਰੋ ਦੂਰੋਂ ਪਹੁੰਚਦੇ ਹਨ ਇਥੇ ਏਨੀ।ਕੁ ਭੀੜ ਹੁੰਦੀ ਹੈ ਕੇ ਆਪਣੀ ਵਾਰੀ ਦੇ ਇੰਤਜਾਰ ਦੇ ਲਈ ਲੋਕਾਂ ਨੂੰ ਘੰਟਿਆਂ ਤਕ ਲਾਈਨਾਂ ਦੇ ਵਿਚ ਖੜਨਾ ਪੈਂਦਾ ਹੈ ਜਿਸ ਨੂੰ ਦੇਖਦੇ ਹੋਏ ਲੋਕ ਅੱਧੀ ਰਾਤ ਨੂੰ ਹੀ ਆ ਕੇ ਖੜੇ ਹੋ ਜਾਂਦੇ ਹਨ ਅਤੇ ਇਸ ਮੌਕੇ ਸੰਗਤਾਂ ਲਈ ਲੰਗਰ ਵੀ ਅਟੁੱਟ ਵਰਤਾਇਆ ਜਾਂਦਾ ਹੈ। ਇਥੇ ਆਪਣੇ ਘਰ ਦੀ ਸੁੱਖ ਸ਼ਾਂਤੀ ਅਤੇ ਬੱਚਿਆਂ ਨੂੰ ਪਾਉਂਣ ਲਈ ਲੋਕ ਸੁੱਖਾ ਸੁੱਖ ਦੇ ਹਨ ਜਦੋਂ ਆਉਂਦੇ ਸਾਲ ਨੂੰ ਇਹ ਸੁੱਖਾ ਪੂਰੀਆਂ ਹੋ ਜਾਂਦੀਆਂ ਹਨ ਤਾਂ ਲੋਕਾਂ ਢੋਲ ਢਮਾਕੇ ਨਾਲ ਆਪਣੇ ਪਰਿਵਾਰ ਬੱਚਿਆਂ ਨਾਲ ਇੱਥੇ ਆ ਕੇ ਬਾਬਾ ਜੀ ਨੂੰ ਸੋਨੇ ਦੀ ਬੰਸਰੀ ਚਾਂਦੀ ਦੀ ਬੰਸਰੀ ਭੇਂਟ ਕਰਦੇ ਹਨ ਅਤੇ ਮੱਥੇ ਟੇਕਦੇ ਹਨ ਲੋਕ ਦੂਰੋਂ ਦੂਰੋਂ ਇੱਥੇ ਪਹੁੰਚਦੇ ਹਨ ਲੋਕਾਂ ਦਾ ਇਹ ਮੰਨ ਹੈ ਕਿ ਜੋ ਕੋਈ ਵੀ ਇੱਥੋਂ ਸੁੱਖ ਸੁੱਖ ਕੇ ਜਾਂਦਾ ਹੈ ਉਨਾਂ ਦੀਆਂ ਸੁੱਖਾਂ ਪੂਰੀਆਂ ਹੁੰਦੀਆਂ ਹਨ ਇਸ ਮੌਕੇ ਤੇ ਅਲੱਗ ਅਲੱਗ ਸੰਸਥਾਵਾਂ ਵੱਲੋਂ ਇੱਥੇ ਆ ਕੇ ਸੇਵਾ ਕੀਤੀ ਜਾਂਦੀ ਹੈ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰਹਾਂ ਦੀ ਮੁਸ਼ਕਿਲ ਨਾ ਆ ਸਕੇ।

# ਛੱਤਬੀੜ ਚਿੜੀਆਘਰ ਵਿੱਚ ਪਲਟੀ ਈ-ਕਾਰਟ, ਕਈ ਸੈਲਾਨੀ ਜ਼ਖ਼ਮੀ



**ਜ਼ੀਰਕਪੁਰ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਛੱਤਬੀੜ ਚਿੜੀਆਘਰ ਵਿੱਚ ਸੈਲਾਨੀਆਂ ਲਈ ਐਤਵਾਰ ਦਾ ਦਿਨ ਉਸ ਸਮੇਂ ਆਫ਼ਤ ਬਣ ਗਿਆ ਜਦੋਂ ਬੱਚਿਆਂ ਸਮੇਤ ਮਰਦਾਂ ਅਤੇ ਔਰਤਾਂ ਨੂੰ ਚਿੜੀਆਘਰ ਦੀ ਸੈਰ ਲਈ ਲਿਜਾਣ ਲਈ ਵਰਤਿਆ ਜਾਣ ਵਾਲਾ ਈ-ਕਾਰਟ ਪਲਟ ਗਿਆ। ਕਥਿੱਤ ਤੌਰ ਇਹ ਘਟਨਾ ਉਦੋਂ ਵਾਪਰੀ ਜਦੋਂ ਅਚਾਨਕ ਅੱਗੇ ਆਏ ਕਿਸੇ ਈ-ਕਾਰਟ ਚਾਲਕ ਅਚਾਨਕ ਨੂੰ ਬਚਾਉਣ ਲਈ ਡਰਾਈਵਰ ਨੇ ਈ-ਕਾਰਟ ਖੱਬੇ ਪਾਸੇ ਮੁੜ ਦਿੱਤਾ। ਈ-ਕਾਰਟ ਸੜਕ ਤੋਂ 10 ਫੁੱਟ ਹੇਠਾਂ ਡਿੱਗ ਗਈ, ਜਿਸ ਕਾਰਨ ਹਫੜਾ-ਦਫੜੀ ਮਚ ਗਈ ਅਤੇ ਕਈ ਸੈਲਾਨੀਆਂ ਨੂੰ ਸੱਟਾਂ ਵੀ ਲੱਗੀਆਂ ਹਨ। ਇਹ ਘਟਨਾ ਐਤਵਾਰ ਦੁਪਹਿਰ 3 ਵਜੇ ਦੇ ਕਰੀਬ ਵਾਪਰੀ, ਜਦੋਂ ਛੁੱਟੀ ਦਾ ਦਿਨ ਹੋਣ ਕਾਰਨ ਚਿੜੀਆਘਰ ਸੈਲਾਨੀਆਂ ਨਾਲ ਭਰਿਆ ਹੋਇਆ ਸੀ। ਚਿੜੀਆਘਰ ਦੇ ਆਲੇ-ਦੁਆਲੇ ਸੈਲਾਨੀਆਂ ਨੂੰ ਫੇਰੀ ਦੇਣ ਲਈ ਵਰਤਿਆ ਜਾਣ ਵਾਲਾ ਈ-ਕਾਰਟ ਸੈਲਾਨੀਆਂ ਦੇ ਇੱਕ ਸਮੂਹ ਨੂੰ ਲੈ ਕੇ ਜਾ ਰਿਹਾ ਸੀ ਜਦੋਂ ਇਹ ਅਚਾਨਕ ਮੋੜਨ ਕਾਰਨ ਪਲਟ ਕੇ 10 ਫੁੱਟ ਥੱਲੇ ਡਿੱਗ ਗਿਆ। ਚਸ਼ਮਦੀਦਾਂ ਦੇ ਅਨੁਸਾਰ, ਡਰਾਈਵਰ ਨੇ ਇੱਕ ਵਿਅਕਤੀ ਨੂੰ ਟੱਕਰ ਵੱਜਣ ਤੋਂ ਬਚਣ ਦੀ ਕੋਸ਼ਿਸ਼ ਕੀਤੀ ਜੋ ਅਚਾਨਕ ਗੱਡੀ ਦੇ ਸਾਹਮਣੇ ਆ ਗਿਆ ਸੀ, ਜਿਸ ਕਾਰਨ ਗੱਡੀ ਸੰਤੁਲਨ ਗੁਆ ਬੈਠਾ ਅਤੇ ਈ-ਕਾਰਟ ਸੜਕ ਤੋਂ ਥੱਲੇ ਡਿੱਗ ਗਈ। ਇਸ ਹਾਦਸੇ ਵਿੱਚ ਕਈ ਸੈਲਾਨੀ ਜ਼ਖਮੀ ਹੋਏ, ਜਿਨ੍ਹਾਂ ਵਿੱਚ ਬੱਚੇ ਵੀ ਸ਼ਾਮਲ ਸਨ। ਜ਼ਖਮੀਆਂ ਨੂੰ ਤੁਰੰਤ ਇਲਾਜ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ। ਚਿੜੀਆਘਰ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਜ਼ਖਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਲੋੜੀਂਦੀ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਈ-ਕਾਰਟ ਦੇ ਡਰਾਈਵਰ ਤੋਂ ਮਾਮਲੇ ਸੰਬਧੀ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਘਟਨਾ ਨੇ ਸੈਲਾਨੀਆਂ ਵਿੱਚ ਚਿੜੀਆਘਰ ਵਿੱਚ ਸੁਰੱਖਿਆ ਉਪਾਵਾਂ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

ਚਿੜੀਆਘਰ ਦੇ ਅਧਿਕਾਰੀਆਂ ਨੇ ਇੱਕ ਬਿਆਨ ਜਾਰੀ ਕਰਕੇ ਇਸ ਘਟਨਾ 'ਤੇ ਅਫਸੋਸ ਪ੍ਰਗਟ ਕੀਤਾ ਹੈ ਅਤੇ ਸੈਲਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਹੈ ਕਿ ਈ-ਕਾਰਟ ਸੇਵਾ ਅਗਲੇ ਨੋਟਿਸ ਤੱਕ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀ ਜਾਵੇਗੀ। ਚਿੜੀਆਘਰ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਉਹ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਾਰੇ ਜ਼ਰੂਰੀ ਉਪਾਅ ਕਰਨਗੇ। ਉਨ੍ਹਾਂ ਨੇ ਸੈਲਾਨੀਆਂ ਨੂੰ ਚਿੜੀਆਘਰ ਦਾ ਦੌਰਾ ਕਰਦੇ ਸਮੇਂ ਸੁਰੱਖਿਆ ਦਿਸ਼ਾ-ਨਿਰਦੇਸ਼ਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਵੀ ਅਪੀਲ ਕੀਤੀ ਹੈ।

# ਟਰੱਕ ਐਂਡ ਬੱਸ ਬਾਡੀ ਬਿਲਡਰਜ ਐਸੋਸੀਏਸ਼ਨ ਦੀ ਮੀਟਿੰਗ ਹੋਈ



**ਫਤਹਿਗੜ੍ਹ ਸਾਹਿਬ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰੱਕ ਐਂਡ ਬੱਸ ਬਾਡੀ ਬਿਲਡਰਜ ਐਸੋਸੀਏਸ਼ਨ ਸਰਹਿੰਦ ਦੀ ਇੱਕ ਮੀਟਿੰਗ ਨਵ ਨਿਯੁਕਤ ਪ੍ਰਧਾਨ ਤਿਲਕ ਰਾਜ ਦੀ ਅਗਵਾਈ ਦੇ ਵਿੱਚ ਹੋਈ। ਇਸ ਮੌਕੇ ਟਰੱਕ ਐਂਡ ਬੱਸ ਬਾਡੀ ਬਿਲਡਰਜ ਨੇ ਵੱਡੀ ਗਿਣਤੀ ਵਿੱਚ ਮੀਟਿੰਗ ਚ ਹਿੱਸਾ ਲਿਆ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਤਿਲਕ ਰਾਜ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਕਤ ਮੀਟਿੰਗ ਟਰੱਕ ਐਂਡ ਬੱਸ ਬਾਡੀ ਬਿਲਡਰਜ ਨੂੰ ਆ ਰਹੀਆਂ ਸਮੱਸਿਆਵਾਂ ਦੀ ਚਰਚਾ ਲਈ ਰੱਖੀ ਗਈ ਹੈ, ਮੀਟਿੰਗ ਦੇ ਵਿੱਚ ਸਮੱਸਿਆਵਾਂ ਨੂੰ ਵਿਚਾਰਿਆ ਗਿਆ ਅਤੇ ਉਹਨਾਂ ਦੇ ਹੱਲ ਲਈ ਯਤਨ ਕੀਤੇ ਜਾਣਗੇ। ਉਹਨਾਂ ਕਿਹਾ ਕਿ ਸਰਹਿੰਦ ਦੀ ਟਰੱਕ ਅਤੇ ਬੱਸ ਬਾਡੀ ਬਿਲਡਰਜ ਦਾ ਕਾਰੋਬਾਰ ਪੂਰੇ ਇੰਡੀਆ ਦੇ ਵਿੱਚ ਮਸ਼ਹੂਰ ਸੀ, ਵੱਖ-ਵੱਖ ਸੂਬਿਆਂ ਤੋਂ ਟਰੱਕਾਂ ਬੱਸਾਂ ਦੇ ਮਾਲਕ ਇੱਥੇ ਬਾਡੀ ਲਗਵਾਉਣ ਲਈ ਆਉਂਦੇ ਸਨ। ਮਹਿੰਗਾਈ ਦੀ ਮਾਰ ਦੇ ਕਾਰਨ ਇਸ ਕਾਰੋਬਾਰ ਦੇ ਉੱਤੇ ਵਧੇਰੇ ਪ੍ਰਭਾਵ ਪਿਆ। ਟਰੱਕਾਂ ਅਤੇ ਬੱਸਾਂ ਨੂੰ ਬਾਡੀਆਂ ਲਗਾਉਣ ਵਾਲੇ ਮਿਸਤਰੀਆਂ ਦੀ ਘਾਟ ਦੇ ਕਾਰਨ ਵੀ ਕਾਰੋਬਾਰ ਘਟਦਾ ਗਿਆ। ਸਰਕਾਰ ਦੀ ਬੇਰੁਖੀ ਦੇ ਕਾਰਨ ਟਰੱਕ ਐਂਡ ਬੱਸ ਬਾਡੀ ਬਿਲਡਰਜ ਤੇ ਵਧੇਰੇ ਭਰਭਾਵ ਪਿਆ। ਉਹਨਾਂ ਕਿਹਾ ਕਿ ਜੇਕਰ ਸਮੇਂ ਦੀਆਂ ਸਰਕਾਰਾਂ ਇਸ ਕਾਰੋਬਾਰ ਨੂੰ ਉਨਤ ਕਰਨਾ ਚਾਹੁੰਦੀਆਂ ਹਨ ਤਾਂ ਟੈਕਸਾਂ ਦੇ ਵਿੱਚ ਵੱਡੀਆਂ ਰਾਈਤਾਂ ਦੇ ਕੇ ਇਸ ਕਾਰੋਬਾਰ ਨੂੰ ਵਧਾਇਆ ਜਾ ਸਕਦਾ ਹੈ। ਟੈਕਸਾਂ ਦੀ ਮਾਰ ਦੇ ਕਾਰਨ ਨੌਜਵਾਨ ਪੀੜੀ ਵੀ ਇਸ ਕਾਰੋਬਾਰ ਵੱਲ ਆਕਰਸ਼ਿਤ ਨਹੀਂ ਹੋ ਰਹੀ। ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਬਾਡੀ ਬਿਲਡਰਜ ਦੇ ਕਾਰੋਬਾਰ ਨੂੰ ਬਚਾਉਣ ਲਈ ਬਾਡੀ ਬਿਲਡਰਾਂ ਨੂੰ ਟੈਕਸ ਦੇ ਵਿੱਚ ਛੋਟ ਦਿੱਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਸਹਾਰਨ, ਤਰਸੇਮ ਸਿੰਘ, ਧਰਮਿੰਦਰ ਮਾਰਵਾ, ਮਿਹਰ ਪਾਲ ਸਿੰਘ ਵਿੰਕੀ, ਰਜਿੰਦਰ ਕੁਮਾਰ, ਰਾਜ ਕੁਮਾਰ ਰਾਜੂ, ਰਜਿੰਦਰ ਪਾਲ ਡਾਕਟਰ, ਪੱਪੀ, ਕਾਕਾ, ਚਮਨ ਲਾਲ, ਕਰਮ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਾਡੀ ਬਿਲਡਰਸ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ।

# ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

**ਸਮਾਣਾ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਇਕ ਨੌਜਵਾਨ ਨੂੰ ਚੋਰੀ ਦੇ ਮੋਟਰਸਾਈਕਲ ਸਣੇ ਕਾਬੂ ਕਰ ਕੇ ਉਸ ਦੇ ਖਿਲਾਫ ਥਾਣਾ ਸਿਟੀ 'ਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਅਕਾਸ਼ ਕੁਮਾਰ ਵਾਸੀ ਜੱਟਾ ਪੱਤੀ ਵਜੋਂ ਹੋਈ। ਜਿਸ ਨੂੰ ਅਦਾਲਤ 'ਚ ਪੇਸ਼ ਕਰਕੇ ਇਕ ਦਿਨ ਦਾ ਰਿਮਾਂਡ ਹਾਸਲ ਕਰ ਪੁਲੀਸ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ। ਮਾਮਲੇ ਦੇ ਜਾਂਚ ਅਧਿਕਾਰੀ ਜਗਦੀਪ ਸਿੰਘ ਅਨੁਸਾਰ ਉਹ ਜਦੋਂ ਪੁਲੀਸ ਪਾਰਟੀ ਸਣੇ ਤਹਿਸੀਲ ਨੇੜੇ ਗਸ਼ਤ ਕਰ ਰਹੇ ਸਨ ਤਾਂ ਇਸ ਦੌਰਾਨ ਸੂਚਨਾ ਮਿਲੀ ਕਿ ਮੁਲਜ਼ਮ ਚੋਰੀ ਦਾ ਮੋਟਰਸਾਈਕਲ ਵੇਚਣ ਲਈ ਪੰਜਪੀਰ ਅਮਾਮਗੜ੍ਹ ਮੁਹੱਲਾ ਸਮਾਣਾ ਨੇੜੇ ਗਾਹਕ ਦੀ ਉਡੀਕ ਕਰ ਰਿਹਾ ਹੈ। ਇਸ ਸੰਬਧੀ ਮਿਲੀ ਗੁਪਤ ਸੂਚਨਾ 'ਤੇ ਕਾਰਵਾਈ ਕਰਕੇ ਮੁਲਜ਼ਮ ਨੂੰ ਚੋਰੀ ਕੀਤੇ ਮੋਟਰਸਾਈਕਲ ਸਣੇ ਕਾਬੂ ਕਰ ਲਿਆ।

ਅਧਿਕਾਰੀ ਅਨੁਸਾਰ ਮੁਲਜ਼ਮ ਦੇ ਖਿਲਾਫ ਚੋਰੀ ਦੇ 5-6 ਮਾਮਲੇ ਪਹਿਲਾਂ ਵੀ ਦਰਜ ਹਨ। ਮੁੱਢਲੀ ਪੁੱਛ-ਗਿੱਛ ਦੌਰਾਨ ਮੁਲਜ਼ਮ ਨੇ ਮੰਨਿਆ ਕਿ ਉਹ ਨਸ਼ਾ ਪੂਰਤੀ ਲਈ ਚੋਰੀ ਦੀਆਂ ਵਾਰਦਾਤਾਂ ਕਰਦਾ ਹੈ।

# ਰੂਪਨਗਰ ਪੁਲਿਸ ਵੱਲੋਂ ਚਾਈਨਾ ਡੋਰ ਖਿਲਾ.ਫ ਕਾਰਵਾਈ ਕਰਦਿਆਂ 150 ਰੋਲਾਂ ਦੀ ਖੇਪ ਕੀਤੀ ਬਰਾਮਦ



**ਰੂਪ ਨਗਰ, 4 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਪਨਗਰ ਪੁਲਿਸ ਚਾਈਨਾ ਡੋਰ ਦੀ ਵਰਤੋਂ ਨੂੰ ਰੋਕਣ ਲਈ ਸਖਤੀ ਨਾਲ ਕਾਰਵਾਈ ਕਰਦੀ ਹੋਈ ਦਿਖਾਈ ਦੇ ਰਹੀ ਹੈ ਤੇ ਅੱਜ ਲਗਭਗ 150 ਦੇ ਕਰੀਬ ਰੋਲਾਂ ਦੀ ਖੇਪ ਰੂਪਨਗਰ ਪੁਲਿਸ ਵੱਲੋਂ ਬਰਾਮਦ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸਐਚਓ ਥਾਣਾ ਸਿਟੀ ਰੂਪਨਗਰ ਸ਼੍ਰੀ ਪਵਨ ਚੌਧਰੀ ਨੇ ਦੱਸਿਆ ਕਿ 4 ਲੋਕਾਂ ਨੂੰ ਚਾਈਨਾ ਡੋਰ ਸਮੇਤ ਕਾਬੂ ਕੀਤਾ ਹੈ ਜਿਨ੍ਹਾਂ ਵਿੱਚ ਜਗਦੀਸ਼ ਵਸਨੀਕ ਕਾਲਜ ਰੋਡ ਰੋਪੜ, ਮੌਂਟੀ ਵਾਸੀ ਮੁਹੱਲਾ ਫੂਲ ਚੱਕਰ ਰੂਪਨਗਰ, ਭਜਨ ਸਿੰਘ ਵਾਸੀ ਬਹਿਰਾਮਪੁਰ ਕਲੋਨੀ ਸਿੰਘ ਭਗਵੰਤਪੁਰ ਅਤੇ ਭੋਲਾ ਵਾਸੀ ਪਿਆਰਾ ਸਿੰਘ ਕਲੋਨੀ ਰੂਪਨਗਰ ਨੂੰ ਡੋਰ ਸਮੇਤ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਖਿਲਾ.ਫ ਵਾਤਵਰਨ ਸੁਰੱਖਿਆ ਐਕਟ ਤੇ ਜੰਗਲੀ ਜੀਵ ਸੁਰੱਖਿਆ ਐਕਟ ਤੇ ਹੋਰ ਧਰਾਵਾਂ ਸ਼ਾਮਿਲ ਕਰਕੇ ਗੈਰ ਜਮਾਨਤੀ ਧਾਰਾਵਾਂ ਲਗਾਈਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਅੱਜ ਬਸੰਤ ਵਾਲੇ ਦਿਨ ਚਾਈਨਾ ਡੋਰ ਨਾਲ ਪਤੰਗਬਾਜ਼ੀ ਕਰ ਰਹੇ ਲੋਕਾਂ ਤੇ ਵੀ ਕਾਰਵਾਈ ਕੀਤੀ ਜਾਵੇਗੀ, ਉਨ੍ਹਾਂ ਕਿਹਾ ਕਿ ਅੱਜ ਬਸੰਤ ਦੇ ਤਿਉਹਾਰ ਦੇ ਮੱਦਨਜ਼ਰ ਸਿਟੀ ਪੁਲਿਸ ਵੱਲੋਂ 8 ਦੇ ਲਗਭਗ ਟੀਮਾਂ ਦਾ ਗਠਨ ਕੀਤਾ ਜਾ ਚੁੱਕਾ ਹੈ ਅਤੇ ਡਰੋਨ ਦੇ ਨਾਲ ਵੀ ਚਾਈਨਾ ਡੋਰ ਦੀ ਵਰਤੋਂ ਕਰਨ ਵਾਲਿਆਂ ਤੇ ਨਜ਼ਰ ਰੱਖੀ ਜਾਵੇਗੀ।

ਸ਼੍ਰੀ ਪਵਨ ਚੌਧਰੀ ਨੇ ਦੱਸਿਆ ਕਿ ਹੁਣ ਤੱਕ ਰੂਪਨਗਰ ਪੁਲਿਸ ਵੱਲੋਂ 350 ਦੇ ਕਰੀਬ ਚਾਈਨਾ ਡੋਰ ਦੇ ਗੱਟੂ ਪੁਲਿਸ ਵੱਲੋਂ ਫੜਕੇ ਮੁਕੱਦਮਾ ਦਰਜ ਕੀਤਾ ਜਾ ਚੁੱਕਾ ਹੈ।

# ਹਵਾ ਪ੍ਰਦੂਸ਼ਣ ਦਿਲ ਲਈ ਬੇਹੱਦ ਖ਼ਤਰਨਾਕ

**ਸਰਦੂਲ ਸਿੰਘ**

ਪ੍ਰਸਿੱਧ ਕਾਰਡੀਓਲਿਜੀ ਦੇ ਡਾਇਰੈਕਟਰ ਅਤੇ ਕਾਰਡੀਓਲੋਜਿਸਟ ਡਾ. ਧੀਮਾਨ ਕਹਾਲੀ ਨੇ ਹਵਾ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਦਿਲ ਦੀਆਂ ਬੀਮਾਰੀਆਂ, ਜੀਵਨ-ਸ਼ੈਲੀ ਦੇ ਪਹਿਲੂਆਂ ਅਤੇ ਆਉਣ ਵਾਲੀਆਂ ਆਧੁਨਿਕ ਇਲਾਜ ਸਹੂਲਤਾਂ ਵਰਗੇ ਵਿਆਪਕ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਅਸੀਂ ਉਨ੍ਹਾਂ ਦੇ ਸ਼ਬਦਾਂ ਤੋਂ ਉਭਰ ਕੇ ਸਾਹਮਣੇ ਆਏ ਤੱਥਾਂ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਹਵਾ ਪ੍ਰਦੂਸ਼ਣ ਦਿਲ ਦੀ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਇਸ ਬਾਰੇ ਉਨ੍ਹਾਂ ਕਿਹਾ, ਦਰਅਸਲ, ਬਾਰੀਕ ਕਣ ਪਦਾਰਥ (ਪੀ. ਐੱਮ. 2.5), ਨਾਈਟ੍ਰੋਜਨ ਡਾਈਆਕਸਾਈਡ (ਐੱਨ. ਓ. 2) ਅਤੇ ਹੋਰ ਪ੍ਰਦੂਸ਼ਕ ਦਿਲ ਦੇ ਦੌਰੇ, ਸਟ੍ਰੋਕ ਅਤੇ ਕ੍ਰੋਨਿਕ ਹਾਰਟ ਫੇਲੀਅਰ ਵਰਗੀਆਂ ਸਥਿਤੀਆਂ ਦੇ ਵਿਕਾਸ ਅਤੇ ਜੋਖਮ ਨਾਲ ਜੁੜੇ ਹੋਏ ਹਨ। ਇਨ੍ਹਾਂ ਨੁਕਸਾਨਦੇਹ ਪਦਾਰਥਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿਚ ਰਹਿਣ ਨਾਲ ਸੋਜ, ਆਕਸੀਡੇਟਿਵ ਤਣਾਅ ਅਤੇ ਨਾੜੀਆਂ ਨੂੰ ਨੁਕਸਾਨ ਹੋ ਸਕਦਾ ਹੈ, ਜੋ ਅੰਤ ਵਿਚ ਦਿਲ ਦੀ ਸਿਹਤ ਨਾਲ ਸਮਝੌਤਾ ਕਰਦਾ ਹੈ। ਹਵਾ ਪ੍ਰਦੂਸ਼ਣ ਦਿਲ ਦੀ ਸਿਹਤ ਲਈ ਇਕ ਘਾਤਕ ਖ਼ਤਰਾ ਹੈ, ਜੋ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਕਣ ਪਦਾਰਥ ਅਤੇ ਨਾਈਟ੍ਰੋਜਨ ਡਾਈਆਕਸਾਈਡ ਅਤੇ ਸਲਫਰ ਡਾਈਆਕਸਾਈਡ ਵਰਗੇ ਪ੍ਰਦੂਸ਼ਕਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿਚ ਰਹਿਣ ਨਾਲ ਪ੍ਰਣਾਲੀਗਤ ਸੋਜਸ਼, ਆਕਸੀਡੇਟਿਵ ਤਣਾਅ ਅਤੇ ਐਂਡੋਥੈਲੀਅਲ ਡਿਸਫੰਕਸ਼ਨ ਹੁੰਦਾ ਹੈ, ਜੋ ਅਖੀਰ ਦਿਲ ਦੇ ਰੋਗਾਂ ਦਾ ਕਾਰਨ ਬਣਦਾ ਹੈ। ਇਸ ਜੋਖਮ ਨੂੰ ਘਟਾਉਣ ਲਈ ਇਕ ਬਹੁ-ਪੱਖੀ ਪਹੁੰਚ ਦੀ ਲੋੜ ਹੈ-ਹਵਾ ਦੀ ਗੁਣਵੱਤਾ ਵਿਚ ਸੁਧਾਰ, ਜਨਤਕ ਜਾਗਰੂਕਤਾ ਵਧਾਉਣਾ ਅਤੇ ਦਿਲ ਦੇ ਜੋਖਮਾਂ ਦਾ ਜਲਦੀ ਪਤਾ ਲਗਾਉਣਾ। ਐਂਜੀਓਪਲਾਸਟੀ ਅਤੇ ਪੇਰੀਫਿਰਲ ਵੈਸਕੁਲਰ ਇਲਾਜ ਸਮੇਤ ਦਖਲਅੰਦਾਜ਼ੀ ਵਿਚ ਤਰੱਕੀ ਹੋਏ ਨੁਕਸਾਨ ਨੂੰ ਪੂਰਾ ਕਰ ਸਕਦੀ ਹੈ, ਪਰ ਰੋਕਥਾਮ ਬਹੁਤ ਮਹੱਤਵਪੂਰਨ ਹੈ। ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਦਿਲ ਦੀ ਸਿਹਤ ਦੀ ਰੱਖਿਆ ਲਈ ਫੈਸਲਾਕੁੰਨ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ। ਕ੍ਰੋਨਿਕ ਹਾਰਟ ਫੇਲੀਅਰ (ਐੱਚ. ਐੱਫ.) ਨੂੰ ਦਿਲ ਰਾਹੀਂ ਸਰੀਰ ਦੇ ਵੱਖ-ਵੱਖ ਟਿਸ਼ੂਆਂ ਨੂੰ ਕਾਫ਼ੀ ਖੂਨ ਪੰਪ ਕਰਨ ਦੀ ਅਯੋਗਤਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਜੋ ਉਹ ਆਪਣੇ ਆਮ ਕਾਰਜ ਕਰ ਸਕਣ। ਇਸ ਲਈ ਇਹ ਵਿਆਪਕ ਅਰਥਾਂ ਵਿਚ ਦਿਲ ਦੀ ਅਸਫਲਤਾ ਹੈ। ਬਹੁਤ ਸਾਰੇ ਮਰੀਜ਼ ਸਾਹ ਫੁੱਲਣ ਜਾਂ ਸਾਹ ਲੈਣ 'ਚ ਤਕਲੀਫ ਦੀ ਸ਼ਿਕਾਇਤ ਕਰਦੇ ਹਨ। ਸਾਹ ਚੜ੍ਹਨਾ ਜਾਂ ਛਾਤੀ ਵਿਚ ਭਾਰੀਪਨ, ਪੇਟ ਵਿਚ ਭਾਰੀਪਨ, ਪੈਰਾਂ ਵਿਚ ਸੋਜ, ਚਿਹਰੇ 'ਤੇ ਸੋਜ ਦੀਆਂ ਸ਼ਿਕਾਇਤਾਂ ਬਹੁਤ ਆਮ ਹਨ। ਛਾਤੀ 'ਚ ਭਾਰੀਪਨ ਜਾਂ ਘਬਰਾਹਟ ਆਦਿ ਤੋਂ ਇਲਾਵਾ ਇਹ ਕੁਝ ਆਮ ਲੱਛਣ ਹਨ। ਐੱਚ. ਐੱਫ. ਆਮ ਹੈ। ਅਮਰੀਕਾ ਵਿਚ ਵੀ ਅਜਿਹੇ ਮਾਮਲਿਆਂ ਦੀ ਗਿਣਤੀ 60 ਤੋਂ 70 ਲੱਖ ਹੈ ਅਤੇ ਕੁਝ ਸਾਲਾਂ ਵਿਚ ਇਹ 1 ਕਰੋੜ ਨੂੰ ਛੂਹ ਜਾਵੇਗੀ। ਔਰਤਾਂ ਵਿਚ ਹਾਰਟ ਫੇਲੀਅਰ ਦੀਆਂ ਘਟਨਾਵਾਂ ਮਰਦਾਂ ਦੇ ਮੁਕਾਬਲੇ ਜ਼ਿਆਦਾ ਹਨ, ਕਿਉਂਕਿ ਔਰਤਾਂ ਦੀ ਉਮਰ ਵਧ ਰਹੀ ਹੈ ਅਤੇ ਇਹ ਸਮਾਜ ਵਿਚ ਵੀ ਵਧ ਰਿਹਾ ਹੈ ਕਿਉਂਕਿ ਸਾਡੀ ਲੰਬੀ ਉਮਰ ਵੀ ਵਧ ਰਹੀ ਹੈ ਅਤੇ ਬਜ਼ੁਰਗ ਆਬਾਦੀ ਵਿਚ ਕਈ ਸਹਿ-ਰੋਗ ਵਾਲੀਆਂ ਸਥਿਤੀਆਂ ਹਨ। ਹਾਰਟ ਫੇਲੀਅਰ ਦੀਆਂ ਤਿੰਨ ਜਾਂ ਚਾਰ ਕਿਸਮਾਂ ਹਨ। 1. ਘੱਟ ਅਸਵੀਕਾਰ ਅੰਸ਼ ਨਾਲ ਹਾਰਟ ਫੇਲੀਅਰ, ਜਿੱਥੇ ਦਿਲ ਕੁਸ਼ਲਤਾ ਨਾਲ ਪੰਪ ਨਹੀਂ ਕਰਦਾ ਅਤੇ ਦਿਲ ਫੇਲ ਜਾਂਦਾ ਹੈ ਅਤੇ ਸਹੀ ਢੰਗ ਨਾਲ ਸੁੰਗੜਦਾ ਨਹੀਂ ਹੈ। ਇਸ ਲਈ ਇਹ ਇਕ ਬਹੁਤ ਹੀ ਖ਼ਤਰਨਾਕ ਬੀਮਾਰੀ ਹੈ ਅਤੇ ਇਕ ਅਜਿਹੀ ਸਥਿਤੀ ਨੂੰ ਦਰਸਾਉਂਦੀ ਹੈ ਜੋ ਦਿਲ ਦੇ ਆਮ ਪੰਪਿੰਗ ਕਾਰਜ ਨਾਲ ਜੁੜੀ ਹੋਈ ਹੈ। ਐੱਚ. ਐੱਫ. ਦਾ ਸਹੀ ਕਾਰਨ ਦਾ ਪਤਾ ਲਗਾਉਣਾ ਸੰਭਵ ਨਹੀਂ ਹੈ। ਇਹ ਖੂਨ ਦੀ ਪੰਪਿੰਗ ਦੀ ਅਕੁਸ਼ਲਤਾ ਕਾਰਨ ਹੁੰਦਾ ਹੈ ਅਤੇ ਇਸ ਨੂੰ ਇੰਟਰਮੀਡੀਏਟ ਇਜੈਕਸ਼ਨ ਫਰੈਕਸ਼ਨ ਦੇ ਨਾਲ ਦਿਲ ਦੀ ਅਸਫਲਤਾ ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਇਜੈਕਸ਼ਨ ਫਰੈਕਸ਼ਨ 20 ਤੋਂ 25 ਫੀਸਦੀ ਸੀ ਅਤੇ ਕਈ ਵਾਰ ਇਹ 50-60 ਫੀਸਦੀ ਤੱਕ ਸੁਧਰ ਜਾਂਦਾ ਹੈ। ਇਸ ਮਾਮਲੇ ਵਿਚ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬਿਹਤਰ ਇਜੈਕਸ਼ਨ ਫਰੈਕਸ਼ਨ ਵਾਲੇ ਮਰੀਜ਼ਾਂ ਨੂੰ ਬਹੁਤ ਜ਼ਿਆਦਾ ਭੋਜਨ ਜਾਂ ਵੱਡੀ ਮਾਤਰਾ ਵਿਚ ਭੋਜਨ ਨਹੀਂ ਖਾਣਾ ਚਾਹੀਦਾ। ਹਾਈ ਬਲੱਡ ਪ੍ਰੈਸ਼ਰ ਤੋਂ ਗ੍ਰਸਤ ਦਿਲ ਦੀ ਬੀਮਾਰੀ ਇਕ ਹੋਰ ਆਮ ਕਾਰਨ ਹੈ। ਗਠੀਏ ਦੀ ਦਿਲ ਦੀ ਬੀਮਾਰੀ ਇਕ ਅਜਿਹੀ ਸਥਿਤੀ ਹੈ ਜਿਸ ਵਿਚ ਗਠੀਏ ਦੇ ਬੁਖਾਰ ਕਾਰਨ ਦਿਲ ਦੇ ਵਾਲਵ ਸਥਾਈ ਤੌਰ 'ਤੇ ਖਰਾਬ ਹੋ ਜਾਂਦੇ ਹਨ। ਗਠੀਏ ਦਾ ਬੁਖਾਰ ਇਕ ਸੋਜਸ਼ ਵਾਲੀ ਬੀਮਾਰੀ ਹੈ ਜੋ ਬਹੁਤ ਸਾਰੇ ਜੋੜਨ ਵਾਲੇ ਟਿਸ਼ੂਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਖਾਸ ਕਰ ਕੇ ਦਿਲ ਵਿਚ। ਇਲਾਜ ਨਾ ਕੀਤੀ ਗਈ ਜਾਂ ਘੱਟ ਇਲਾਜ ਕੀਤੀ ਗਈ ਸਟ੍ਰੈਪ ਇਨਫੈਕਸ਼ਨ ਇਕ ਵਿਅਕਤੀ ਨੂੰ ਵਧੇਰੇ ਜੋਖਮ ਵਿਚ ਪਾਉਂਦੀ ਹੈ। ਐੱਚ. ਐੱਫ. ਇਲਾਜ ਕਰਦੇ ਸਮੇਂ ਇਹ ਨਿਰਧਾਰਤ ਕਰਨਾ ਮਹੱਤਵਪੂਰਨ ਹੁੰਦਾ ਹੈ ਕਿ ਇਹ ਸਾਹ ਚੜ੍ਹਨਾ ਹੈ ਜਾਂ ਪੁਰਾਣੀ ਰੁਕਾਵਟ ਵਾਲੇ ਫੇਫੜਿਆਂ ਦੀ ਬੀਮਾਰੀ (ਕ੍ਰੋਨਿਕ ਆਬਸਟ੍ਰੱਕਟਿਵ ਲੰਗ ਡਿਜ਼ੀਜ਼/ਸੀ. ਓ. ਐੱਲ. ਡੀ.) ਹੈ। ਅਸੀਂ ਦੋਵਾਂ ਵਿਚਕਾਰ ਕਈ ਤਰੀਕਿਆਂ ਨਾਲ ਫਰਕ ਕਰ ਸਕਦੇ ਹਾਂ, ਜਿਵੇਂ ਕਿ ਬੈੱਡਸਾਈਡ ਈਕੋ-ਕਾਰਡੀਓਗ੍ਰਾਮ, ਛਾਤੀ ਦਾ ਐਕਸ-ਰੇ ਅਤੇ ਐੱਨ. ਟੀ. ਪ੍ਰੋ. ਬੀ., ਐੱਨ. ਪੀ. ਪ੍ਰੋ.। ਇਹ ਦੋਵੇਂ ਬਹੁਤ ਹੀ ਸੰਵੇਦਨਸ਼ੀਲ ਹਨ ਅਤੇ ਜੇਕਰ ਇਹ ਵਧੇ ਹੋਏ ਹਨ ਤਾਂ



ਇਹ ਦਿਲ ਦੀ ਅਸਫਲਤਾ ਦੇ ਲੱਛਣਾਂ ਅਤੇ ਸੰਕੇਤਾਂ ਨੂੰ ਦਰਸਾਉਂਦੇ ਹਨ। ਇਹ ਆਮ ਤੌਰ 'ਤੇ ਮੱਧ-ਉਮਰ ਅਤੇ ਬਜ਼ੁਰਗ ਵਿਅਕਤੀਆਂ ਵਿਚ ਹੁੰਦਾ ਹੈ। ਦੁਖਾਂਤ ਇਹ ਹੈ ਕਿ ਸਾਡੇ ਦੇਸ਼ ਵਿਚ ਅਸੀਂ ਇਸ ਨੂੰ ਘੱਟ ਉਮਰ ਸਮੂਹਾਂ ਦੇ ਮਰੀਜ਼ਾਂ ਵਿਚ ਵੀ ਦੇਖਦੇ ਹਾਂ। ਕਈ ਵਾਰ ਸਾਨੂੰ 21 ਸਾਲ ਦੀ ਉਮਰ ਵਿਚ ਵੀ ਦਿਲ ਦੇ ਦੌਰੇ ਦੇ ਮਰੀਜ਼ ਮਿਲਦੇ ਹਨ। ਇੱਥੇ ਮੈਂ ਇਹ ਦੱਸਣਾ ਚਾਹਾਂਗਾ ਕਿ ਸਾਡੇ ਮਰੀਜ਼ ਹਸਪਤਾਲ ਬਹੁਤ ਦੇਰ ਨਾਲ ਆਉਂਦੇ ਹਨ ਅਤੇ ਸਿਫ਼ਾਰਸ਼ ਅਨੁਸਾਰ ਨਹੀਂ, ਭਾਵ ਵੱਧ ਤੋਂ ਵੱਧ 2 ਤੋਂ 3 ਘੰਟਿਆਂ ਦੇ ਅੰਦਰ। ਕਈ ਵਾਰ, ਐੱਚ. ਐੱਫ. ਰੁਕਾਵਟ ਵਾਲੀ ਨੀਂਦ ਦੀ ਬੀਮਾਰੀ ਨਾਲ ਜੁੜਿਆ ਹੁੰਦਾ ਹੈ ਅਤੇ ਇਸ ਲਈ ਰਾਤ ਦੀ ਨੀਂਦ ਦੇ ਵਿਸ਼ਲੇਸ਼ਣ ਦੀ ਲੋੜ ਹੁੰਦੀ ਹੈ। ਅਸੀਂ ਭਾਰਤੀ ਕਿਸੇ ਵੀ ਹੋਰ ਦੇਸ਼ ਨਾਲੋਂ ਇਸਕੈਮਿਕ ਦਿਲ ਦੀ ਬੀਮਾਰੀ ਤੋਂ ਜ਼ਿਆਦਾ ਪੀੜਤ ਹਾਂ। ਇਸ ਦਾ ਕਾਰਨ ਚਾਰ ਬਹੁਤ ਹੀ ਮਾੜੇ ਜੀਵਨ-ਸ਼ੈਲੀ ਸੋਧ ਉਪਾਅ ਹਨ ਜਿਵੇਂ ਕਿ- ਅਸੀਂ ਬਹੁਤ ਜ਼ਿਆਦਾ ਖਾਂਦੇ ਹਾਂ ਅਤੇ ਇਸ ਵਿਚ ਪਰਾਂਠਾ ਅਤੇ ਸਮੋਸਾ ਆਦਿ ਵਰਗੇ ਡੂੰਘੇ ਤਲੇ ਹੋਏ ਭੋਜਨ ਸ਼ਾਮਲ ਹਨ ਅਤੇ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਨਾ ਸਿਰਫ਼ ਮਾੜੀਆਂ ਹਨ, ਸਗੋਂ ਉਨ੍ਹਾਂ ਵਿਚ ਫਾਈਬਰ ਵੀ ਘੱਟ ਹੈ, ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਘਾਟ ਹੈ ਅਤੇ ਤਲੇ ਹੋਏ ਭੋਜਨ ਸ਼ਾਮਲ ਹਨ ਅਤੇ ਫਿਰ ਅਸੀਂ ਬਹੁਤ ਘੱਟ ਕਸਰਤ ਕਰਦੇ ਹਾਂ। ਸਾਡੇ ਵਿਚੋਂ ਜ਼ਿਆਦਾਤਰ ਲੋਕ ਕਸਰਤ ਨਹੀਂ ਕਰਦੇ। ਬਹੁਤ ਸਾਰੇ ਲੋਕ ਸਿਗਰਟ ਪੀਂਦੇ ਹਨ ਅਤੇ ਇਹ ਛੋਟੀ ਉਮਰ ਵਿਚ ਦਿਲ ਦੇ ਦੌਰੇ ਦਾ ਇਕ ਬਹੁਤ ਹੀ ਆਮ ਕਾਰਨ ਹੈ। ਨਾਲ ਹੀ, ਸਮਾਜ ਵਿਚ ਮੋਟਾਪਾ ਬਹੁਤ ਵਧ ਗਿਆ ਹੈ, ਕਈ ਵਾਰ ਇਹ ਮੰਨਿਆ ਜਾਂਦਾ ਹੈ ਕਿ ਇਹ ਦਿਲ ਨਾਲ ਸਬੰਧਤ ਨਹੀਂ। ਅਤੇ ਦੇਰੀ ਦਿਲ ਨੂੰ ਬਹੁਤ ਨੁਕਸਾਨ ਪਹੁੰਚਾਉਂਦੀ ਹੈ। ਯਾਦ ਰੱਖੋ ਕਿ ਪਹਿਲੇ 2-3 ਘੰਟਿਆਂ ਨੂੰ ਗੋਲਡਨ ਆਵਰ (ਸੁਨਹਿਰੀ ਸਮਾਂ) ਕਿਹਾ ਜਾਂਦਾ ਹੈ। ਬਦਕਿਸਮਤੀ ਨਾਲ ਬਹੁਤ ਸਾਰੇ ਮਰੀਜ਼ ਬਹੁਤ ਦੇਰ ਨਾਲ ਪਹੁੰਚਦੇ ਹਨ, ਕਈ ਵਾਰ 6 ਤੋਂ 12 ਘੰਟਿਆਂ ਬਾਅਦ, ਭਾਵ ਕਿ ਦਿਲ ਦੀਆਂ ਮਾਸਪੇਸ਼ੀਆਂ ਨੂੰ ਪੂਰੀ ਤਰ੍ਹਾਂ ਨੁਕਸਾਨ ਪੁੱਜਣ ਪਿੱਛੋਂ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਮਰੀਜ਼ਾਂ ਨੂੰ ਪਹਿਲੇ 2-3 ਘੰਟਿਆਂ ਦੇ ਅੰਦਰ ਹਸਪਤਾਲ ਪਹੁੰਚਾਇਆ ਜਾਵੇ ਤਾਂ ਦਿਲ ਦੇ ਦੌਰੇ ਨਾਲ ਹੋਣ ਵਾਲੀਆਂ 50 ਫੀਸਦੀ ਮੌਤਾਂ ਤੋਂ ਬਚਿਆ ਜਾ ਸਕਦਾ ਹੈ।

## ਪੰਜਾਬ ਵਿਚ ਹੋਣ ਜਾ ਰਹੀ ਵੱਡੀ ਕਾਰਵਾਈ, ਤਿਆਰ ਕੀਤੀ ਗਈ ਸੂਚੀ

ਚੰਡੀਗੜ੍ਹ 4 ਫਰਵਰੀ। ਪੰਜਾਬ ਪੁਲਸ ਉਨ੍ਹਾਂ ਗੈਂਗਸਟਰਾਂ ਅਤੇ ਅਪਰਾਧੀਆਂ ਵਿਰੁੱਧ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ ਜਿਨ੍ਹਾਂ ਨੂੰ ਦੂਜੇ ਸੂਬਿਆਂ ਦੀ ਪੁਲਸ ਨੇ ਰਿਮਾਂਡ 'ਤੇ ਲਿਆ ਸੀ ਪਰ ਉਸ ਤੋਂ ਬਾਅਦ ਉਹ ਪੰਜਾਬ ਵਾਪਸ ਨਹੀਂ ਆਏ। ਸੂਤਰਾਂ ਮੁਤਾਬਕ ਪੰਜਾਬ ਪੁਲਸ ਨੇ ਲਗਭਗ 46 ਅਜਿਹੇ ਗੈਂਗਸਟਰਾਂ ਮੁਲਜ਼ਮਾਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਨੂੰ ਪੰਜਾਬ ਲਿਆਂਦਾ ਜਾਵੇਗਾ। ਮੁਲਜ਼ਮਾਂ ਨੂੰ ਪੰਜਾਬ ਲੈ ਕੇ ਆਉਣ ਲਈ ਬਕਾਇਦਾ ਪ੍ਰਕਿਰਿਆ ਵੀ ਜਲਦੀ ਹੀ ਸ਼ੁਰੂ ਹੋਵੇਗੀ।



ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਗੈਂਗਸਟਰਾਂ ਵਿਚ 22 ਲਾਰੈਂਸ-ਗੋਲਡੀ ਬਰਾੜ ਗੈਂਗ ਨਾਲ, 10 ਦਵਿੰਦਰ ਬੰਬੀਹਾ ਲੱਕੀ ਪਟਿਆਲਾ ਗੈਂਗ ਨਾਲ, 8 ਹਰਵਿੰਦਰ ਰਿੰਦਾ-ਲਖਵੀਰ ਲੰਡਾ ਗੈਂਗ ਨਾਲ, 4 ਜੱਗੂ ਭਗਵਾਨਪੁਰੀਆ ਨਾਲ ਅਤੇ 4 ਹੈਰੀ ਚੱਠਾ ਗੈਂਗ ਨਾਲ ਜੁੜੇ ਹੋਏ ਹਨ। ਸੀਨੀਅਰ ਪੁਲਸ ਅਧਿਕਾਰੀਆਂ ਅਨੁਸਾਰ ਇਹ ਸਾਰੇ ਦੋਸ਼ੀ ਕਤਲ ਅਤੇ ਜ਼ਬਰਨ ਵਸੂਲੀ ਵਰਗੇ ਮਾਮਲਿਆਂ ਵਿਚ ਸ਼ਾਮਲ ਹਨ। ਉਨ੍ਹਾਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਜਾਰੀ ਹੈ। ਉਨ੍ਹਾਂ ਨੂੰ ਦੂਜੇ ਸੂਬਿਆਂ ਦੀਆਂ ਜੇਲ੍ਹਾਂ ਤੋਂ ਰਿਮਾਂਡ 'ਤੇ ਲਿਆ ਗਿਆ ਸੀ। ਅਜਿਹੀ ਸਥਿਤੀ ਵਿਚ ਉਹ ਪੰਜਾਬ ਪੁਲਸ ਤੋਂ ਬਚ ਗਏ ਹਨ ਪਰ ਉਹ ਜੇਲ੍ਹਾਂ ਤੋਂ ਹੀ ਆਪਣਾ ਸਿੰਡੀਕੇਟ ਚਲਾ ਰਹੇ ਹਨ। ਇਸ ਦੇ ਨਾਲ ਹੀ ਹੁਣ ਪੁਲਸ ਨੇ ਇਨ੍ਹਾਂ ਮੁਲਜ਼ਮਾਂ ਨੂੰ ਆਪਣੀਆਂ ਜੇਲ੍ਹਾਂ ਵਿਚ ਲਿਆਉਣ ਦੀਆਂ ਤਿਆਰੀਆਂ ਕਰ ਲਈਆਂ ਹਨ। ਪੁਲਸ ਕੋਲ ਜੇਲ੍ਹਾਂ ਤੋਂ ਅਪਰਾਧ ਵਿਚ ਉਨ੍ਹਾਂ ਦੀ ਸ਼ਮੂਲੀਅਤ ਦੇ ਸਬੂਤ ਹਨ। ਇਸ ਲਈ ਸਾਰੇ ਸੂਬਿਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਜਲਦੀ ਹੀ ਇਸ ਪ੍ਰਕਿਰਿਆ ਨੂੰ ਅਮਲੀ ਜਾਮਾ ਪਹਿਨਿਆ ਜਾ ਸਕਦਾ ਹੈ।

## ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਬਣਾਈਆਂ ਕੰਪਨੀਆਂ, ਸਰਕਾਰ ਨੂੰ ਲਾਇਆ 17.84 ਕਰੋੜ ਦਾ ਰਗੜਾ

**ਕਿਸ਼ਨ ਪਾਲ**

ਲੁਧਿਆਣਾ 4 ਫਰਵਰੀ। ਥਾਣਾ ਡਵੀਜ਼ਨ ਨੰ. 6 ਦੀ ਪੁਲਸ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਕੰਪਨੀਆਂ ਬਣਾ ਕੇ ਅਤੇ ਜਾਅਲੀ ਬਿਲਿੰਗ ਬਣਾ ਕੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਉਣ ਵਾਲੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਫਰਮ ਦੇ ਪ੍ਰਬੰਧਕਾਂ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਜੀ. ਐੱਸ. ਟੀ. ਵਿਭਾਗ ਨੂੰ 17 ਕਰੋੜ 84 ਲੱਖ 10 ਹਜ਼ਾਰ 778 ਰੁਪਏ ਦਾ ਚੂਨਾ ਲਗਾਇਆ ਹੈ। ਜੀ. ਐੱਸ. ਟੀ. ਵਿਭਾਗ ਦੇ ਇਕ ਅਧਿਕਾਰੀ ਦੀ ਸ਼ਿਕਾਇਤ 'ਤੇ ਪੁਲਸ ਨੇ ਆਤਿਸ਼ ਕੁਮਾਰ ਆਰੀਅਨ ਇੰਪੈਕਸ ਵਿਰੁੱਧ ਅਧਿਕਾਰੀਆਂ ਨੂੰ ਗੁੰਮਰਾਹ ਕਰਨ, ਜਾਅਲੀ ਦਸਤਾਵੇਜ਼ ਤਿਆਰ ਕਰਨ ਅਤੇ ਇਲੈਕਟ੍ਰਾਨਿਕ ਰਿਕਾਰਡ ਨਾਲ ਛੇੜਛਾੜ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜੀ. ਐੱਸ. ਟੀ. ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਵਿਭਾਗ ਵਲੋਂ ਫਰਮਾਂ ਦੇ ਰਿਕਾਰਡ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਕਤ ਫਰਮਾਂ




ਵਿਕਰੀ ਅਤੇ ਖਰੀਦ 'ਚ ਹੇਰਾ-ਫੇਰੀ ਕਰ ਰਹੀਆਂ ਹਨ। ਜਦੋਂ ਹੋਰ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਇਹ ਫਰਮ ਕੁਝ ਹੋਰ ਫਰਮਾਂ ਨਾਲ ਮਿਲ ਕੇ ਧੋਖਾਦੇਹੀ ਨਾਲ ਕੰਮ ਕਰ ਰਹੀ ਸੀ। ਫਰਮ ਵੱਲੋਂ ਨਾ ਤਾਂ ਕੋਈ ਵਸਤੂ ਤਿਆਰ ਕੀਤੀ ਜਾ ਰਹੀ ਹੈ ਅਤੇ ਨਾ ਹੀ ਅਸਲ 'ਚ ਕਿਸੇ ਤੋਂ ਕੋਈ ਵਸਤੂ ਖਰੀਦੀ ਜਾ ਰਹੀ ਹੈ। ਅੱਗੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਦਫਤਰ ਬਣਾ ਕੇ ਸਿਰਫ ਦਸਤਾਵੇਜ਼ਾਂ 'ਤੇ ਹੀ ਫਰਮਾਂ ਚਲਾਈਆਂ ਜਾ ਰਹੀਆਂ ਸਨ ਅਤੇ ਬੈਂਕ ਖਾਤਿਆਂ 'ਚ ਵੀ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਲੈਣ-ਦੇਣ ਕੀਤਾ ਜਾ ਰਿਹਾ ਸੀ। ਜਾਂਚ ਦੌਰਾਨ ਫਰਮ ਦੇ ਪ੍ਰਬੰਧਕਾਂ ਵਲੋਂ ਕੋਈ ਠੋਸ ਦਸਤਾਵੇਜ਼ ਪੇਸ਼ ਨਹੀਂ ਕੀਤੇ ਜਾ ਰਹੇ ਹਨ। ਵਿਭਾਗ ਵੱਲੋਂ ਫਰਮ ਦੇ ਪ੍ਰਬੰਧਕਾਂ ਨੂੰ ਕਈ ਨੋਟਿਸ ਵੀ ਭੇਜੇ ਗਏ ਸਨ। ਜਦੋਂ ਉਨ੍ਹਾਂ ਵਲੋਂ ਕਿਸੇ ਨੋਟਿਸ ਦਾ ਕੋਈ ਜਵਾਬ ਨਾ ਦਿੱਤਾ ਗਿਆ ਤਾਂ ਵਿਭਾਗ ਵੱਲੋਂ ਉਕਤ ਫਰਮ ਦੇ ਪ੍ਰਬੰਧਕਾਂ ਖਿਲਾਫ ਕਾਰਵਾਈ ਕੀਤੀ ਗਈ।

## ਪੰਜਾਬ ਦੇ ਇਨ੍ਹਾਂ ਵਿਦਿਆਰਥੀਆਂ ਲਈ ਖ਼ਾਸ ਖ਼ਬਰ, ਸਰਕਾਰ ਨੇ ਕਰ 'ਤਾ ਵੱਡਾ ਐਲਾਨ

ਚੰਡੀਗੜ੍ਹ 4 ਫਰਵਰੀ। ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐੱਸ. ਸੀ. ਸਟੂਡੈਂਟਸ ਸਕੀਮ ਸਾਲ 2024-25 ਦੇ 86583 ਵਿਦਿਆਰਥੀਆਂ ਲਈ ਚਾਲੂ ਵਿੱਤੀ ਸਾਲ ਦੇ ਬਜਟ ਉਪਬੰਧ ਵਿੱਚੋਂ 55.45 ਕਰੋੜ ਰੁਪਏ ਦੀ ਰਾਸ਼ੀ ਰਾਜ ਦੇ ਹਿੱਸੇ ਵਜੋਂ ਜਾਰੀ ਕੀਤੀ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨਾ ਸੂਬਾ ਸਰਕਾਰ ਦੀ ਮੁੱਖ ਤਰਜੀਹ ਹੈ।



ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਮੁੱਖ ਟੀਚਾ ਅਤਿ ਗ਼ਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਪੂਰੀ ਕਰਨ ਲਈ ਸਹਾਇਤਾ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ ਬਾਕੀ ਰਹਿੰਦੇ ਵਿਦਿਆਰਥੀਆਂ ਨੂੰ ਵੀ ਜਲਦ ਅਦਾਇਗੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿਥੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਹੀ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਵੀ ਲਗਾਤਾਰ ਕਾਰਜਸ਼ੀਲ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਰਾਸ਼ੀ ਦੇ ਰਲੀਜ਼ ਹੋਣ ਨਾਲ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕੇਗਾ। ਮੰਤਰੀ ਨੇ ਅੱਗੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖ਼ਾਤਿਆਂ ਵਿੱਚ ਕੀਤੀ ਜਾਂਦੀ ਹੈ।

## ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਪੈਨਲ ਲਈ ਨਾਮਜ਼ਦ

ਚੰਡੀਗੜ੍ਹ 4 ਫਰਵਰੀ। ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੂੰ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਪੈਨਲ ਲਈ ਨਾਮਜ਼ਦ ਕੀਤਾ ਗਿਆ ਹੈ। ਇਹ ਐਲਾਨ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਬਜਟ ਸੈਸ਼ਨ ਦੇ ਪਹਿਲੇ ਦਿਨ ਕੀਤਾ। ਇਸ ਵੱਕਾਰੀ ਪੈਨਲ ਦੇ ਮੈਂਬਰ ਵਜੋਂ ਡਾ. ਸਾਹਨੀ ਚੱਲ ਰਹੇ ਬਜਟ ਸੈਸ਼ਨ ਦੌਰਾਨ ਸਦਨ ਵਿਚ ਬਹਿਸਾਂ ਅਤੇ ਵਿਚਾਰ-ਵਟਾਂਦਰੇ ਦੀ ਪ੍ਰਧਾਨਗੀ ਕਰਨਗੇ ਅਤੇ ਸੰਚਾਲਨ ਕਰਨਗੇ। ਉਨ੍ਹਾਂ ਦੀ ਭੂਮਿਕਾ ਰਚਨਾਤਮਕ ਗੱਲਬਾਤ ਨੂੰ ਯਕੀਨੀ ਬਣਾਉਣ, ਸਜਾਵਟ ਬਣਾਈ ਰੱਖਣ ਅਤੇ ਸੰਸਦੀ ਕਾਰਵਾਈਆਂ ਦੀ ਕੁਸ਼ਲਤਾ ਵਧਾਉਣ ਵਿੱਚ ਮਹੱਤਵਪੂਰਨ ਹੋਵੇਗੀ। ਡਾ. ਸਾਹਨੀ ਨੇ ਕਿਹਾ ਕਿ ਮੈਨੂੰ ਇਹ ਭੂਮਿਕਾ ਸੌਂਪੇ ਜਾਣ 'ਤੇ ਬਹੁਤ ਮਾਣ ਹੈ। ਸੰਸਦ ਮੈਂਬਰ ਬਣਨ ਤੋਂ ਬਾਅਦ, ਮੈਂ ਸਦਨ ਦੇ ਸੁਚਾਰੂ ਕੰਮਕਾਜ ਅਤੇ ਵਧੀ ਹੋਈ ਉਤਪਾਦਕਤਾ ਦੀ ਲਗਾਤਾਰ ਵਕਾਲਤ ਕੀਤੀ ਹੈ। ਹੁਣ, ਉਪ-ਪ੍ਰਧਾਨਾਂ ਦੇ ਪੈਨਲ ਦੇ ਹਿੱਸੇ ਵਜੋਂ, ਮੈਂ ਇਸ ਮਹੱਤਵਪੂਰਨ ਸੈਸ਼ਨ ਵਿੱਚ ਵੱਧ ਤੋਂ ਵੱਧ ਕੁਸ਼ਲਤਾ ਅਤੇ ਅਰਥਪੂਰਨ ਵਿਚਾਰ-ਵਟਾਂਦਰੇ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ।

## ਸਵੇਰੇ ਤੜਕਸਾਰ ਸਰਹੱਦੀ ਖੇਤਰ ਅੰਦਰ ਕਾਸੋ ਅਪ੍ਰੇਸ਼ਨ ਤਹਿਤ ਚਲਾਈ ਗਈ ਤਲਾਸ਼ੀ ਮੁਹਿੰਮ

ਦੀਨਾਨਗਰ 4 ਫਰਵਰੀ। ਐੱਸ. ਐੱਸ. ਪੀ. ਗੁਰਦਾਸਪੁਰ ਹਰੀਸ਼ ਦਾਯਮਾ ਦੇ ਦਿਸ਼ਾ-ਨਿਰਦੇਸ਼ ਤਹਿਤ ਏਐੱਸ.ਪੀ ਦੀਨਾਨਗਰ (ਆਈ.ਪੀ.ਐੱਸ) ਦਿਲਪ੍ਰੀਤ ਸਿੰਘ ਦੀ ਅਗਵਾਈ ਹੇਠਾਂ ਵੱਡੀ ਗਿਣਤੀ ਵਿਚ ਪੁਲਸ ਫੋਰਸ ਨਾਲ ਸਰਹੱਦੀ ਖੇਤਰ ਦੇ ਵੱਖ-ਵੱਖ ਪਿੰਡਾਂ ਅੰਦਰ ਕਾਸੋ ਅਪ੍ਰੇਸ਼ਨ ਤਹਿਤ ਤਲਾਸ਼ੀ ਮੁਹਿੰਮ ਚਲਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਮੌਕੇ ਏਐੱਸ.ਪੀ ਦੀਨਾਨਗਰ (ਆਈ. ਪੀ. ਐੱਸ) ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਥਾਣਾ ਦੋਰਾਂਗਲਾ, ਬਹਿਰਾਮਪੁਰ ਅਤੇ ਦੀਨਾਨਗਰ ਦੇ ਵੱਖ-ਵੱਖ ਪਿੰਡਾਂ ਅੰਦਰ ਨਸ਼ਾ ਤਸਕਰਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਤਲਾਸ਼ੀ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾ ਤਹਿਤ ਪੁਲਸ ਵੱਲੋਂ ਸ਼ਰਾਰਤੀ ਅਨਸਰਾਂ ਨੂੰ ਫੜਨ ਅਤੇ ਨਸ਼ਿਆਂ ਦੀ ਸਪਲਾਈ ਦੀ ਚੇਨ ਤੋੜਨ ਲਈ ਵੱਖ-ਵੱਖ ਇਲਾਕਿਆਂ ਅੰਦਰ ਸਾਰੇ ਡਰੱਗ ਹਾਟ ਸਪਾਟ ਖੇਤਰ ਅੰਦਰ ਇਹ ਸਰਚ ਆਪ੍ਰੇਸ਼ਨ ਚਲਾਇਆ ਗਿਆ ਹੈ।

## ਪੂਰੇ ਬਜਟ 'ਚ 'ਪੰਜਾਬ' ਸ਼ਬਦ ਤੱਕ ਨਹੀਂ ਬੋਲਿਆ ਗਿਆ, ਹਰਪਾਲ ਚੀਮਾ ਨੇ ਕੇਂਦਰ 'ਤੇ ਕੱਢੀ ਭੜਾਸ

**ਏਜੰਸੀਆਂ**

ਚੰਡੀਗੜ੍ਹ 4 ਫਰਵਰੀ। ਕੇਂਦਰ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜਟ ਨੂੰ ਲੈ ਕੇ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵਲੋਂ ਅਹਿਮ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਦੌਰਾਨ ਹਰਪਾਲ ਚੀਮਾ ਨੇ ਕਿਹਾ ਕਿ ਬਜਟ 'ਚ ਪੰਜਾਬ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ ਗਿਆ ਹੈ। ਜਿਹੜੇ ਵਿਚਾਰ-ਵਟਾਂਦਰੇ ਪ੍ਰੀ-ਬਜਟ ਮੀਟਿੰਗ ਦੌਰਾਨ ਹੋਏ ਸਨ, ਇਨ੍ਹਾਂ 'ਚੋਂ ਇਕ ਵੀ ਮੰਗ 'ਤੇ ਕੋਈ ਜ਼ਿਕਰ ਤੱਕ ਅੱਜ ਬਜਟ 'ਚ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਇੰਨੀ ਜ਼ਿਆਦਾ ਨਫ਼ਰਤ ਪੰਜਾਬ ਨੂੰ ਕਰਦੀ ਹੈ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ। ਚੀਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਕਸਰ ਕਹਿੰਦੇ ਹਨ ਕਿ ਮੇਰਾ ਨਾਤਾ ਪੰਜਾਬ ਨਾਲ ਐਮਰਜੈਂਸੀ ਤੋਂ ਚੱਲਿਆ ਆ ਰਿਹਾ ਹੈ ਪਰ ਇਹ ਗੱਲਾਂ ਹੋ



ਨਿੱਬੜੀਆਂ ਹਨ। ਅੰਦਰੋਂ ਪ੍ਰਧਾਨ ਮੰਤਰੀ ਅਤੇ ਭਾਜਪਾ ਪੰਜਾਬ ਨੂੰ ਨਫ਼ਰਤ ਕਰਦੀ ਹੈ। ਚੀਮਾ ਨੇ ਕਿਹਾ ਕਿ ਅਸੀਂ ਭਾਰੀ ਪੁਲੰਦੇ ਲਿਖ ਕੇ ਬਹਿਸ ਕਰਕੇ ਆਏ ਸੀ ਪਰ ਕਦੇ ਵੀ ਸਾਡੀ ਇਕ ਵੀ ਮੰਗ ਕੇਂਦਰ ਸਰਕਾਰ ਨੇ ਨਹੀਂ ਮੰਨੀ, ਸਗੋਂ ਇਹ ਦੇਖਿਆ ਜਾਂਦਾ ਹੈ ਕਿ ਪੰਜਾਬ ਦੇ ਪੈਸੇ ਨੂੰ ਕਿਵੇਂ ਰੋਕਿਆ ਜਾਵੇ। ਚੀਮਾ ਨੇ ਕਿਹਾ ਕਿ ਪੰਜਾਬੀਆਂ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਅਤੇ ਅੱਜ ਵੀ ਦੇਸ਼ ਦੀ ਫ਼ੌਜ ਅੰਦਰ ਸਭ ਤੋਂ ਵੱਧ ਪੰਜਾਬੀ ਅੱਗੇ ਹੋ ਕੇ ਲੜਦੇ ਹਨ ਪਰ ਭਾਜਪਾ ਦੀ ਸਰਕਾਰ ਪੰਜਾਬ ਨੂੰ ਲਗਾਤਾਰ ਪਿੱਛੇ ਧਕੇਲ ਰਹੀ ਹੈ। ਹਰਪਾਲ ਚੀਮਾ ਨੇ ਕਿਹਾ ਕਿ ਨਾ ਸਾਨੂੰ ਸਰਹੱਦੀ ਇਲਾਕਿਆਂ ਲਈ ਕੁੱਝ ਮਿਲਿਆ ਅਤੇ ਨਾ ਹੀ ਇੰਡਸਟਰੀ ਲਈ ਕੁੱਝ ਮਿਲਿਆ। ਦੇਸ਼ ਦੇ ਵਿੱਤ ਮੰਤਰੀ ਵਲੋਂ ਪੂਰੇ ਬਜਟ 'ਚ ਪੰਜਾਬ ਦਾ ਸ਼ਬਦ ਤੱਕ ਨਹੀਂ ਬੋਲਿਆ ਗਿਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਪ੍ਰਤੀ ਕੇਂਦਰ ਸਰਕਾਰ ਦਾ ਕੀ ਰਵੱਈਆ ਹੈ। ਸਰਕਾਰ ਨੂੰ ਸਿਰਫ ਇਕੱਲਾ ਬਿਹਾਰ ਦਿਖਿਆ ਹੈ, ਉਨ੍ਹਾਂ ਨੂੰ ਆਂਧਰਾ ਪ੍ਰਦੇਸ਼ ਦਿਖਿਆ। ਮੈਂ ਭਾਜਪਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਨਰਿੰਦਰ ਮੋਦੀ ਸਾਡੇ ਪ੍ਰਧਾਨ ਮੰਤਰੀ ਹਨ ਅਤੇ ਉਨ੍ਹਾਂ ਨੇ ਇੰਨਾ ਵੱਡਾ ਭੇਦਭਾਵ ਪੰਜਾਬ ਨਾਲ ਕੀਤਾ ਹੈ ਅਤੇ ਅਜਿਹਾ ਕਿਉਂ ਕੀਤਾ ਗਿਆ।

## ਚਾਕੂ ਦਿਖਾ ਕੇ ਰਿਕਸ਼ਾ ਚਾਲਕ ਤੋਂ ਨਕਦੀ ਲੁੱਟ ਕੇ 2 ਨੌਜਵਾਨ ਫ਼ਰਾਰ

ਚੰਡੀਗੜ੍ਹ 4 ਫਰਵਰੀ। ਰਿਕਸ਼ਾ ਚਾਲਕ ਨੂੰ ਚਾਕੂ ਦਿਖਾ ਕੇ ਮੌਲੀਜਾਗਰਾਂ 'ਚ ਦਰਗਾਹ ਕੋਲ ਨਕਦੀ ਤੇ ਪਰਸ ਲੁੱਟ ਕੇ 2 ਨੌਜਵਾਨ ਫ਼ਰਾਰ ਹੋ ਗਏ। ਰਿਕਸ਼ਾ ਚਾਲਕ ਮਨੀਸ਼ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਮੌਲੀਜਾਗਰਾਂ ਪੁਲਸ ਨੇ ਜਾਂਚ ਤੋਂ ਬਾਅਦ ਮਨੀਸ਼ ਦੀ ਸ਼ਿਕਾਇਤ 'ਤੇ ਅਣਪਛਾਤੇ ਖ਼ਿਲਾਫ਼ ਪਰਚਾ ਦਰਜ ਕੀਤਾ ਹੈ। ਪੁਲਸ ਲੁਟੇਰਿਆਂ ਦੀ ਪਛਾਣ ਲਈ ਫੁਟੇਜ ਚੈੱਕ ਕਰ ਰਹੀ ਹੈ। ਮੌਲੀਜਾਗਰਾਂ ਵਾਸੀ ਈ-ਰਿਕਸ਼ਾ ਚਾਲਕ ਮਨੀਸ਼ ਈ-ਰਿਕਸ਼ਾ 'ਤੇ ਜਾ ਰਿਹਾ ਸੀ। ਜਦੋਂ ਉਹ ਹਿਮਾਚਲੀ ਢਾਬੇ ਕੋਲ ਪਹੁੰਚਿਆ ਤਾਂ 2 ਨੌਜਵਾਨਾਂ ਨੇ ਉਸ ਨੂੰ ਰੋਕਿਆ ਤੇ ਹਾਊਸਿੰਗ ਬੋਰਡ ਤੱਕ ਛੱਡਣ ਬਾਰੇ ਕਿਹਾ। ਚਾਲਕ ਨੇ ਦੋਹਾਂ ਨੂੰ ਸਵਾਰੀ ਦੇ ਰੂਪ 'ਚ ਬਿਠਾ ਲਿਆ। ਕੁੱਝ ਦੂਰੀ ਤੈਅ ਕਰਨ ਤੋਂ ਬਾਅਦ ਜਦੋਂ ਈ-ਰਿਕਸ਼ਾ ਢਾਬੇ ਨੇੜੇ ਪਹੁੰਚਿਆ ਤਾਂ ਨੌਜਵਾਨਾਂ ਨੇ ਚਾਲਕ ਨੂੰ ਈ-ਰਿਕਸ਼ਾ ਰੋਕਣ ਲਈ ਕਿਹਾ। ਜਿਵੇਂ ਹੀ ਚਾਲਕ ਨੇ ਰਿਕਸ਼ਾ ਸਾਈਡ 'ਚ ਲਾਇਆ ਤਾਂ ਨੌਜਵਾਨ ਨੇ ਉਸ ਦੀ ਧੌਣ 'ਤੇ ਚਾਕੂ ਰੱਖ ਕੇ ਧਮਕਾਉਂਦਿਆਂ ਨਕਦੀ, ਈ-ਰਿਕਸ਼ਾ ਤੋਂ ਆਰ. ਸੀ., ਆਧਾਰ ਕਾਰਡ ਅਤੇ ਹੋਰ ਮਹੱਤਵਪੂਰਨ ਦਸਤਾਵੇਜ਼ ਕੱਢ ਲਏ। ਲੁੱਟ ਤੋਂ ਬਾਅਦ ਦੋਵੇਂ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ। ਮੌਲੀਜਾਗਰਾਂ ਥਾਣਾ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ।

## ਰੇਲਵੇ ਦਾ ਸਫਰ ਹੋਵੇਗਾ ਆਸਾਨ, ਸਰਕਾਰ ਵੱਲੋਂ 200 ਵੰਦੇ ਭਾਰਤ ਟਰੇਨਾਂ ਬਣਾਉਣ ਦਾ ਐਲਾਨ

**ਏਜੰਸੀਆਂ**

ਨਵੀਂ ਦਿੱਲੀ 4 ਫਰਵਰੀ। ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਸ਼ਨੀਵਾਰ ਨੂੰ ਕਿਹਾ ਕਿ ਅਗਲੇ ਵਿੱਤੀ ਸਾਲ ਦੇ ਬਜਟ 'ਚ ਰੇਲਵੇ ਲਈ 2.52 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਰੇਲਵੇ ਲਈ 17,500 ਆਮ ਕੋਚਾਂ, 200 ਵੰਦੇ ਭਾਰਤ ਅਤੇ 100 ਅੰਮ੍ਰਿਤ ਭਾਰਤ ਟਰੇਨਾਂ ਦੇ ਨਿਰਮਾਣ ਵਰਗੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਵਿੱਤੀ ਸਾਲ 2025-26 ਲਈ ਆਮ ਬਜਟ ਪੇਸ਼ ਕਰਨ ਤੋਂ ਬਾਅਦ ਰੇਲ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵੈਸ਼ਨਵ ਨੇ ਰੇਲਵੇ ਲਈ ਅਲਾਟ ਕੀਤੇ ਗਏ ਪ੍ਰੋਜੈਕਟਾਂ ਅਤੇ ਆਉਣ ਵਾਲੇ ਖਰਚਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਜਟ ਵਿੱਚ 4.6 ਲੱਖ ਕਰੋੜ ਰੁਪਏ ਦੇ ਨਵੇਂ ਪ੍ਰਾਜੈਕਟ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਨੂੰ ਚਾਰ ਤੋਂ ਪੰਜ ਸਾਲਾਂ ਵਿੱਚ ਪੂਰਾ ਕੀਤਾ ਜਾਵੇਗਾ। ਇਹ ਪ੍ਰੋਜੈਕਟ ਨਵੀਆਂ ਰੇਲਵੇ ਲਾਈਨਾਂ ਵਿਛਾਉਣ, ਮੌਜੂਦਾ ਰੇਲਵੇ ਲਾਈਨਾਂ ਨੂੰ ਦੁੱਗਣਾ ਕਰਨ, ਨਵੀਂ ਉਸਾਰੀ, ਸਟੇਸ਼ਨਾਂ ਅਤੇ ਫਲਾਈਓਵਰਾਂ ਅਤੇ ਅੰਡਰਪਾਸ ਦੇ ਪੁਨਰ ਵਿਕਾਸ ਵਰਗੇ ਕੰਮਾਂ ਨਾਲ ਸਬੰਧਤ ਹਨ। ਰੇਲ ਮੰਤਰੀ ਨੇ ਕਿਹਾ ਕਿ ਰੇਲ ਯਾਤਰਾ ਦੀ ਵਧਦੀ ਮੰਗ ਦੇ ਮੱਦੇਨਜ਼ਰ ਅਗਲੇ ਦੋ-ਤਿੰਨ ਸਾਲਾਂ ਵਿੱਚ 100 ਅੰਮ੍ਰਿਤ ਭਾਰਤ, 50 ਨਮੋ ਭਾਰਤ ਅਤੇ 200 ਵੰਦੇ ਭਾਰਤ ਰੇਲ ਗੱਡੀਆਂ ਬਣਾਈਆਂ ਜਾਣਗੀਆਂ। ਰੇਲ ਮੰਤਰੀ ਨੇ ਕਿਹਾ ਕਿ ਨਵੀਂ ਅੰਮ੍ਰਿਤ ਭਾਰਤ ਰੇਲ ਗੱਡੀਆਂ ਨਾਲ ਅਸੀਂ ਕਈ ਹੋਰ ਸ਼ਹਿਰਾਂ ਨੂੰ ਛੋਟੀ ਦੂਰੀ ਨਾਲ ਜੋੜਨ ਦਾ ਕੰਮ ਵੀ ਕਰਾਂਗੇ। ਟਰੇਨਾਂ ਦੇ ਅੰਦਰ ਜਨਰਲ ਕੋਚ ਕੋਚਾਂ ਦੀ ਘਾਟ ਬਾਰੇ ਪੁੱਛੇ ਜਾਣ 'ਤੇ ਵੈਸ਼ਨਵ ਨੇ ਕਿਹਾ ਕਿ ਆਉਣ ਵਾਲੇ ਸਾਲਾਂ 'ਚ ਅਜਿਹੇ



17,500 ਕੋਚ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਵੈਸ਼ਨਵ ਨੇ ਕਿਹਾ, ÷ਆਮ ਕੋਚਾਂ ਦਾ ਨਿਰਮਾਣ ਪਹਿਲਾਂ ਹੀ ਚੱਲ ਰਿਹਾ ਹੈ ਅਤੇ 31 ਮਾਰਚ ਦੇ ਅੰਤ ਤੱਕ ਅਜਿਹੇ 1,400 ਕੋਚ ਤਿਆਰ ਹੋ ਜਾਣਗੇ। ਅਗਲੇ ਵਿੱਤੀ ਸਾਲ ਵਿੱਚ ਸਾਡਾ ਟੀਚਾ 2,000 ਆਮ ਕੋਚ ਬਣਾਉਣ ਦਾ ਹੈ। ਇਸ ਦੇ ਨਾਲ ਹੀ 1,000 ਨਵੇਂ ਫਲਾਈਓਵਰਾਂ ਦਾ ਨਿਰਮਾਣ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰੇਲਵੇ 31 ਮਾਰਚ, 2025 ਤੱਕ ਮਾਲ ਢੁਆਈ ਦੀ ਸਮਰੱਥਾ ਨਾਲ ਸਬੰਧਤ ਵੱਡੀ ਪ੍ਰਾਪਤੀ ਹਾਸਲ ਕਰਨ ਜਾ ਰਿਹਾ ਹੈ। ਉਨ੍ਹਾਂ ਕਿਹਾ, ÷ਅਸੀਂ 31 ਮਾਰਚ ਤੱਕ 1.6 ਅਰਬ ਟਨ ਮਾਲ ਢੋਣ ਦਾ ਟੀਚਾ ਹਾਸਲ ਕਰ ਲਵਾਂਗੇ ਅਤੇ ਭਾਰਤੀ ਰੇਲਵੇ ਚੀਨ ਤੋਂ ਬਾਅਦ ਮਾਲ ਢੋਆ-ਢੁਆਈ ਦੇ ਮਾਮਲੇ ਵਿੱਚ ਦੁਨੀਆ ਵਿੱਚ ਦੂਜੇ ਸਥਾਨ 'ਤੇ ਪਹੁੰਚ ਜਾਵੇਗਾ।÷ ਉਨ੍ਹਾਂ ਕਿਹਾ ਕਿ ਭਾਰਤੀ ਰੇਲਵੇ ਚਾਲੂ ਵਿੱਤੀ ਸਾਲ ਦੇ ਅੰਤ ਤੱਕ 100 ਫੀਸਦੀ ਬਿਜਲੀਕਰਨ ਦਾ ਟੀਚਾ ਹਾਸਲ ਕਰਨ ਜਾ ਰਿਹਾ ਹੈ। ਰੇਲਵੇ ਸੰਚਾਲਨ ਦੀ ਸੁਰੱਖਿਆ 'ਤੇ ਜ਼ੋਰ ਦਿੰਦੇ ਹੋਏ ਵੈਸ਼ਨਵ ਨੇ ਕਿਹਾ ਕਿ ਸਰਕਾਰ ਨੇ ਇਸ ਲਈ ਅਲਾਟਮੈਂਟ 1.08 ਲੱਖ ਕਰੋੜ ਰੁਪਏ ਤੋਂ ਵਧਾ ਕੇ 1.14 ਲੱਖ ਕਰੋੜ ਰੁਪਏ ਕਰ ਦਿੱਤਾ ਹੈ ਅਤੇ ਅਗਲੇ ਵਿੱਤੀ ਸਾਲ 'ਚ ਇਸ ਨੂੰ ਵਧਾ ਕੇ 1.16 ਲੱਖ ਕਰੋੜ ਰੁਪਏ ਕਰ ਦਿੱਤਾ ਜਾਵੇਗਾ।

